@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 16 October 2026
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ੁੱਕਰਵਾਰ 16 ਅਕਤੂਬਰ 2026, 2 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 343, qpatrika@gmail.com ਫੋਨ : 9971359517 www.qaumipatrika.org

## ਪੰਜਾਬ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਂਦਰੀ ਬਿਜਲੀ ਮੰਤਰੀ ਨਾਲ ਮੁਲਾਕਾਤ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ ; 15 ਅਕਤੂਬਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ ਪੰਜਾਬ ਵਿੱਚ ਬਿਜਲੀ ਦੀ ਕੋਈ ਕਿੱਲਤ ਨਹੀਂ ਆਉਣ ਦਿੱਤੀ ਜਾਵੇਗੀ, ਕਿਉਂਕਿ ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਨਾਲ ਹੋਈ ਮੀਟਿੰਗ ਮਗਰੋਂ ਕੇਂਦਰ ਨੇ ਸੂਬੇ ਨੂੰ ਬਿਜਲੀ ਅਤੇ ਕੋਲੇ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਾਲ ਕੇਂਦਰੀ ਪੂਲ ਵਿੱਚ 180 ਲੱਖ ਮੀਟ੍ਰਿਕ ਟਨ (ਐੱਲ.ਐੱਮ.ਟੀ.) ਚੌਲਾਂ ਦਾ ਯੋਗਦਾਨ ਪਾਏਗਾ।ਉਨ੍ਹਾਂ ਕਿਹਾ ਕਿ ਦੇਸ਼ ਦੇ ਅੰਨ ਭੰਡਾਰਾਂ ਵਿੱਚ ਸੂਬੇ ਦੇ ਇਸ ਯੋਗਦਾਨ ਨੂੰ ਨਿਰੰਤਰ ਜਾਰੀ ਰੱਖਣ ਲਈ ਭਰੋਸੇਯੋਗ ਬਿਜਲੀ ਸਪਲਾਈ ਲਾਜ਼ਮੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਾਹਪੁਰ ਕੰਢੀ ਡੈਮ ਸਬੰਧੀ ਐੱਨਜੀਟੀ (ਨੈਸ਼ਨਲ ਗ੍ਰੀਨ ਟ੍ਰਿਬਿਊਨਲ) ਵੱਲੋਂ ਵਾਰ-ਵਾਰ ਜਾਰੀ ਕੀਤੇ ਜਾ ਰਹੇ ਨੋਟਿਸਾਂ 'ਤੇ ਵੀ ਚਿੰਤਾ ਜ਼ਾਹਰ ਕੀਤੀ ਅਤੇ ਦੱਸਿਆ ਕਿ ਕੋਲੇ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਕੋਲ ਇੰਡੀਆ ਅਤੇ ਝਾਰਖੰਡ ਸਰਕਾਰ ਨਾਲ ਲਗਾਤਾਰ ਰਾਬਤਾ ਰੱਖ ਰਹੀ ਹੈ। ਇਸ ਮੀਟਿੰਗ ਦੇ ਕੁਝ ਅਹਿਮ ਪਲ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ: "ਅੱਜ ਮੈਂ ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਜੀ ਨਾਲ ਇੱਕ ਅਹਿਮ ਮੀਟਿੰਗ ਕੀਤੀ, ਜਿਸ ਦੌਰਾਨ ਪੰਜਾਬ ਨੂੰ ਬਿਜਲੀ ਤੇ ਕੋਲੇ ਦੀ ਨਿਰਵਿਘਨ ਸਪਲਾਈ ਨਾਲ ਸਬੰਧਤ ਮੁੱਦਿਆਂ 'ਤੇ ਸਾਰਥਕ ਚਰਚਾ ਹੋਈ। ਅਸੀਂ ਕੇਂਦਰ ਨੂੰ ਜਾਣੂ ਕਰਵਾਇਆ ਕਿ ਪੰਜਾਬ, ਦੇਸ਼ ਦੇ ਅੰਨ ਭੰਡਾਰ ਵਿੱਚ 180 ਲੱਖ ਮੀਟ੍ਰਿਕ ਟਨ ਚੌਲ ਦਾ ਯੋਗਦਾਨ ਪਾਉਂਦਾ ਹੈ ਅਤੇ ਇਸ ਯੋਗਦਾਨ ਨੂੰ ਕਾਇਮ ਰੱਖਣ ਲਈ ਨਿਰਵਿਘਨ ਬਿਜਲੀ ਸਪਲਾਈ ਬੇਹੱਦ ਜ਼ਰੂਰੀ ਹੈ। ਮੈਨੂੰ ਖੁਸ਼ੀ ਹੈ ਕਿ ਕੇਂਦਰੀ ਮੰਤਰੀ ਨੇ ਸਾਡੀਆਂ ਲਗਭਗ ਸਾਰੀਆਂ ਮੰਗਾਂ ਪ੍ਰਵਾਨ ਕਰ ਲਈਆਂ ਹਨ ਅਤੇ



ਬਿਜਲੀ ਤੇ ਕੋਲੇ ਦੀ ਨਿਰਵਿਘਨ ਸਪਲਾਈ ਦਾ ਭਰੋਸਾ ਦਿੱਤਾ ਹੈ। ਅਸੀਂ ਵੀ ਆਪਣੀ ਵਚਨਬੱਧਤਾ ਦੁਹਰਾਈ ਹੈ ਕਿ ਪੰਜਾਬ, ਦੇਸ਼ ਦੇ ਅੰਨ ਭੰਡਾਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਣਾ ਜਾਰੀ ਰੱਖੇਗਾ। ਇਨਕਲਾਬ ਜ਼ਿੰਦਾਬਾਦ। ਮੀਟਿੰਗ ਉਪਰੰਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੀਟਿੰਗ ਦੌਰਾਨ ਪੀਐੱਸਪੀਸੀਐੱਲ (ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ) ਨਾਲ ਸਬੰਧਤ ਕਈ ਮੁੱਦਿਆਂ, ਖਾਸ ਕਰਕੇ ਕੋਲੇ ਦੀ ਸਪਲਾਈ ਅਤੇ ਬਿਜਲੀ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਪੰਜਾਬ ਨੂੰ ਕੋਲੇ ਜਾਂ ਬਿਜਲੀ ਦੀ ਕੋਈ ਕਿੱਲਤ ਨਾ ਆਵੇ ਅਤੇ ਬਿਜਲੀ ਉਤਪਾਦਨ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹੇ। ਪੰਜਾਬ ਕੇਂਦਰੀ ਪੂਲ ਵਿੱਚ 180 ਲੱਖ ਮੀਟ੍ਰਿਕ ਟਨ ਚੌਲ ਸਪਲਾਈ ਕਰਦਾ ਹੈ ਅਤੇ ਇੰਨੀ ਵੱਡੀ ਮਾਤਰਾ ਵਿੱਚ ਅਨਾਜ ਪੈਦਾ ਕਰਨ ਲਈ ਨਿਰਵਿਘਨ ਬਿਜਲੀ ਅਤਿ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਹਾ, "ਅਸੀਂ ਪਛਵਾੜਾ ਕੋਲਾ ਖਾਣਾਂ ਤੋਂ ਕੋਲੇ ਦੀ ਸਪਲਾਈ ਨੂੰ ਲੈ ਕੇ ਕੋਲ ਇੰਡੀਆ ਅਤੇ ਝਾਰਖੰਡ ਸਰਕਾਰ ਨਾਲ ਲਗਾਤਾਰ ਰਾਬਤਾ ਬਣਾ ਕੇ ਚੱਲ ਰਹੇ ਹਾਂ। ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਕੋਲੇ ਦੀ ਸਪਲਾਈ ਵਿੱਚ ਕੋਈ ਅੜਚਣ ਨਾ ਆਵੇ ਤਾਂ ਜੋ ਪੰਜਾਬ ਬਿਨਾਂ ਕਿਸੇ ਰੁਕਾਵਟ ਦੇ ਬਿਜਲੀ ਉਤਪਾਦਨ ਜਾਰੀ ਰੱਖ ਸਕੇ। ਮੈਨੂੰ ਤਸੱਲੀ ਹੈ ਕਿ ਕੇਂਦਰੀ ਬਿਜਲੀ ਮੰਤਰੀ ਨੇ ਸਾਨੂੰ ਬਿਜਲੀ ਅਤੇ ਕੋਲੇ ਦੀ ਢੁਕਵੀਂ ਤੇ ਨਿਰੰਤਰ ਸਪਲਾਈ ਦਾ ਭਰੋਸਾ ਦਿਵਾਇਆ ਹੈ। ਅਸੀਂ ਵੀ ਕੇਂਦਰ ਨੂੰ ਭਰੋਸਾ ਦਿੱਤਾ ਹੈ ਕਿ ਦੇਸ਼ ਦੀਆਂ ਅਨਾਜ ਸਬੰਧੀ ਲੋੜਾਂ ਦੀ ਪੂਰਤੀ ਲਈ ਪੰਜਾਬ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਮੈਂ ਕੌਮੀ ਪੱਧਰ 'ਤੇ ਲਾਗੂ ਕੀਤੀਆਂ ਜਾ ਰਹੀਆਂ ਕੇਂਦਰ ਸਰਕਾਰ ਦੀਆਂ ਸਕੀਮਾਂ ਸਬੰਧੀ ਵੱਖ-ਵੱਖ ਮੁੱਦੇ ਵੀ ਉਠਾਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੈਂ ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਨੂੰ ਪੰਜਾਬ ਵਿੱਚ ਰਣਜੀਤ ਸਾਗਰ ਅਤੇ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟਾਂ ਦਾ ਦੌਰਾ ਕਰਨ ਦਾ ਸੱਦਾ ਦਿੱਤਾ ਹੈ। ਇੱਕ ਵਾਰ ਡੈਮ ਬਣ ਜਾਣ ਤੋਂ ਬਾਅਦ ਸੂਬੇ ਨੂੰ ਵਾਤਾਵਰਣ ਸਬੰਧੀ ਅਥਾਰਟੀਆਂ ਜਾਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਤੋਂ ਵਾਰ-ਵਾਰ ਨੋਟਿਸਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਸਾਨੂੰ ਚੱਲ ਰਹੇ ਪ੍ਰੋਜੈਕਟ ਸਬੰਧੀ ਲਗਭਗ ਹਰ ਸਾਲ ਇੱਕ ਜਾਂ ਦੋ ਨੋਟਿਸ ਮਿਲਦੇ ਰਹਿੰਦੇ ਹਨ ਜਿਸ ਨਾਲ ਬੇਲੋੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਕਰਦਾ ਹੈ। ਮੁੱਖ ਮੰਤਰੀ ਨੇ ਕਿਹਾ, ਦੇਸ਼ ਦੇ ਪਣ-ਬਿਜਲੀ ਉਤਪਾਦਨ ਵਿੱਚ ਪੰਜਾਬ ਦਾ ਯੋਗਦਾਨ ਲਗਭਗ 40 ਫ਼ੀਸਦ ਹੈ। ਅਸੀਂ ਕੇਂਦਰੀ ਬਿਜਲੀ ਮੰਤਰੀ ਨਾਲ ਇਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਹੈ ਕਿਉਂਕਿ ਸਾਡੇ ਪਣ-ਬਿਜਲੀ ਪ੍ਰੋਜੈਕਟਾਂ ਦਾ ਸੁਚਾਰੂ ਢੰਗ ਨਾਲ ਚੱਲਣਾ ਅਤੇ ਮੁਕੰਮਲ ਹੋਣਾ ਸੂਬੇ ਦੇ ਨਾਲ-ਨਾਲ ਦੇਸ਼ ਲਈ ਵੀ ਬੇਹੱਦ ਮਹੱਤਵਪੂਰਨ ਹੈ। ਬਰਗਾੜੀ ਅਤੇ ਬਹਿਬਲ ਕਲਾਂ ਦੀਆਂ ਘਟਨਾਵਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਜਦੋਂ ਇਹ ਘਟਨਾਵਾਂ ਵਾਪਰੀਆਂ ਸਨ

## ਮਹਾਰਾਜਾ ਰਣਜੀਤ ਸਿੰਘ ਇੰਸਟੀਚਿਊਟ ਦੇ 57 ਕੈਡਿਟਾਂ ਨੇ ਰਚਿਆ ਇਤਿਹਾਸ, ਪਾਸ ਕੀਤੀ ਐੱਨਡੀਏ 99 ਲਿਖਤੀ ਪ੍ਰੀਖਿਆ

ਕੌਮੀ ਪਤ੍ਰਿਕਾ

ਮੁਹਾਲੀ 15 ਅਕਤੂਬਰ। ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਸੈਕਟਰ-77 (ਮੁਹਾਲੀ) ਦੇ ਕੈਡਿਟਾਂ ਵੱਲੋਂ ਐੱਨਡੀਏ (99) ਲਿਖਤੀ ਪ੍ਰੀਖਿਆ 'ਚ 87.7 ਫ਼ੀਸਦ ਰਿਕਾਰਡਤੋੜ ਸਫ਼ਲਤਾ ਦਰਜ ਕਰਕੇ ਇਤਿਹਾਸ ਰਚਿਆ ਗਿਆ ਹੈ। ਇਸ ਸੰਸਥਾ ਦੇ 65 ਕੈਡਿਟਾਂ ਵਿੱਚੋਂ 57 ਕੈਡਿਟ ਐੱਨਡੀਏ 99 ਲਿਖਤੀ ਪ੍ਰੀਖਿਆ ਪਾਸ ਕਰਕੇ ਜੂਨ 2027 ਵਿੱਚ ਸ਼ੁਰੂ ਹੋਣ ਵਾਲੇ ਵੱਕਾਰੀ ਐੱਨਡੀਏ-158 ਕੋਰਸ ਲਈ ਕੁਆਲੀਫਾਈ ਕਰ ਗਏ ਹਨ। ਰੈਗੂਲਰ ਕੈਡਿਟਾਂ ਤੋਂ ਇਲਾਵਾ, ਸੰਸਥਾ ਵਿੱਚ ਦੋ ਮਹੀਨੇ ਦੇ ਕਰੈਸ਼ ਕੋਰਸ ਵਿੱਚ ਸ਼ਾਮਲ ਹੋਣ ਵਾਲੇ 30 ਵਿੱਚੋਂ 7 ਉਮੀਦਵਾਰਾਂ ਨੇ ਵੀ ਇਸ ਵੱਕਾਰੀ ਪ੍ਰੀਖਿਆ ਨੂੰ ਪਾਸ ਕੀਤੀ ਹੈ। ਸਫ਼ਲ ਕੈਡਿਟ ਹੁਣ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਦਾਖ਼ਲੇ ਲਈ ਬੇਹੱਦ ਅਹਿਮ ਪੜਾਅ ਸਰਵਿਸਿਜ਼ ਸਿਲੈਕਸ਼ਨ ਬੋਰਡ ਇੰਟਰਵਿਊ ਵਿੱਚ ਹਿੱਸਾ ਲੈਣਗੇ। ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਕਿਹਾ, "ਇਹ ਨੌਜਵਾਨ ਪੰਜਾਬ ਦਾ ਮਾਣ ਹਨ। ਉਨ੍ਹਾਂ ਦੀ ਲਗਨ ਅਤੇ ਸਖ਼ਤ ਮਿਹਨਤ ਨੇ ਸੂਬੇ ਦਾ ਨਾਂ ਰੌਸ਼ਨ ਕੀਤਾ ਹੈ। ਮੈਂ ਉਨ੍ਹਾਂ ਨੂੰ ਆਗਾਮੀ ਐੱਸ.ਐੱਸ.ਬੀ. ਇੰਟਰਵਿਊ ਅਤੇ ਅੱਗੇ ਦੀ ਸਖ਼ਤ ਸਿਖਲਾਈ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਨਤੀਜਾ ਭਾਰਤੀ ਹਥਿਆਰਬੰਦ ਸੈਨਾਵਾਂ ਲਈ ਦੇਸ਼ ਦੇ ਮੋਹਰੀ ਫੀਡਰ ਸੰਸਥਾਨ ਵਜੋਂ ਐਮ.ਆਰ.ਐਸ.ਏ.ਐਫ.ਪੀ.ਆਈ. ਦੀ ਸ਼ਾਖ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਉਸ ਦ੍ਰਿੜ੍ਹ ਵਚਨਬੱਧਤਾ ਦਾ ਪ੍ਰਤੀਕ ਹੈ, ਜਿਸ ਤਹਿਤ ਸੂਬੇ ਦੀ ਨੌਜਵਾਨ ਸ਼ਕਤੀ ਨੂੰ ਰੱਖਿਆ ਸੇਵਾਵਾਂ ਵੱਲ ਪ੍ਰੇਰਿਤ ਕਰਨ ਦੇ ਨਾਲ-ਨਾਲ ਦੇਸ਼ ਦੀ ਸੇਵਾ ਕਰਨ ਦੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਿਸ਼ਵ ਪੱਧਰੀ ਸਿਖਲਾਈ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐੱਚ ਚੌਹਾਨ, ਵੀਐੱਸਐੱਮ (ਸੇਵਾਮੁਕਤ) ਨੇ ਕੈਡਿਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਗਾਮੀ ਐੱਸਐੱਸਬੀ ਇੰਟਰਵਿਊ ਲਈ ਵੀ ਅਜਿਹਾ ਹੀ ਉਤਸ਼ਾਹ ਅਤੇ ਅਨੁਸ਼ਾਸਨ ਬਣਾਈ ਰੱਖਣ ਲਈ ਪ੍ਰੇਰਿਆ। ਉਨ੍ਹਾਂ ਸਮਰਪਿਤ ਫੈਕਲਟੀ ਅਤੇ ਸਟਾਫ਼ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਦੇ ਅਣਥੱਕ ਯਤਨਾਂ ਅਤੇ ਨਿੱਠ ਕੇ ਕੀਤੀ ਮਿਹਨਤ ਸਦਕਾ ਇਹ ਅਹਿਮ ਸਫ਼ਲਤਾ ਯਕੀਨੀ ਬਣਾਈ ਜਾ ਸਕੀ ਹੈ। ਸੰਸਥਾ ਦੇ ਸ਼ਾਨਦਾਰ ਰਿਕਾਰਡ ਨੂੰ ਉਜਾਗਰ ਕਰਦਿਆਂ ਡਾਇਰੈਕਟਰ ਨੇ ਦੱਸਿਆ ਕਿ ਸੰਸਥਾ ਦੇ 15 ਕੈਡਿਟ ਦਸੰਬਰ 2026 ਵਿੱਚ ਸ਼ੁਰੂ ਹੋਣ ਵਾਲੇ ਐੱਨਡੀਏ, ਟੀਈਐੱਸ ਅਤੇ ਨੇਵਲ ਅਕੈਡਮੀ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਕਾਲ ਲੈਟਰਾਂ ਦੀ ਉਡੀਕ ਕਰ ਰਹੇ ਹਨ।

## ਰੱਖਿਆ ਖੇਤਰ 'ਚ ਆਤਮਨਿਰਭਰਤਾ ਅਤੇ ਮਿੱਤਰ ਦੇਸ਼ਾਂ ਵਿਚਾਲੇ ਤਕਨੀਕੀ ਸਹਿਯੋਗ ਜ਼ਰੂਰੀ : ਰਾਜਨਾਥ ਸਿੰਘ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 15 ਅਕਤੂਬਰ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਧੁਨਿਕ ਯੁੱਧ 'ਚ ਤਕਨਾਲੋਜੀ, ਸਟੀਕ ਕਾਰਵਾਈ ਅਤੇ ਤੇਜ਼ੀ ਨਾਲ ਫੈਸਲੇ ਲੈਣ ਦੀ ਸਮਰੱਥਾ ਨੂੰ ਅਹਿਮ ਦੱਸਦੇ ਹੋਏ ਰੱਖਿਆ ਖੇਤਰ 'ਚ ਮਿੱਤਰ ਦੋਸਤਾਂ ਨਾਲ ਸਹਿਯੋਗ ਵਧਾਉਣ 'ਤੇ ਜ਼ੋਰ ਦਿੱਤਾ ਹੈ। ਰਾਜਨਾਥ ਸਿੰਘ ਨੇ ਸ਼ਨੀਵਾਰ ਨੂੰ ਜੋਧਪੁਰ ਹਵਾਈ ਫ਼ੌਜ ਸਟੇਸ਼ਨ 'ਤੇ ਤਰੰਗ ਸ਼ਕਤੀ-2026 ਅਭਿਆਸ ਦੇ ਭਾਗੀਦਾਰਾਂ ਨੂੰ ਸੰਬੋਧਨ ਕਰਦੇ ਹੋਏ ਇਹ ਗੱਲ ਕਹੀ। ਭਾਰਤੀ ਹਵਾਈ ਫ਼ੌਜ ਦੀ ਮੇਜ਼ਬਾਨੀ 'ਚ 26 ਸਤੰਬਰ ਤੋਂ 12 ਅਕਤੂਬਰ ਤੱਕ ਚੱਲਣ ਵਾਲੇ ਇਸ ਬਹੁ ਰਾਸ਼ਟਰੀ ਅਭਿਆਸ਼ 'ਚ ਆਸਟ?ਰੇਲੀਆ, ਬੰਗਲਾਦੇਸ਼, ਫਰਾਂਸ, ਜਰਮਨੀ, ਸ਼?ਰੀਲੰਕਾ, ਸੰਯੁਕਤ ਅਰਬ ਅਮੀਰਾਤ ਅਤੇ ਅਮਰੀਕਾ ਦੀਆਂ



ਹਵਾਈ ਫ਼ੌਜਾਂ ਸ਼ਾਮਲ ਹੋਈਆਂ। ਇਸ ਤੋਂ ਇਲਾਵਾ 32 ਦੇਸ਼ਾਂ ਨੇ ਨਿਰੀਖਕਾਂ ਵਜੋਂ ਹਿੱਸਾ ਲਿਆ। ਰਾਜਨਾਥ ਸਿੰਘ ਨੇ ਕਿਹਾ ਕਿ ਡਰੋਨ, ਆਰਟੀਫੀਸ਼ੀਅਲ ਇੰਟੈਲੀਜੈਂਸ, ਇਲੈਕਟ?ਰਾਨਿਕ ਯੁੱਧ ਅਤੇ ਲੰਬੀ ਦੂਰੀ ਦੇ ਸਟੀਕ ਹਥਿਆਰ ਆਧੁਨਿਕ ਯੁੱਧ ਦਾ ਰੂਪ ਬਦਲ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੂੰ ਆਪਣੇ ਹਥਿਆਰ ਅਤੇ ਜ਼ਰੂਰੀ ਰੱਖਿਆ ਤਕਨਾਲੋਜੀ ਖੁਦ ਵਿਕਸਿਤ ਕਰਨ 'ਚ ਸਮਰੱਥ ਹੋਣਾ ਚਾਹੀਦਾ। ਤੇਜਸ ਲੜਾਕੂ ਜਹਾਜ਼, ਪ੍ਰਚੰਡ ਹੈਲੀਕਾਪਟਰ ਅਤੇ ਆਕਾਸ਼ ਹਵਾਈ ਰੱਖਿਆ ਪ੍ਰਣਾਲੀ ਵਰਗੀਆਂ ਸਵਦੇਸ਼ੀ ਪ੍ਰਣਾਲੀਆਂ ਇਸ ਦਿਸ਼ਾ 'ਚ ਤਰੱਕੀ ਨੂੰ ਦਿਖਾਉਂਦੀਆਂ ਹਨ। ਰੱਖਿਆ ਮੰਤਰੀ ਨੇ ਕਿਹਾ ਕਿ ਤਰੰਗ ਸ਼ਕਤੀ ਵਰਗੇ ਅਭਿਆਸ ਨਾਲ ਵੱਖ-ਵੱਖ ਦੇਸ਼ਾਂ ਦੀਆਂ ਹਵਾਈ ਫ਼ੌਜਾਂ ਨਾਲ ਕੰਮ ਕਰਨ, ਅਨੁਭਵ ਸਾਂਝਾ ਕਰਨ ਅਤੇ ਆਪਸੀ ਤਾਲਮੇਲ ਵਧਾਉਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਨੇ ਅਭਿਆਸ ਤੋਂ ਮਿਲੇ ਅਨੁਭਵਾਂ ਨੂੰ ਹਵਾਈ ਫ਼ੌਜ ਦੀ ਸਿਖਲਾਈ, ਰਣਨੀਤੀ ਅਤੇ ਭਵਿੱਖ ਦੀਆਂ ਸਮਰੱਥਾਵਾਂ 'ਚ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ।

## ਈ. ਡੀ. ਨੇ ਓਡਿਸ਼ਾ ਤੇ ਪੱਛਮੀ ਬੰਗਾਲ 'ਚ 10 ਥਾਵਾਂ 'ਤੇ ਮਾਰੇ ਛਾਪੇ

ਭੁਵਨੇਸ਼ਵਰ 15 ਅਕਤੂਬਰ। ਓਡਿਸ਼ਾ 'ਚ ਸਬ-ਇੰਸਪੈਕਟਰਾਂ ਦੀ ਭਰਤੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਦੇ ਕਥਿਤ ਰੂਪ 'ਚ 2024 'ਚ ਲੀਕ ਹੋਣ ਦੇ ਮਾਮਲੇ ਚ ਈ. ਡੀ. ਨੇ ਸ਼ੁੱਕਰਵਾਰ ਓਡਿਸ਼ਾ ਤੇ ਪੱਛਮੀ ਬੰਗਾਲ 'ਚ 10 ਥਾਵਾਂ 'ਤੇ ਛਾਪੇਮਾਰੀ ਕੀਤੀ। ਭੁਵਨੇਸ਼ਵਰ 'ਚ ਈ. ਡੀ. ਦੇ ਖੇਤਰੀ ਦਫ਼ਤਰ ਦੇ ਅਧਿਕਾਰੀਆਂ ਨੇ ਓਡਿਸ਼ਾ 'ਚ 8 ਥਾਵਾਂ ਤੇ ਗੁਆਂਢੀ ਪੱਛਮੀ ਬੰਗਾਲ 'ਚ 2 ਥਾਵਾਂ ਦੀ ਤਲਾਸ਼ੀ ਲਈ। ਇਹ ਮਾਮਲਾ ਓਡਿਸ਼ਾ ਪੁਲਸ ਵੱਲੋਂ ਅਕਤੂਬਰ 2025 'ਚ ਦਰਜ ਕੀਤੀ ਗਈ ਇਕ ਐੱਫ. ਆਈ. ਆਰ. ਤੋਂ ਪੈਦਾ ਹੋਇਆ ਹੈ, ਜਿਸ ਨੂੰ ਬਾਅਦ 'ਚ ਕੇਂਦਰੀ ਜਾਂਚ ਬਿਊਰੋ ਨੂੰ ਸੌਂਪ ਦਿੱਤਾ ਗਿਆ ਸੀ। ਪਿਛਲੇ ਸਾਲ 30 ਅਕਤੂਬਰ ਨੂੰ ਪੁਲਸ ਨੇ ਪ੍ਰਸ਼ਨ ਪੱਤਰ ਲੀਕ ਹੋਣ ਦੇ ਦੋਸ਼ ਹੇਠ ਆਂਧਰਾ ਪ੍ਰਦੇਸ਼-ਓਡਿਸ਼ਾ ਹੱਦ ਨੇੜੇ ਇੱਛਾਪੁਰਮ 'ਚ 114 ਉਮੀਦਵਾਰਾਂ ਨੂੰ ਲੈ ਕੇ ਜਾ ਰਹੀਆਂ ਤਿੰਨ ਬੱਸਾਂ ਨੂੰ ਰੋਕਿਆ ਸੀ। ਇਹ ਪ੍ਰੀਖਿਆ 5 ਤੇ 6 ਅਕਤੂਬਰ, 2025 ਨੂੰ ਹੋਣੀ ਸੀ।

## ਜੰਮੂ-ਕਸ਼ਮੀਰ ਦੇ ਪੁੰਛ 'ਚ ਕੰਟਰੋਲ ਰੇਖਾ ਨੇੜੇ ਨਸ਼ਟ ਕੀਤੀਆਂ 5 ਬਾਰੂਦੀ ਸੁਰੰਗਾਂ

ਮੇਂਢਰ/ਜੰਮੂ 15 ਅਕਤੂਬਰ। ਫੌਜ ਨੇ ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿਚ ਕੰਟਰੋਲ ਰੇਖਾ ਦੇ ਨੇੜੇ ਪੰਜ ਬਾਰੂਦੀ ਸੁਰੰਗਾਂ ਦਾ ਪਤਾ ਲਗਾਇਆ, ਜਿਸ ਤੋਂ ਬਾਅਦ ਉਨ੍ਹਾਂ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰਵਾ ਦਿੱਤਾ। ਇਸ ਦੀ ਜਾਣਕਾਰੀ ਅਧਿਕਾਰੀਆਂ ਵਲੋਂ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ਨੀਵਾਰ ਸਵੇਰੇ ਫੌਜ ਦੀ ਇੱਕ ਗਸ਼ਤ ਟੀਮ ਨੇ ਬਸੋਨੀ ਟਾਪ ਖੇਤਰ ਵਿੱਚ ਸਰਹੱਦੀ ਵਾੜ ਨੇੜੇ ਦੋ ਬਾਰੂਦੀ ਸੁਰੰਗਾਂ ਦਾ ਪਤਾ ਲਗਾਇਆ, ਜਦੋਂ ਕਿ ਇੱਕ ਦਿਨ ਪਹਿਲਾਂ ਉਸੇ ਖੇਤਰ ਵਿੱਚ ਤਿੰਨ ਹੋਰ ਬਾਰੂਦੀ ਸੁਰੰਗਾਂ ਮਿਲੀਆਂ ਸਨ।

## ਗਠਜੋੜ ਨੂੰ ਲੈ ਕੇ ਸੁਖਬੀਰ ਬਾਦਲ ਦਾ ਵੱਡਾ ਬਿਆਨ

ਚੰਡੀਗੜ੍ਹ 15 ਅਕਤੂਬਰ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗਠਜੋੜ ਨੂੰ ਲੈ ਕੇ ਅਹਿਮ ਬਿਆਨ ਦਿੱਤਾ ਹੈ। ਸੁਖਬੀਰ ਬਾਦਲ ਨੇ ਕਿਹਾ ਹੈ ਕਿ ਗਠਜੋੜ ਲਈ ਸਾਰੇ ਰਸਤੇ ਖੁੱਲ੍ਹੇ ਹਨ ਅਤੇ ਪਾਰਟੀ ਸਮਾਨ ਵਿਚਾਰਧਾਰਾ ਵਾਲੀ ਪਾਰਟੀ ਨਾਲ ਹੀ ਗਠਜੋੜ ਕਰੇਗੀ। ਸੁਖਬੀਰ ਬਾਦਲ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਉਨ੍ਹਾਂ ਦੇ ਮੁੱਖ ਵਿਰੋਧੀ ਹਨ। ਉਨ੍ਹਾਂ ਕਿਹਾ ਕਿ ਫਿਲਹਾਲ ਉਨ੍ਹਾਂ ਦਾ ਮੁੱਖ ਫੋਕਸ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕਰਨ 'ਤੇ ਹੈ।




ਉਨ੍ਹਾਂ ਇਹ ਵੀ ਦੱਸਿਆ ਕਿ ਕਈ ਛੋਟੀਆਂ ਪਾਰਟੀਆਂ ਅਕਾਲੀ ਦਲ ਨਾਲ ਗਠਜੋੜ ਕਰਨਾ ਚਾਹੁੰਦੀਆਂ ਹਨ। ਹਾਲਾਂਕਿ ਇਸ ਸਬੰਧੀ ਅੰਤਿਮ ਫੈਸਲਾ ਸਿਆਸੀ ਸਥਿਤੀ ਦਾ ਮੁਲਾਂਕਣ ਕਰਨ ਤੋਂ ਬਾਅਦ ਹੀ ਲਿਆ ਜਾਵੇਗਾ। ਇਥੇ ਇਹ ਦੱਸਣਯੋਗ ਹੈ ਕਿ ਭਾਜਪਾ ਨਾਲ ਗਠਜੋੜ ਟੁੱਟਣ ਮਗਰੋਂ ਅਕਾਲੀ ਦਲ ਨੇ ਬਸਪਾ ਨਾਲ ਗਠਜੋੜ ਕਰਕੇ ਵੀ ਕਿਸਮਤ ਅਜ਼ਮਾਈ ਸੀ, ਇਹ ਗਠਜੋੜ ਵੀ ਬਾਅਦ ਵਿਚ ਟੁੱਟ ਗਿਆ। ਹੁਣ ਵਿਧਾਨ ਸਭਾ ਚੋਣਾਂ ਨੇੜੇ ਮੁੜ ਅਕਾਲੀ-ਭਾਜਪਾ ਗਠਜੋੜ ਨੂੰ ਲੈ ਕੇ ਚਰਚਾ ਜ਼ੋਰਾਂ 'ਤੇ ਹੈ।

## 'ਸਭ ਕੁਝ ਠੱਪ ਨਹੀਂ ਕਰ ਸਕਦੇ...', ਟਰੇਨਾਂ ਰੱਦ ਕਰਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਨੂੰ ਕਿਹਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 15 ਅਕਤੂਬਰ। ਸੁਪਰੀਮ ਕੋਰਟ ਨੇ ਕੇਂਦਰ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ 10 ਅਕਤੂਬਰ ਨੂੰ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਵਿਰੋਧ ਕਾਰਨ ਦਿੱਲੀ ਮੈਟਰੋ ਅਤੇ ਰਾਜਧਾਨੀ ਆਉਣ ਵਾਲੀਆਂ ਟਰੇਨਾਂ ਦੀ ਆਵਾਜਾਈ 'ਤੇ ਪੂਰੀ ਤਰ੍ਹਾਂ ਰੋਕ ਨਾ ਲਗਾਈ ਜਾਵੇ। ਅਦਾਲਤ ਨੇ ਕਿਹਾ ਕਿ ਸਭ ਕੁਝ ਠੱਪ ਨਹੀਂ ਕੀਤਾ ਜਾ ਸਕਦਾ। ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੀ ਬੈਂਚ ਨੇ ਕੇਂਦਰ ਨੂੰ ਯਾਤਰੀਆਂ ਨੂੰ ਅਸੁਵਿਧਾ ਤੋਂ ਬਚਾਉਣ ਲਈ ਮੈਟਰੋ ਅਤੇ ਰੇਲ ਸੇਵਾਵਾਂ ਨੂੰ ਨਿਯਮ ਦੇ ਨਾਲ ਚਲਾਉਣ ਦੀ ਮਨਜ਼ੂਰੀ ਦਿੱਤੀ ਜਾਵੇ। ਬੈਂਚ ਨੇ ਜ਼ੋਰ ਦੇ ਕੇ ਕਿਹਾ ਕਿ ਪੂਰੀ ਤਰ੍ਹਾਂ ਰੋਕ ਲਗਾਉਣ ਅਤੇ ਨਿਯਮ ਦੇ ਨਾਲ ਉਨ੍ਹਾਂ ਨੂੰ ਜਾਰੀ ਰੱਖਣ 'ਚ ਫਰਕ ਹੈ। ਬੈਂਚ ਨੇ ਸਾਲਿਸੀਟਰ ਜਨਰਲ ਤੁਸ਼ਾਰ ਮਹਿਤਾ ਦੇ ਇਸ ਭਰੋਸੇ ਦਾ ਨੋਟਿਸ ਲਿਆ ਕਿ ਉਹ ਅਧਿਕਾਰੀਆਂ ਨੂੰ ਪੂਰੀ ਤਰ੍ਹਾਂ ਪਾਬੰਦੀ ਦੇ ਫੈਸਲੇ 'ਤੇ ਮੁੜ ਵਿਚਾਰ ਕਰਨ ਅਤੇ ਮੈਟਰੋ ਅਤੇ ਹੋਰ ਰੇਲ



ਸੇਵਾਵਾਂ ਨੂੰ ਢੁਕਵੇਂ ਨਿਯਮ ਦੇ ਨਾਲ ਚਲਾਉਣ ਦੀ ਆਗਿਆ ਦੇਣ ਲਈ ਬੇਨਤੀ ਕਰਨਗੇ। ਉਨ੍ਹਾਂ ਕਿਹਾ,ਇਸ ਭਰੋਸੇ ਦੇ ਮੱਦੇਨਜ਼ਰ ਅਸੀਂ ਸਪੱਸ਼ਟ ਕਰਦੇ ਹਾਂ ਕਿ ਮੈਟਰੋ ਟਰੇਨ ਦੀ ਆਵਾਜਾਈ 'ਤੇ ਕੋਈ ਪੂਰੀ ਤਰ੍ਹਾਂ ਰੋਕ ਨਾ ਲਗਾਈ ਜਾਵੇ।" ਬੈਂਚ ਨੇ ਕਿਹਾ, ਅਸੀਂ ਨਿਰਦੇਸ਼ ਦਿੰਦੇ ਹਾਂ ਕਿ ਮੈਟਰੋ ਟਰੇਨ ਅਤੇ ਹੋਰ ਰੇਲ ਸੇਵਾਵਾਂ ਦੀ ਆਵਾਜਾਈ ਨੂੰ ਉੱਚਿਤ ਤਰੀਕੇ ਨਾਲ ਕੰਟਰੋਲ ਕਰਦੇ ਹੋਏ ਜਾਰੀ ਰੱਖਣ ਦੇ ਸੰਬੰਧ 'ਚ ਅਧਿਕਾਰੀਆਂ ਵਲੋਂ ਸੋਚ-ਵਿਚਾਰ ਕਰ ਲਏ ਗਏ ਫੈਸਲੇ ਦਾ ਵਿਆਪਕ ਪ੍ਰਚਾਰ ਕੀਤਾ ਜਾਵੇ ਤਾਂ ਕਿ ਆਮ ਲੋਕਾਂ ਨੂੰ ਅਸੁਵਿਧਾ ਘੱਟ ਤੋਂ ਘੱਟ ਹੋਵੇ।" ਅਦਾਲਤ ਨੇ ਕਿਹਾ ਕਿ ਦਿੱਲੀ 'ਚ ਆਵਾਜਾਈ ਦੇ ਸੰਬੰਧ 'ਚ ਵੀ ਇਸੇ ਤਰ੍ਹਾਂ ਦੇ ਵਿਗਿਆਪਨ ਜਾਰੀ ਕੀਤੇ ਜਾਣੇ ਚਾਹੀਦੇ ਹਨ।

## ਪੈਨਸ਼ਨਰਾਂ ਲਈ ਵੱਡੀ ਰਾਹਤ: ਹੁਣ ਘਰ ਬੈਠੇ ਜਮਹਾਂ ਹੋਵੇਗਾ ਲਾਈਫ ਸਰਟੀਫਿਕੇਟ

ਕੌਮੀ ਪਤ੍ਰਿਕਾ

ਨਵੀਂ ਦਿੱਲੀ 15 ਅਕਤੂਬਰ। ਕੀ ਤੁਸੀਂ ਜਾਂ ਤੁਹਾਡੇ ਪਰਿਵਾਰ 'ਚ ਕੋਈ ਪੈਨਸ਼ਨਰ ਹੈ ਜਿਸ ਦੀ ਪੈਨਸ਼ਨ ਅਚਾਨਕ ਰੁਕ ਗਈ ਹੈ? ਜੇਕਰ ਹਾਂ, ਤਾਂ ਇਹ ਖ਼ਬਰ ਤੁਹਾਡੇ ਲਈ ਹੈ। EPFO ਨੇ ਡਿਜੀਟਲ ਲਾਈਫ ਸਰਟੀਫਿਕੇਟ ਨੂੰ ਲੈ ਕੇ ਵੱਡਾ ਅਪਡੇਟ ਜਾਰੀ ਕੀਤਾ ਹੈ ਜਿਸ ਨਾਲ ਪੈਨਸ਼ਨਰਾਂ ਨੂੰ ਕਾਫ਼ੀ ਫ਼ਾਇਦਾ ਹੋਵੇਗਾ। ਆਓ ਤੁਹਾਨੂੰ ਦੱਸਦੇ ਹਾਂ ਕਿ EPFO ਦਾ ਨਵਾਂ ਅਪਡੇਟ ਕੀ ਹੈ। ਕਈ ਵਾਰ ਪੈਨਸ਼ਨਰਾਂ ਦੀ ਪੈਨਸ਼ਨ ਅਚਾਨਕ ਰੁਕ ਜਾਂਦੀ ਹੈ। ਇਸ ਦਾ ਇੱਕ ਵੱਡਾ ਕਾਰਨ ਉਨ੍ਹਾਂ ਵੱਲੋਂ ਡਿਜੀਟਲ ਲਾਈਫ ਸਰਟੀਫਿਕੇਟ ਯਾਨੀ ਜੀਵਨ ਪ੍ਰਮਾਣ ਪੱਤਰ ਸਮੇਂ ਸਿਰ ਜਮ?ਹਾਂ ਨਾ ਕਰਵਾਉਣਾ ਹੁੰਦਾ ਹੈ। ਪੈਨਸ਼ਨ ਲਗਾਤਾਰ ਖਾਤੇ 'ਚ ਜਮ?ਹਾਂ ਹੁੰਦੀ ਰਹੇ, ਇਸ ਲਈ ਹਰ ਸਾਲ ਸਮੇਂ ਸਿਰ ਜੀਵਨ ਪ੍ਰਮਾਣ ਪੱਤਰ ਜਮ?ਹਾਂ ਕਰਵਾਉਣਾ ਜ਼ਰੂਰੀ ਹੈ। ਇਹ ਸਰਟੀਫਿਕੇਟ ਜਮ?ਹਾਂ ਕਰਵਾਉਣ ਦੀ ਤਰੀਕ ਤੋਂ ਇਕ ਸਾਲ ਤੱਕ ਵੈਲਿਡ ਰਹਿੰਦਾ ਹੈ। EPFO ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ (X) 'ਤੇ ਪੋਸਟ ਕਰ ਕੇ ਜਾਣਕਾਰੀ ਦਿੱਤੀ ਹੈ ਕਿ ਹੁਣ ਪੈਨਸ਼ਨਰਾਂ ਨੂੰ ਡਿਜੀਟਲ ਲਾਈਫ ਸਰਟੀਫਿਕੇਟ ਜਮਹਾਂ ਕਰਵਾਉਣ ਲਈ ਪਰੇਸ਼ਾਨ ਨਹੀਂ ਹੋਣਾ ਪਵੇਗਾ। ਹੁਣ ਉਹ ਆਸਾਨੀ ਨਾਲ ਘਰ ਬੈਠੇ ਸਮਾਰਟਫੋਨ ਦੀ ਮਦਦ ਨਾਲ ਆਪਣਾ ਜੀਵਨ ਪ੍ਰਮਾਣ ਪੱਤਰ ਜਮ?ਹਾਂ ਕਰਵਾ ਸਕਣਗੇ। ਦਰਅਸਲ, EPFO ਨੇ ਇੰਡੀਆ ਪੋਸਟ ਪੇਮੈਂਟਸ ਬੈਂਕ ਨਾਲ ਮਿਲ ਕੇ ਡੋਰਸਟੈਪ ਸੇਵਾ ਸ਼ੁਰੂ ਕੀਤੀ ਹੈ, ਜੋ ਪੂਰੀ ਤਰ੍ਹਾਂ ਮੁਫ਼ਤ ਹੈ। ਇਸ ਲਈ ਤੁਹਾਨੂੰ ਸਿਰਫ਼ ਟੋਲ-ਫ?ਰੀ ਨੰਬਰ 023202900 'ਤੇ ਕਾਲ ਕਰਨੀ ਹੋਵੇਗੀ। IPPB ਦਾ ਡਾਕ ਸੇਵਕ ਤੁਹਾਡੇ ਘਰ ਆਵੇਗਾ ਤੇ ਤੁਹਾਡਾ ਡਿਜੀਟਲ ਲਾਈਫ ਸਰਟੀਫਿਕੇਟ ਜਮ?ਹਾਂ ਕਰਵਾਉਣ 'ਚ ਮਦਦ ਕਰੇਗਾ। ਜੇਕਰ ਤੁਸੀਂ




IPPB ਦੀ ਸਹਾਇਤਾ ਨਹੀਂ ਲੈਣਾ ਚਾਹੁੰਦੇ ਤਾਂ ਤੁਸੀਂ ਘਰ ਬੈਠੇ UMANG ਐਪ ਰਾਹੀਂ ਵੀ ਆਪਣਾ ਡਿਜੀਟਲ ਲਾਈਫ ਸਰਟੀਫਿਕੇਟ ਜਮ?ਹਾਂ ਕਰਵਾ ਸਕਦੇ ਹੋ। ਜਦੋਂ ਤੁਸੀਂ ਆਪਣਾ ਡਿਜੀਟਲ ਲਾਈਫ ਸਰਟੀਫਿਕੇਟ ਜਮ?ਹਾਂ ਕਰਵਾ ਦਿਓਗੇ ਤਾਂ ਤੁਹਾਡੇ ਰਜਿਸਟਰਡ ਮੋਬਾਈਲ ਨੰਬਰ 'ਤੇ ਇਕ ਮੈਸੇਜ ਆਵੇਗਾ। ਇਸ 'ਚ ਇਕ ਪ੍ਰਮਾਣ ਆਈਡੀ ਦਿੱਤੀ ਹੋਵੇਗੀ। ਇਸ ਆਈਡੀ ਦੀ ਮਦਦ ਨਾਲ ਤੁਸੀਂ EPFO ਦੀ ਵੈੱਬਸਾਈਟ 'ਤੇ ਪੈਨਸ਼ਨਰ ਪੋਰਟਲ ਰਾਹੀਂ ਆਪਣੇ ਡਿਜੀਟਲ ਲਾਈਫ ਸਰਟੀਫਿਕੇਟ ਦਾ ਸਟੇਟਸ ਚੈੱਕ ਕਰ ਸਕਦੇ ਹੋ।

## ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਚੰਨੀ ਦਾ ਵੱਡਾ ਐਲਾਨ, ਕੱਢਣਗੇ 'ਪੱਗੜੀ ਸੰਭਾਲ ਯਾਤਰਾ'

ਕੌਮੀ ਪਤ੍ਰਿਕਾ

ਜਲੰਧਰ 15 ਅਕਤੂਬਰ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਪੰਜਾਬ 'ਚ 'ਪੱਗੜੀ ਸੰਭਾਲ ਯਾਤਰਾ' ਕੱਢਣ ਦਾ ਐਲਾਨ ਕੀਤਾ ਹੈ। ਚੰਨੀ ਮੁਤਾਬਕ ਇਸ ਯਾਤਰਾ ਦਾ ਮਕਸਦ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਅਤੇ ਗੈਂਗਸਟਰਵਾਦ ਤੋਂ ਦੂਰ ਰਹਿਣ ਲਈ ਜਾਗਰੂਕ ਕਰਨਾ ਅਤੇ ਸੂਬੇ 'ਚ ਸਮਾਜਿਕ ਜਾਗਰੂਕਤਾ ਦਾ ਸੰਦੇਸ਼ ਪਹੁੰਚਾਉਣਾ ਹੈ। ਚੰਨੀ ਨੇ ਕਿਹਾ ਕਿ ਉਹ ਪੰਜਾਬ 'ਚ ਲਗਭਗ 2000 ਨੌਜਵਾਨਾਂ ਨੂੰ ਨਾਲ ਲੈ ਕੇ ਇਸ ਮੁਹਿੰਮ ਨੂੰ ਅੱਗੇ ਵਧਾਉਣਗੇ। ਯਾਤਰਾ ਦੌਰਾਨ ਨੌਜਵਾਨਾਂ ਅਤੇ ਆਮ ਲੋਕਾਂ ਨਾਲ ਸੰਪਰਕ ਕਰਕੇ ਨਸ਼ੇ ਖ਼?ਲਾਫ਼ ਜਾਗਰੂਕਤਾ ਪੈਦਾ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪੰਜਾਬ 'ਚ ਵਧ ਰਹੇ ਗੈਂਗਸਟਰਵਾਦ ਨੂੰ ਲੈ ਕੇ ਵੀ ਲੋਕਾਂ ਤੱਕ ਸੰਦੇਸ਼ ਪਹੁੰਚਾਉਣ ਦੀ ਯੋਜਨਾ ਹੈ। ਇਸ ਮੁਹਿੰਮ ਤਹਿਤ 2000 ਤੋਂ ਵੱਧ ਸਾਈਕਲ ਸਵਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ, ਜੋ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਪਹੁੰਚ ਕੇ ਨਸ਼ੇ ਖ਼?ਲਾਫ਼ ਜਾਗਰੂਕਤਾ ਮੁਹਿੰਮ ਚਲਾਉਣਗੇ। ਚੰਨੀ ਨੇ ਪਾਰਟੀ ਆਗੂਆਂ ਨਾਲ ਵਿਚਾਰ-ਵਟਾਂਦਰੇ ਦੌਰਾਨ ਦਿਵਾਲੀ ਤੋਂ ਬਾਅਦ ਸਾਈਕਲ ਰੈਲੀਆਂ ਕਰਨ ਦਾ ਸੁਝਾਅ ਦਿੱਤਾ ਹੈ। ਪ੍ਰਸਤਾਵਿਤ ਪ੍ਰੋਗਰਾਮ ਤਹਿਤ



ਰੈਲੀਆਂ ਸ੍ਰੀ ਚਮਕੌਰ ਸਾਹਿਬ ਤੋਂ ਤਲਵੰਡੀ ਸਾਬੋ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੱਕ ਆਯੋਜਿਤ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਚੰਨੀ ਮੁਤਾਬਕ ਯਾਤਰਾ ਨੂੰ ਲਗਭਗ 3 ਤੋਂ 4 ਦਿਨਾਂ 'ਚ ਪੂਰਾ ਕਰਨ ਦੀ ਯੋਜਨਾ ਹੈ।

## 'ਬ੍ਰਹਮੋਸ' ਸਮੇਤ ਹਥਿਆਰਾਂ ਦੀ ਵਿਕਰੀ ਬਣੀ ਕੂਟਨੀਤੀ ਦਾ ਅਹਿਮ ਹਿੱਸਾ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 15 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯਾਤਰਾ ਦੌਰਾਨ 7 ਜੁਲਾਈ 2026 ਨੂੰ ਜਕਾਰਤਾ ਵਿਖੇ 'ਬ੍ਰਹਮੋਸ ਏਅਰੋਸਪੇਸ' ਅਤੇ ਇੰਡੋਨੇਸ਼ੀਆ ਦੇ ਰੱਖਿਆ ਮੰਤਰਾਲੇ ਵਿਚਕਾਰ ਸੁਪਰਸੋਨਿਕ ਕਰੂਜ਼ ਮਿਜ਼ਾਈਲ ਦਾ ਕਰਾਰ ਕੀਤਾ ਗਿਆ ਹੈ। ਇੰਡੋਨੇਸ਼ੀਆ 2022 ਵਿੱਚ 375 ਮਿਲੀਅਨ ਡਾਲਰ ਦਾ ਸਮਝੌਤਾ ਕਰਨ ਵਾਲੇ ਫਿਲੀਪੀਨਜ਼ ਅਤੇ ਜੂਨ 2026 ਵਿੱਚ ਕਰਾਰ ਕਰਨ ਵਾਲੇ ਵੀਅਤਨਾਮ ਤੋਂ ਬਾਅਦ ਬ੍ਰਹਮੋਸ ਮਿਜ਼ਾਈਲ ਖਰੀਦਣ ਵਾਲਾ ਤੀਜਾ ਦੇਸ਼ ਬਣ ਗਿਆ ਹੈ। ਮਈ 2025 ਦੇ ਭਾਰਤ-ਪਾਕਿਸਤਾਨ ਸੰਘਰਸ਼ ਦੌਰਾਨ ਬ੍ਰਹਮੋਸ ਦੇ ਸਫ਼ਲ ਪ੍ਰਯੋਗ ਨੇ ਅੰਤਰਰਾਸ਼ਟਰੀ ਪੱਧਰ 'ਤੇ ਇਸ ਦੀ ਖਿੱਚ ਨੂੰ ਹੋਰ ਵਧਾ ਦਿੱਤਾ ਹੈ। ਰੱਖਿਆ ਮੰਤਰਾਲੇ ਅਨੁਸਾਰ ਸਾਲ 2025-26 ਵਿੱਚ ਭਾਰਤ ਦਾ ਰੱਖਿਆ ਨਿਰਯਾਤ 63 ਫੀਸਦੀ ਦੇ ਵਾਧੇ ਨਾਲ 38,424 ਕਰੋੜ ਰੁਪਏ (ਲਗਭਗ 4.11 ਅਰਬ ਡਾਲਰ) ਤੱਕ ਪਹੁੰਚ ਗਿਆ ਹੈ, ਜੋ ਕਿ 2013-14 ਵਿੱਚ 700 ਕਰੋੜ ਰੁਪਏ ਤੋਂ ਘੱਟ ਸੀ, ਅਤੇ ਸਰਕਾਰ ਨੇ 2028-29 ਤੱਕ ਇਸ ਨੂੰ 50,000 ਕਰੋੜ ਰੁਪਏ ਸਾਲਾਨਾ ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਭਾਰਤੀ ਰੱਖਿਆ ਉਤਪਾਦ ਹੁਣ 80 ਤੋਂ ਵੱਧ ਦੇਸ਼ਾਂ ਵਿੱਚ ਭੇਜੇ ਜਾ ਰਹੇ ਹਨ, ਜਿਸ ਵਿੱਚ ਭਾਰਤ ਕੇਵਲ ਸਪੇਅਰ ਪਾਰਟਸ ਦੀ ਬਜਾਏ ਪੂਰੇ ਸਿਸਟਮ ਵੇਚ ਰਿਹਾ ਹੈ। ਅਰਮੀਨੀਆ ਨੇ ਆਕਾਸ਼ ਸਰਫੇਸ-ਟੂ-ਏਅਰ ਮਿਜ਼ਾਈਲਾਂ, ਪਿਨਾਕਾ ਰੌਕੇਟ ਲਾਂਚਰ, ਸਵਾਤੀ ਰਾਡਾਰ ਅਤੇ ATAGS ਤੋਪਾਂ ਦੇ ਲਗਭਗ 2 ਅਰਬ ਡਾਲਰ ਦੇ ਆਰਡਰ ਦਿੱਤੇ ਹਨ। ਇਸ ਤੋਂ ਇਲਾਵਾ, ਭਾਰਤ




ਅਸਤਰਾ ਏਅਰ-ਟੂ-ਏਅਰ ਮਿਜ਼ਾਈਲ ਦੇ ਨਿਰਯਾਤ ਦੀ ਯੋਜਨਾ ਬਣਾ ਰਿਹਾ ਹੈ ਅਤੇ ਹਿੰਦ ਮਹਾਸਾਗਰ ਦੇ ਮਾਰੀਸ਼ਸ, ਸੇਸ਼ੇਲਸ ਤੇ ਮਾਲਦੀਵ ਵਰਗੇ ਟਾਪੂ ਦੇਸ਼ਾਂ ਨੂੰ ਡੋਰਨੀਅਰ ਹਵਾਈ ਜਹਾਜ਼, ਪੈਟਰੋਲ ਜਹਾਜ਼ ਅਤੇ ਐਡਵਾਂਸਡ ਲਾਈਟ ਹੈਲੀਕਾਪਟਰ ਪ੍ਰਦਾਨ ਕਰ ਰਿਹਾ ਹੈ। ਇਨ੍ਹਾਂ ਹਥਿਆਰਾਂ ਦੀ ਵਿਕਰੀ ਰਾਹੀਂ ਭਾਰਤ ਦੱਖਣ-ਪੂਰਬੀ ਏਸ਼ੀਆ, ਕਾਕੇਸ਼ਸ ਅਤੇ ਹਿੰਦ ਮਹਾਸਾਗਰ ਖੇਤਰ ਵਿੱਚ ਆਪਣੇ ਰਣਨੀਤਕ ਪ੍ਰਭਾਵ ਨੂੰ ਮਜ਼ਬੂਤ ਕਰ ਰਿਹਾ ਹੈ। ਹਥਿਆਰਾਂ ਦੀ ਇਹ ਵਿਕਰੀ ਭਾਰਤ ਨੂੰ ਬਿਨਾਂ ਕਿਸੇ ਰਸਮੀ ਸੈਨਿਕ ਗਠਜੋੜ ਦੇ ਮਜ਼ਬੂਤ ਦੁਵੱਲੇ ਸਬੰਧ ਅਤੇ ਰਣਨੀਤਕ ਸੁਤੰਤਰਤਾ ਪ੍ਰਦਾਨ ਕਰਦੀ ਹੈ। ਹਾਲਾਂਕਿ, ਇਸ ਖੇਤਰ ਵਿੱਚ ਭਾਰਤ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਜਿਵੇਂ ਕਿ ਬ੍ਰਹਮੋਸ ਭਾਰਤ-ਰੂਸ ਦਾ ਸਾਂਝਾ ਉੱਦਮ ਹੋਣ ਕਰਕੇ ਰੂਸੀ ਮੰਜ਼ੂਰੀ 'ਤੇ ਨਿਰਭਰਤਾ ਅਤੇ ਹੋਰ ਦੇਸ਼ਾਂ ਨਾਲੋਂ ਡਿਲੀਵਰੀ ਦੀ ਭਰੋਸੇਯੋਗਤਾ ਦਾ ਇਮਤਿਹਾਨ। ਲਗਭਗ 4 ਅਰਬ ਡਾਲਰ ਸਾਲਾਨਾ ਨਿਰਯਾਤ ਨਾਲ ਭਾਰਤ ਅਜੇ ਵੀ ਅਮਰੀਕਾ, ਰੂਸ, ਫਰਾਂਸ ਅਤੇ ਚੀਨ ਦੇ ਮੁਕਾਬਲੇ ਇੱਕ ਛੋਟਾ ਨਿਰਯਾਤਕ ਹੈ

# ਪੰਜਾਬ ਭਰ 'ਚ ਸਕੂਲ ਵੈਨਾਂ ਦਾ ਚੱਕਾ ਜਾਮ! ਬਠਿੰਡਾ 'ਚ ਹੋਈ ਮਹਾਂਪੰਚਾਇਤ ਦੌਰਾਨ ਚਾਲਕਾਂ ਨੇ ਦਿੱਤੀ ਚਿਤਾਵਨੀ

**ਕੌਮੀ ਪਤ੍ਰਿਕਾ**

ਬਠਿੰਡਾ 15 ਅਕਤੂਬਰ। ਪੰਜਾਬ ਭਰ ਦੇ ਪ੍ਰਾਈਵੇਟ ਸਕੂਲਾਂ ਨਾਲ ਜੁੜੀਆਂ ਸਕੂਲ ਵੈਨਾਂ ਦੇ ਚਾਲਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਬਠਿੰਡਾ 'ਚ ਮਹਾਂ ਪੰਚਾਇਤ ਕੀਤੀ ਗਈ। ਇਸ 'ਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹਜ਼ਾਰਾਂ ਦੀ ਗਿਣਤੀ 'ਚ ਸਕੂਲ ਵੈਨ ਚਾਲਕ ਅਤੇ ਇਸ ਕਾਰੋਬਾਰ ਨਾਲ ਜੁੜੇ ਲੋਕ ਸ਼ਾਮਲ ਹੋਏ। ਮਹਾਂ ਪੰਚਾਇਤ ਦੌਰਾਨ ਸਰਕਾਰ ਦੀਆਂ ਨੀਤੀਆਂ ਖ਼?ਲਾਫ਼ ਰੋਸ ਜ਼ਾਹਰ ਕਰਦਿਆਂ ਸਕੂਲ ਵੈਨਾਂ ਲਈ ਵੱਖਰੀ ਪਾਲਿਸੀ ਬਣਾਉਣ ਦੀ ਮੰਗ ਕੀਤੀ ਗਈ। ਪੰਜਾਬ ਸਕੂਲ ਵੈਨ ਐਸੋਸੀਏਸ਼ਨ ਦੇ ਪ੍ਰਧਾਨ ਗੁਰਪ੍ਰੀਤ ਹੈਪੀ ਨੇ ਕਿਹਾ ਕਿ ਸਰਕਾਰ ਸਕੂਲ ਵੈਨਾਂ ਨਾਲ ਦੋਹਰੇ ਮਾਪਦੰਡ ਅਪਨਾ ਰਹੀ ਹੈ। ਸਕੂਲਾਂ 'ਚ ਬੱਚਿਆਂ ਨੂੰ ਲਿਜਾਣ ਵਾਲੀਆਂ ਵੈਨਾਂ ਨੂੰ ਆਮ ਕਮਰਸ਼ੀਅਲ ਵਾਹਨਾਂ ਦੀ ਸ਼੍ਰੇਣੀ 'ਚ ਰੱਖ ਕੇ ਉਨ੍ਹਾਂ 'ਤੇ ਅਜਿਹੇ ਨਿਯਮ ਅਤੇ ਟੈਕਸ ਲਾਗੂ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਛੋਟੇ ਵੈਨ ਚਾਲਕਾਂ ਲਈ ਪੂਰਾ ਕਰਨਾ ਬੇਹੱਦ ਮੁਸ਼ਕਲ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਵੈਨਾਂ 'ਤੇ ਸਲਾਨਾ ਕਰੀਬ 30 ਹਜ਼ਾਰ ਰੁਪਏ ਤੱਕ ਦਾ ਟੈਕਸ ਲਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਪੁਰਾਣੇ ਜੀ. ਪੀ. ਐੱਸ. ਸਿਸਟਮ ਨੂੰ ਬਦਲ ਕੇ ਨਵਾਂ ਸਿਸਟਮ ਲਗਾਉਣ ਦੀਆਂ ਸ਼ਰਤਾਂ ਕਾਰਨ ਵੈਨ ਮਾਲਕਾਂ 'ਤੇ ਹੋਰ ਵਿੱਤੀ ਬੋਝ ਪੈ ਰਿਹਾ ਹੈ। ਉਨ੍ਹਾਂ ਦੇ ਅਨੁਸਾਰ ਨਵਾਂ ਜੀ. ਪੀ. ਐੱਸ. ਸਿਸਟਮ ਲਗਾਉਣ ਲਈ 35 ਹਜ਼ਾਰ ਰੁਪਏ ਤੋਂ ਲੈ ਕੇ ਢਾਈ ਲੱਖ ਰੁਪਏ ਤੱਕ ਖ਼ਰਚ ਆਉਣ ਦੀ ਗੱਲ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਛੋਟੇ ਪੱਧਰ 'ਤੇ ਸਕੂਲ ਵੈਨ ਚਲਾ ਕੇ ਪਰਿਵਾਰ ਪਾਲਣ ਵਾਲੇ ਲੋਕ ਇੰਨਾ ਵੱਡਾ ਖ਼ਰਚਾ



ਕਿਵੇਂ ਚੁੱਕ ਸਕਦੇ ਹਨ। ਗੁਰਪ੍ਰੀਤ ਹੈਪੀ ਨੇ ਕਿਹਾ ਕਿ ਸਕੂਲ ਵੈਨਾਂ ਦੀ ਵਰਤੋਂ ਆਮ ਕਮਰਸ਼ੀਅਲ ਵਾਹਨਾਂ ਨਾਲੋਂ ਬਿਲਕੁਲ ਵੱਖਰੀ ਹੈ। ਸਕੂਲ ਵੈਨਾਂ ਸਾਲ ਦੇ 365 ਦਿਨਾਂ ਵਿੱਚੋਂ ਲਗਭਗ 220 ਦਿਨ ਹੀ ਚੱਲਦੀਆਂ ਹਨ ਅਤੇ ਆਮ ਤੌਰ 'ਤੇ ਇਨ੍ਹਾਂ ਦਾ ਰੋਜ਼ਾਨਾ ਸਫ਼ਰ ਵੀ 50 ਕਿਲੋਮੀਟਰ ਤੋਂ ਵੱਧ ਨਹੀਂ ਹੁੰਦਾ। ਇਸ ਦੇ ਬਾਵਜੂਦ ਉਨ੍ਹਾਂ ਤੋਂ ਕਮਰਸ਼ੀਅਲ ਵਾਹਨਾਂ ਦੇ ਬਰਾਬਰ ਟੈਕਸ ਅਤੇ ਹੋਰ ਫ਼ੀਸਾਂ ਵਸੂਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਸਕੂਲ ਵੈਨਾਂ ਦੀ ਪਾਸਿੰਗ ਘੱਟੋ-ਘੱਟ 5 ਸਾਲ ਲਈ ਕੀਤੀ ਜਾਵੇ ਤਾਂ ਜੋ ਹਰ ਸਾਲ ਪਾਸਿੰਗ ਅਤੇ ਇਸ ਨਾਲ ਜੁੜੇ ਖ਼ਰਚਿਆਂ ਕਾਰਨ ਵੈਨ ਚਾਲਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਵੈਨ ਚਾਲਕਾਂ ਨੇ ਦੋਸ਼ ਲਗਾਇਆ ਕਿ ਸਰਕਾਰੀ ਵਿਭਾਗਾਂ ਵੱਲੋਂ ਸਕੂਲ ਵੈਨਾਂ ਲਈ ਲਗਾਤਾਰ ਨਵੇਂ ਨਿਯਮ ਲਾਗੂ ਕੀਤੇ ਜਾ ਰਹੇ ਹਨ ਅਤੇ ਨਿਯਮਾਂ ਦੀ ਉਲੰਘਣਾ ਦੇ ਨਾਂ 'ਤੇ ਵੱਡੇ ਜੁਰਮਾਨੇ ਵਸੂਲੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਮਹਿੰਗਾਈ, ਡੀਜ਼ਲ, ਬੀਮਾ, ਮੁਰੰਮਤ ਅਤੇ ਹੋਰ ਖ਼ਰਚਿਆਂ ਨਾਲ ਜੂਝ ਰਹੇ ਵੈਨ ਚਾਲਕਾਂ ਲਈ ਇਹ ਵਾਧੂ ਬੋਝ ਬਣ ਗਿਆ ਹੈ। ਉਨ੍ਹਾਂ ਸਰਕਾਰ 'ਤੇ ਇਹ ਵੀ ਦੋਸ਼ ਲਗਾਇਆ ਕਿ ਵੈਨ ਚਾਲਕਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਨਵੇਂ-ਨਵੇਂ ਨਿਯਮਾਂ ਰਾਹੀਂ ਉਨ੍ਹਾਂ ਦਾ ਕੰਮ ਮੁਸ਼ਕਲ ਬਣਾਇਆ ਜਾ ਰਿਹਾ ਹੈ। ਐਸੋਸੀਏਸ਼ਨ ਆਗੂਆਂ ਨੇ ਕਿਹਾ ਕਿ ਉਹ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਨੂੰ ਕਈ ਵਾਰ ਅਪੀਲ ਕਰ ਚੁੱਕੇ ਹਨ, ਪਰ ਅਜੇ ਤੱਕ ਕੋਈ ਠੋਸ ਹੱਲ ਨਹੀਂ ਨਿਕਲਿਆ। ਇਸ ਕਾਰਨ ਵੈਨ ਚਾਲਕਾਂ ਨੂੰ ਮਜਬੂਰਨ ਪੰਜਾਬ ਭਰ 'ਚ ਸਕੂਲ ਵੈਨਾਂ ਦਾ ਚੱਕਾ ਜਾਮ ਕਰਨ ਵਰਗਾ ਸਖ਼ਤ ਕਦਮ ਚੁੱਕਣਾ ਪਿਆ। ਉਨ੍ਹਾਂ ਦਾਅਵਾ ਕੀਤਾ ਕਿ ਇਸ ਹੜਤਾਲ ਕਾਰਨ 80 ਫ਼ੀਸਦੀ ਤੋਂ ਵੱਧ ਸਕੂਲ ਵੈਨਾਂ ਬੰਦ ਰਹੀਆਂ, ਜਿਸ ਨਾਲ ਹਜ਼ਾਰਾਂ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਐਸੋਸੀਏਸ਼ਨ ਨੇ ਇਸ ਅਸੁਵਿਧਾ ਲਈ ਬੱਚਿਆਂ ਅਤੇ ਮਾਪਿਆਂ ਤੋਂ ਮੁਆਫ਼ੀ ਵੀ ਮੰਗੀ ਪਰ ਨਾਲ ਹੀ ਕਿਹਾ ਕਿ ਉਨ੍ਹਾਂ ਕੋਲ ਆਪਣੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਲਈ ਸੰਘਰਸ਼ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਬਚਿਆ। ਵੈਨ ਚਾਲਕਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ 'ਤੇ ਜਲਦ ਗੰਭੀਰਤਾ ਨਾਲ ਵਿਚਾਰ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਵੱਡੇ ਪੱਧਰ 'ਤੇ ਲਿਜਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਹੱਕਾਂ ਲਈ ਪਿੱਛੇ ਨਹੀਂ ਹਟਣਗੇ ਅਤੇ ਲੋੜ ਪਈ ਤਾਂ ਪੰਜਾਬ ਪੱਧਰ 'ਤੇ ਇਸ ਤੋਂ ਵੀ ਵੱਡਾ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

## ਇੰਗਲੈਂਡ ਭੇਜਣ ਦੇ ਨਾਂ 'ਤੇ 3.16 ਲੱਖ ਰੁਪਏ ਦੀ ਮਾਰੀ ਠੱਗੀ

ਫਿਰੋਜ਼ਪੁਰ 15 ਅਕਤੂਬਰ। ਵਿਦੇਸ਼ ਭੇਜਣ ਦੇ ਨਾਂ 'ਤੇ ਭੋਲੇ-ਭਾਲੇ ਲੋਕਾਂ ਨਾਲ ਹੁੰਦੀਆਂ ਠੱਗੀਆਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ। ਅਜਿਹਾ ਹੀ ਇਕ ਮਾਮਲਾ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਸਾਹਮਣੇ ਆਇਆ ਹੈ, ਜਿੱਥੇ ਪੁਲਿਸ ਨੇ ਯੂ. ਕੇ. (ਇੰਗਲੈਂਡ) ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਇਕ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸ਼ਿਕਾਇਤਕਰਤਾ ਮਨਜੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ




ਕਾਮਲਵਾਲਾ ਉਰਫ਼ ਮੁੱਠਿਆਂ ਵਾਲਾ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੱਸਿਆ ਕਿ ਰਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਬੇਦੀ ਕਾਲੋਨੀ, ਫਿਰੋਜ਼ਪੁਰ ਸ਼ਹਿਰ ਨੇ ਉਸ ਨੂੰ ਵਿਦੇਸ਼ ਯੂ. ਕੇ. ਭੇਜਣ ਦਾ ਲਾਰਾ ਲਗਾਇਆ ਸੀ। ਮਨਜੀਤ ਸਿੰਘ ਨੇ ਦੱਸਿਆ ਕਿ ਉਹ ਇਸ ਝਾਂਸੇ ਵਿਚ ਆ ਕੇ ਰਵਿੰਦਰ ਸਿੰਘ ਨੂੰ 3,16,000 ਰੁਪਏ ਦਿੱਤੇ। ਪੈਸੇ ਹਾਸਲ ਕਰਨ ਤੋਂ ਬਾਅਦ ਮੁਲਜ਼ਮ ਨੇ ਵਾਅਦੇ ਮੁਤਾਬਕ ਨਾ ਤਾਂ ਉਸ ਨੂੰ ਇੰਗਲੈਂਡ ਭੇਜਿਆ ਅਤੇ ਨਾ ਹੀ ਉਸ ਦੇ ਪੈਸੇ ਵਾਪਸ ਕੀਤੇ। ਮਨਜੀਤ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਰਵਿੰਦਰ ਸਿੰਘ ਨੇ ਝੂਠੇ ਲਾਰੇ ਲਗਾ ਕੇ ਉਸ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕੀਤੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਰਵਿੰਦਰ ਸਿੰਘ ਖ਼?ਲਾਫ਼ ਮਾਮਲਾ ਦਰਜ ਕਰ ਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਗਲਾਡਾ ਦੀ ਵੱਡੀ ਕਾਰਵਾਈ, 9 ਅਣ-ਅਧਿਕਾਰਤ ਕਾਲੋਨੀਆਂ ਢਾਹੀਆਂ

ਲੁਧਿਆਣਾ 15 ਅਕਤੂਬਰ। ਗਲਾਡਾ ਦੇ ਮੁੱਖ ਪ੍ਰਸ਼ਾਸਕ ਵਿਕਾਸ ਹੀਰਾ ਵੱਲੋਂ ਅਣ-ਅਧਿਕਾਰਤ ਅਤੇ ਗੈਰ-ਯੋਜਨਾਬੱਧ ਵਿਕਾਸ ਵਿਰੁੱਧ




ਜ਼ੀਰੋ ਟੋਲਰੈਂਸ ਨੀਤੀ ਤਹਿਤ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਵੱਲੋਂ ਜਾਰੀ ਢਾਹੁਣ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਡਿਊਟੀ ਮੈਜਿਸਟ?ਰੇਟ, ਪੁਲਿਸ ਫੋਰਸ ਅਤੇ ਗਲਾਡਾ ਰੈਗੂਲੇਟਰੀ ਵਿੰਗ ਦੀ ਇਨਫੋਰਸਮੈਂਟ ਟੀਮ ਨੇ ਵੀਰਵਾਰ ਨੂੰ ਪਿੰਡ ਧਾਂਦਰਾ ਅਤੇ ਮਾਣਕਵਾਲ ਵਿੱਚ ਕਾਰਵਾਈ ਕਰਦਿਆਂ 9 ਅਣ-ਅਧਿਕਾਰਤ ਕਲੋਨੀਆਂ ਵਿੱਚ ਬਣਾਈਆਂ ਸੜਕਾਂ, ਗੈਰ-ਕਾਨੂੰਨੀ ਨਿਰਮਾਣ ਅਤੇ ਹੋਰ ਢਾਂਚੇ ਢਾਹ ਦਿੱਤੇ। ਨੋਟਿਸ ਜਾਰੀ ਹੋਣ ਦੇ ਬਾਵਜੂਦ ਨਿਰਮਾਣ ਕਾਰਜ ਜਾਰੀ ਰੱਖਣ ਵਾਲੇ ਡਿਵੈਲਪਰਾਂ ਵਿਰੁੱਧ ਇਹ ਕਾਰਵਾਈ ਕੀਤੀ ਗਈ। ਮੁਹਿੰਮ ਬਿਨਾਂ ਕਿਸੇ ਵਿਰੋਧ ਦੇ ਸੰਪੰਨ ਹੋਈ। ਗਲਾਡਾ ਦੇ ਮੁੱਖ ਪ੍ਰਸ਼ਾਸਕ ਨੇ ਕਿਹਾ ਕਿ ਗੈਰ-ਕਾਨੂੰਨੀ ਕਲੋਨੀਆਂ ਵਿੱਚ ਸਸਤੇ ਪਲਾਟਾਂ ਦਾ ਲਾਲਚ ਦੇ ਕੇ ਲੋਕਾਂ ਨਾਲ ਧੋਖਾਧੜੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣ-ਅਧਿਕਾਰਤ ਕਲੋਨੀਆਂ ਵਿੱਚ ਪਲਾਟ ਜਾਂ ਜਾਇਦਾਦ ਨਾ ਖਰੀਦਣ। ਅਜਿਹੀਆਂ ਕਲੋਨੀਆਂ ਵਿੱਚ ਗਲਾਡਾ ਵੱਲੋਂ ਪਾਣੀ, ਸੀਵਰੇਜ ਜਾਂ ਬਿਜਲੀ ਵਰਗੀਆਂ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪ੍ਰਵਾਨਿਤ ਅਤੇ ਨਿਯਮਤ ਕਲੋਨੀਆਂ ਦੀ ਸੂਚੀ ਅਤੇ ਮਨਜ਼ੂਰਸ਼ੁਦਾ ਨਕਸ਼ੇ ਗਲਾਡਾ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹਨ, ਜਿਨ੍ਹਾਂ ਦੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚ ਕਰਨੀ ਲਾਜ਼ਮੀ ਹੈ। ਮੁੱਖ ਪ੍ਰਸ਼ਾਸਕ ਗਲਾਡਾ ਨੇ ਸਪੱਸ਼ਟ ਕੀਤਾ ਕਿ ਢਾਹੁਣ ਦੀਆਂ ਮੁਹਿੰਮਾਂ ਦੇ ਨਾਲ-ਨਾਲ ਪੰਜਾਬ ਰੀਜਨਲ ਐਂਡ ਅਰਬਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ ਤਹਿਤ ਅਣ-ਅਧਿਕਾਰਤ ਵਿਕਾਸ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਵੀ ਜਾਰੀ ਰਹੇਗੀ।

## ਮਾਛੀਵਾੜਾ ਦਾਣਾ ਮੰਡੀ 'ਚ ਬਾਸਮਤੀ ਦੀ ਆਮਦ ਸ਼ੁਰੂ, ਰਿਕਾਰਡ ਤੋੜ ਭਾਅ 'ਤੇ ਵਿਕੀ

**ਕੌਮੀ ਪਤ੍ਰਿਕਾ**

ਮਾਛੀਵਾੜਾ ਸਾਹਿਬ 15 ਅਕਤੂਬਰ। ਮਾਛੀਵਾੜਾ ਦਾਣਾ ਮੰਡੀ 'ਚ ਝੋਨੇ ਦੀ ਅਗੇਤੀ ਕਿਸਮ 1509 ਬਾਸਮਤੀ ਦੀ ਆਮਦ ਸ਼ੁਰੂ ਹੋ ਗਈ ਹੈ ਪਰ ਪਿਛਲੇ ਸਾਲ ਦੇ ਮੁਕਾਬਲੇ ਇਸ ਦਾ ਰੇਟ ਕਾਫ਼ੀ ਵੱਧ ਮਿਲਣ ਕਾਰਨ ਕਿਸਾਨ ਖੁਸ਼ ਨਜ਼ਰ ਆ ਰਹੇ ਹਨ। ਅੱਜ ਪਿੰਡ ਮੰਜਾਲੀ ਕਲਾਂ ਦੇ ਕਿਸਾਨ ਮਨਵੀਰ ਸਿੰਘ ਦਾਣਾ ਮੰਡੀ ਵਿਖੇ ਸਥਿਤ ਸਤਪਾਲ ਅਜੈ ਕੁਮਾਰ, ਮਦਨ ਲਾਲ ਸੁਭਾਸ਼ ਚੰਦਰ ਦੀ ਆੜ੍ਹਤ 'ਤੇ ਆਪਣੀ ਫ਼ਸਲ ਵੇਚਣ ਲਈ ਆਇਆ, ਜਿਸ ਨੂੰ ਬਾਂਸਲ ਟ?ਰੇ?ਡਿੰਗ ਕੰਪਨੀ ਨੇ 3911 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤਾ। ਫ਼ਸਲ ਖਰੀਦ ਦਾ ਰਸਮੀ ਉਦਘਾਟਨ ਆੜ੍ਹਤੀ ਐਸੋਸ਼ੀਏਸ਼ਨ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਕੀਤਾ। ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਇਸ ਵਾਰ ਬਾਸਮਤੀ ਦੀ ਫ਼ਸਲ ਕਿਸਾਨਾਂ ਲਈ ਲਾਹੇਵੰਦ ਸਾਬਿਤ ਹੋਵੇਗੀ ਕਿਉਂਕਿ ਪਿਛਲੇ ਸਾਲ ਬਾਸਮਤੀ ਦਾ ਭਾਅ 2500 ਤੋਂ 3000 ਰੁਪਏ ਪ੍ਰਤੀ ਕੁਇੰਟਲ ਸੀ ਅਤੇ ਇਸ ਵਾਰ ਸ਼ੁਰੂਆਤੀ ਭਾਅ 3911 ਰੁਪਏ ਪ੍ਰਤੀ ਕੁਇੰਟਲ ਹੈ। ਆੜ੍ਹਤੀਆਂ ਨੇ ਦੱਸਿਆ ਕਿ ਫ਼ਸਲ ਦਾ ਝਾੜ ਵੀ 18 ਕੁਇੰਟਲ ਪ੍ਰਤੀ ਏਕੜ ਨਿਕਲਿਆ, ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਵਧੀਆ ਹੈ। ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ ਨੇ ਵੀ ਕਿਹਾ ਕਿ ਆਉਣ ਵਾਲੇ ਕੁੱਝ ਦਿਨਾਂ ਵਿਚ ਆਮ ਝੋਨੇ ਦੀ ਆਮਦ ਸ਼ੁਰੂ ਹੋਣ ਵਾਲੀ ਹੈ ਪਰ ਅਜੇ ਤੱਕ ਪਿਛਲੇ ਸਾਲ ਦਾ ਝੋਨਾ ਸ਼ੈਲਰਾਂ ਵਿਚ ਬਕਾਇਆ ਪਿਆ ਹੈ, ਜਿਸ ਨੂੰ ਲਗਾਉਣ ਲਈ ਗੋਦਾਮਾਂ ਵਿਚ ਜਗ?ਹਾ ਨਹੀਂ ਮਿਲ ਰਹੀ। ਉਨ੍ਹਾਂ ਕਿਹਾ ਕਿ ਜੇਕਰ ਇਸ ਸਮੱਸਿਆ ਦਾ ਹੱਲ ਨਾ



ਕੀਤਾ ਗਿਆ ਤਾਂ ਝੋਨੇ ਦੀ ਫ਼ਸਲ ਵੇਚਣ ਵਿਚ ਕਿਸਾਨਾਂ ਤੇ ਆੜ੍ਹਤੀਆਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਸ਼ੈਲਰ ਐਸੋਸ਼ੀਏਸ਼ਨ ਦੇ ਪ੍ਰਧਾਨ ਅਸ਼ੋਕ ਸੂਦ, ਸੁਰਿੰਦਰ ਬਾਂਸਲ, ਭੁਪਿੰਦਰ ਸਿੰਘ ਰਾਠੌਰ, ਟਹਿਲ ਸਿੰਘ ਔਜਲਾ, ਅਜੈ ਕੁਮਾਰ ਬਾਂਸਲ, ਅਰਵਿੰਦਰਪਾਲ ਸਿੰਘ ਵਿੱਕੀ, ਐਡਵੋਕੇਟ ਕਪਿਲ ਆਨੰਦ, ਪਰਮਿੰਦਰ ਸਿੰਘ ਗੁਲਿਆਣੀ, ਬਿਕਰਮ ਲੂਥਰਾ, ਲਖਵੀਰ ਸਿੰਘ, ਸੰਦੀਪ ਗੁਪਤਾ, ਚਿਰਾਗ ਬਾਂਸਲ, ਹਨੀ ਗੁਪਤਾ, ਅਮਿਤ ਗੁਪਤਾ, ਸ਼ਸ਼ੀ ਭਾਟੀਆ, ਜਤਿਨ ਬਾਂਸਲ, ਬਿੰਨੀ ਅਗਰਵਾਲ, ਹਰਵਿੰਦਰ ਸਿੰਘ ਸ਼ੇਰੀਆਂ, ਸੰਨੀ ਸੂਦ, ਪਰਵੀਨ ਖੋਸਲਾ, ਦੀਪਕ ਸੂਦ ਆਦਿ ਵੀ ਮੌਜੂਦ ਸਨ।

## ਨਾਈਟਕਲੱਬ 'ਚ ਔਰਤ 'ਤੇ ਬੀਅਰ ਡਿੱਗਣ 'ਤੇ ਹੰਗਾਮਾ; ਬਾਊਂਸਰਾਂ ਤੇ ਵੇਟਰਾਂ ਨੇ ਡਰਾਈਵਰ ਨੂੰ ਕੁੱਟ-ਕੁੱਟ ਮਾਰ'ਤਾ

ਨਵੀਂ ਦਿੱਲੀ 15 ਅਕਤੂਬਰ। ਦਿੱਲੀ ਦੇ ਸਰਾਈ ਰੋਹਿਲਾ ਇਲਾਕੇ 'ਚ ਸਥਿਤ ਇੱਕ ਨਾਈਟਕਲੱਬ ਵਿੱਚ ਬੀਅਰ ਡਿੱਗਣ ਨੂੰ ਲੈ ਕੇ ਹੋਏ ਵਿਵਾਦ ਦੌਰਾਨ 29 ਸਾਲਾ ਡਰਾਈਵਰ ਦਲਜੀਤ ਦੀ ਕੁੱਟਮਾਰ ਕਰਕੇ ਹੱਤਿਆ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਰਘੁਵੀਰ ਨਗਰ ਦਾ ਨਿਵਾਸੀ ਦਲਜੀਤ ਆਪਣੇ ਦੋਸਤਾਂ ਨਾਲ ਕਲੱਬ ਗਿਆ ਸੀ, ਜਿੱਥੇ ਉਸ ਦੇ ਇੱਕ ਦੋਸਤ ਦੀ ਬੀਅਰ ਇੱਕ ਔਰਤ 'ਤੇ ਡਿੱਗ ਪਈ। ਬਹਿਸ ਵਧਣ 'ਤੇ ਕਲੱਬ ਦੇ ਬਾਊਂਸਰਾਂ ਅਤੇ ਵੇਟਰਾਂ ਨੇ ਦਲਜੀਤ ਅਤੇ ਉਸ ਦੇ ਦੋਸਤਾਂ ਦੀ ਬੇਰਹਿਮੀ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ, ਜਦਕਿ ਦਲਜੀਤ ਵੱਲੋਂ ਮਾਫ਼ੀ ਵੀ ਮੰਗੀ ਗਈ ਸੀ। ਹਮਲਾਵਰਾਂ ਨੇ ਉਨ੍ਹਾਂ ਨੂੰ ਡੰਡਿਆਂ ਅਤੇ ਕੱਚ ਦੀਆਂ ਬੋਤਲਾਂ ਨਾਲ ਕੁੱਟਿਆ ਅਤੇ ਜਦੋਂ ਉਨ੍ਹਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਵਾਪਸ ਅੰਦਰ ਖਿੱਚ ਕੇ ਫਿਰ ਤੋਂ ਕੁੱਟਿਆ ਗਿਆ। ਗੰਭੀਰ ਰੂਪ ਵਿੱਚ ਜ਼ਖ਼ਮੀ ਦਲਜੀਤ ਨੂੰ ਉਸ ਦੇ ਦੋਸਤ ਰਘੁਵੀਰ ਨਗਰ ਸਥਿਤ ਉਸ ਦੇ ਘਰ ਲੈ ਗਏ, ਜਿੱਥੇ ਉਹ ਗੇਟ ਕੋਲ ਹੀ ਡਿੱਗ ਪਿਆ। ਇਸ ਤੋਂ ਬਾਅਦ ਉਸ ਨੂੰ ਗੁਰੂ ਗੋਬਿੰਦ ਸਿੰਘ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। 29 ਸਾਲਾ ਮ੍ਰਿਤਕ ਆਪਣੇ ਪਿੱਛੇ ਪਤਨੀ, ਅੱਠ ਸਾਲ ਦੇ ਬੇਟੇ ਅਤੇ ਪਿਤਾ ਨੂੰ ਛੱਡ ਗਿਆ ਹੈ। ਪੁਲਸ ਨੇ ਇਸ ਮਾਮਲੇ ਵਿੱਚ ਕੁਝ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਨਾਈਟਕਲੱਬ ਦਾ ਸੀਸੀਟੀਵੀ ਡੀਵੀਆਰ ਜ਼ਬਤ ਕਰ ਲਿਆ ਹੈ ਅਤੇ ਬਾਕੀ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

## ਪਿਥੌਰਾਗੜ੍ਹ 'ਚ ਬਰ.ਫਬਾਰੀ ਤੋਂ ਬਾਅਦ ਆਦਿ ਕੈਲਾਸ਼ ਯਾਤਰੀਆਂ ਲਈ ਲਿਪੂਲੇਖ ਦੱਰਾ ਬੰਦ

ਪਿਥੌਰਾਗੜ੍ਹ 15 ਅਕਤੂਬਰ। ਉੱਤਰਾਖੰਡ ਦੇ ਪਿਥੌਰਾਗੜ੍ਹ ਜ਼ਿਲੇ ਦੇ ਉੱਚ ਹਿਮਾਲਿਆਈ ਖੇਤਰ ਵਿਚ ਭਾਰੀ ਬਰਫ਼ਬਾਰੀ ਤੋਂ ਬਾਅਦ ਆਦਿ ਕੈਲਾਸ਼ ਯਾਤਰੀਆਂ ਲਈ 18,300 ਫੁੱਟ ਦੀ ਉਚਾਈ 'ਤੇ ਸਥਿਤ ਪੁਰਾਣੇ ਲਿਪੂਲੇਖ ਦੱਰੇ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸੇ ਸਥਾਨ ਤੋਂ ਯਾਤਰੀ ਭਾਰਤੀ ਫੌਜ ਦੀ ਇਜਾਜ਼ਤ ਨਾਲ ਤਿੱਬਤ ਵਿਚ ਸਥਿਤ ਕੈਲਾਸ਼ ਪਰਬਤ ਦੇ ਦਰਸ਼ਨ ਕਰਦੇ ਹਨ। ਅਧਿਕਾਰਤ ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਧਾਰਚੂਲਾ ਸਥਿਤ ਆਦਿ ਕੈਲਾਸ਼ ਯਾਤਰਾ ਆਧਾਰ ਕੈਂਪ ਦੇ ਇੰਚਾਰਜ ਅਤੇ ਕੁਮਾਊਂ ਮੰਡਲ ਵਿਕਾਸ ਨਿਗਮ (ਕੇ. ਐੱਮ. ਵੀ. ਐੱਨ.) ਦੇ ਅਧਿਕਾਰੀ ਧਨ ਸਿੰਘ ਬਿਸ਼ਟ ਨੇ ਕਿਹਾ ਕਿ ਚੰਗੀ ਸਰੀਰਕ ਸਥਿਤੀ ਵਾਲੇ ਯਾਤਰੀ ਪਹਿਲਾਂ ਪੁਰਾਣੇ ਲਿਪੂਲੇਖ ਦੱਰੇ 'ਤੇ ਚੜ੍ਹ ਕੇ ਕੈਲਾਸ਼ ਪਰਬਤ ਦੇ ਦਰਸ਼ਨ ਕਰ ਪਾਉਂਦੇ ਸਨ ਪਰ ਬਰਫ ਜੰਮਣ ਕਾਰਨ ਰਸਤਾ ਬੰਦ ਹੋ ਗਿਆ ਹੈ ਅਤੇ ਉੱਥੇ ਤਿਲਕਣ ਵਧ ਗਈ ਹੈ। ਇਸ ਕਾਰਨ ਫੌਜ ਨੇ ਅਗਲੇ ਆਦੇਸ਼ਾਂ ਤੱਕ ਦਰ੍ਹੇ ਨੂੰ ਬੰਦ ਕਰ ਦਿੱਤਾ ਹੈ।

## ਲੁਧਿਆਣਾ ਦੇ ਪੁਲਸ ਥਾਣੇ 'ਚ ਹੋ ਗਿਆ ਵੱਡਾ ਵਾਕਾ, ਪੂਰੀ ਘਟਨਾ ਜਾਣ ਉਡਣਗੇ ਹੋਸ਼

ਲੁਧਿਆਣਾ 15 ਅਕਤੂਬਰ। ਪੁਲਸ ਡਿਪਾਰਟਮੈਂਟ ਵਿਚ ਭ੍ਰਿਸ਼ਟਾਚਾਰ ਅਤੇ ਖਾਕੀ ਨੂੰ ਸ਼ਰਮਸਾਰ ਕਰਨ ਵਾਲਾ ਇਕ ਬੇਹੱਦ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਥਾਣਾ ਡਵੀਜ਼ਨ ਨੰ. 3 ਵਿਚ ਸਾਬਕਾ ਮੁੱਖ ਮੁਨਸ਼ੀ ਵਜੋਂ ਤਾਇਨਾਤ ਰਹੇ ਬਰਖਾਸਤ ਮਲਕੀਤ ਸਿੰਘ ਖਿਲਾਫ ਥਾਣੇ ਦੇ ਮਾਲਖਾਨੇ ਵਿਚ ਜਮ?ਹਾ ਕੇਸ ਪ੍ਰਾਪਰਟੀ (ਮਾਲ ਮੁਕੱਦਮਾ) ਦੀ ਸਰਕਾਰੀ ਨਕਦੀ ਖੁਰਦ-ਬੁਰਦ ਕਰਨ ਦੇ ਦੋਸ਼ ਵਿਚ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ 2018 ਵਿਚ ਥਾਣਾ ਡਵੀਜ਼ਨ ਨੰ.3 ਵਿਚ ਗੈਂਬਲਿੰਗ ਅਤੇ ਲਾਟਰੀ ਐਕਟ ਤਹਿਤ 1,66,160 ਰੁਪਏ ਦੀ ਰਾਸ਼ੀ ਬਤੌਰ ਕੇਸ ਪ੍ਰਾਪਰਟੀ ਜ਼ਬਤ ਕੀਤੀ ਗਈ ਸੀ। ਨਿਯਮ ਮੁਤਾਬਕ ਰਕਮ ਥਾਣੇ ਦੇ ਮਾਲਖਾਨੇ ਵਿਚ ਸੁਰੱਖਿਅਤ ਰੱਖੀ ਜਾਣੀ ਸੀ। ਇਸ ਸਬੰਧੀ ਥਾਣਾ ਡਵੀਜ਼ਨ ਨੰ. 3 ਦੇ ਮੁਖੀ ਗੁਰਜੀਤ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਰੀਬ 3 ਮਹੀਨੇ




ਪਹਿਲਾਂ ਥਾਣੇ ਦਾ ਚਾਰਜ ਸੰਭਾਲਿਆ ਹੈ। 2018 ਵਿਚ ਇਕ ਕੇਸ ਦਰਜ ਹੋਇਆ ਸੀ ਅਤੇ ਰਿਕਵਰ ਅਮਾਊਂਟ ਮਾਲਖਾਨੇ ਵਿਚ ਜਮ?ਹਾ ਹੋਣੀ ਚਾਹੀਦੀ ਸੀ ਪਰ ਅਦਾਲਤ ਵਿਚ 3 ਸਾਲ ਤੋਂ ਕੇਸ ਵਿਚਾਰ ਅਧੀਨ ਹੈ। ਸਾਬਕਾ ਹੌਲਦਾਰ ਕਾਂਸਟੇਬਲ ਮਲਕੀਤ ਸਿੰਘ ਨੇ ਹੀ ਮਾਲਖਾਨੇ ਤੋਂ ਰਕਮ ਗਾਇਬ ਕਰ ਕੇ ਧੋਖਾਦੇਹੀ ਕੀਤੀ ਹੈ। ਇਸ ਸਬੰਧੀ ਉਨ੍ਹਾਂ ਨੇ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਪੁਲਸ ਦੇ ਉੱਚ ਅਧਿਕਾਰੀਆਂ ਦੀ ਜਾਂਚ ਪੜਤਾਲ ਤੋਂ ਬਾਅਦ ਹੀ ਮੁਲਜ਼ਮ ਸਾਬਕਾ ਮੁੱਖ ਮੁਨਸ਼ੀ ਖ਼?ਲਾਫ ਕੇਸ ਦਰਜ ਕਰਨ ਦੇ ਆਰਡਰ ਜਾਰੀ ਕੀਤੇ ਗਏ ਹਨ। ਜਾਂਚ ਵਿਚ ਖੁਲਾਸਾ ਹੋਇਆ ਕਿ ਤਤਕਾਲੀ ਮੁੱਖ ਮੁਨਸ਼ੀ ਹੌਲਦਾਰ ਮਲਕੀਤ ਸਿੰਘ ਨੇ ਇਸ ਕੇਸ ਪ੍ਰਾਪਰਟੀ ਦੀ ਪੂਰੀ ਰਕਮ ਖੁਰਦ-ਬੁਰਦ ਕਰ ਦਿੱਤੀ ਅਤੇ ਆਪਣੀ ਨਿੱਜੀ ਵਰਤੋਂ ਵਿਚ ਲਿਆ ਕੇ ਧੋਖਾਦੇਹੀ ਕਰਦਿਆਂ ਸਰਕਾਰੀ ਪੂੰਜੀ ਦੀ ਅਮਾਨਤ ਵਿਚ ਖਿਆਨਤ ਕੀਤੀ ਹੈ।

## ਅਮੇਠੀ ਵਿੱਚ ਨਵ-ਵਿਆਹੀ ਔਰਤ ਦੀ ਲਟਕਦੀ ਮਿਲੀ ਲਾਸ਼ ; ਮਾਂ ਨੇ ਕਤਲ ਦਾ ਲਾਇਆ ਦੋਸ਼

ਨੈਸ਼ਨਲ ਡੈਸਕ 15 ਅਕਤੂਬਰ। ਅਮੇਠੀ ਜ਼ਿਲ੍ਹੇ ਦੇ ਪੀਪਰਪੁਰ ਥਾਣਾ ਖੇਤਰ ਦੇ ਅਧੀਨ ਆਉਂਦੇ ਹਰੀਪੁਰ ਪਿੰਡ ਵਿੱਚ ਮੰਗਲਵਾਰ ਨੂੰ ਇੱਕ ਨਵ-ਵਿਆਹੀ ਔਰਤ ਦੀ ਲਾਸ਼ ਸ਼ੱਕੀ ਹਾਲਾਤਾਂ ਵਿੱਚ ਉਸਦੇ ਘਰ ਦੇ ਅੰਦਰ ਫਾਹੇ ਨਾਲ ਲਟਕਦੀ ਮਿਲੀ। ਔਰਤ ਦੀ ਪਛਾਣ ਰੋਸ਼ਨੀ (23) ਵਜੋਂ ਹੋਈ ਹੈ, ਜੋ ਕਿ ਹਰੀਪੁਰ ਦੇ ਰਹਿਣ ਵਾਲੇ ਰਾਹੁਲ ਕੁਮਾਰ ਦੀ ਪਤਨੀ ਹੈ। ਰੋਸ਼ਨੀ ਅਤੇ ਰਾਹੁਲ ਦਾ ਪ੍ਰੇਮ ਵਿਆਹ ਹੋਇਆ ਸੀ। ਸਟੇਸ਼ਨ ਇੰਚਾਰਜ ਅਰੁਣ ਕੁਮਾਰ ਮਿਸ਼ਰਾ ਨੇ ਕਿਹਾ ਕਿ ਲਾਸ਼ ਨੂੰ ਪੋਸਟਮਾਰਟਮ ਲਈ ਲਿਜਾਇਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਰੋਸ਼ਨੀ ਦੀ ਮਾਂ ਵਿਮਲਾ ਦੇਵੀ ਨੇ ਆਪਣੇ ਸਹੁਰਿਆਂ 'ਤੇ ਆਪਣੀ ਧੀ ਦੀ ਹੱਤਿਆ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਮੌਤ ਦੇ ਕਾਰਨ ਦਾ ਪਤਾ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਲੱਗੇਗਾ ਅਤੇ ਸ਼ਿਕਾਇਤ ਦੇ ਆਧਾਰ 'ਤੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

## ਚਾਈਨਾ ਡੋਰ ਨੇ ਵੱਢੀ 22 ਸਾਲਾ ਕੁੜੀ ਦੀ ਧੌਣ, ਮੰਜ਼ਰ ਦੇਖਣ ਵਾਲਿਆਂ ਨੂੰ ਛਿੜੀ ਕੰਬਣੀ

**ਕੌਮੀ ਪਤ੍ਰਿਕਾ**

ਲੁਧਿਆਣਾ 15 ਅਕਤੂਬਰ। ਸ਼ਹਿਰ 'ਚ ਚਾਈਨਾ ਡੋਰ ਦਾ ਕਹਿਰ ਇਕ ਵਾਰ ਫਿਰ ਦੇਖਣ ਨੂੰ ਮਿਲਿਆ ਹੈ। ਸ਼ਿਮਲਾਪੁਰੀ ਇਲਾਕੇ 'ਚ ਕੁਆਲਿਟੀ ਚੌਂਕ ਨੇੜੇ ਇਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਵਾਪਰਿਆ, ਜਿਸ ਨੂੰ ਦੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ। ਇੱਥੇ ਕੰਮ ਖ਼ਤਮ ਕਰਕੇ ਘਰ ਵਾਪਸ ਪਰਤ ਰਹੀ 22 ਸਾਲਾ ਕੰਪਿਊਟਰ ਆਪਰੇਟਰ ਕੁੜੀ ਦੇ ਗਲੇ 'ਚ ਅਚਾਨਕ ਚਾਈਨਾ ਡੋਰ ਫਸ ਗਈ। ਤੇਜ਼ਧਾਰ ਵਾਲੀ ਇਸ ਖ਼ੂਨੀ ਡੋਰ ਕਾਰਨ ਕੁੜੀ ਦੀ ਧੌਣ 'ਤੇ ਕਰੀਬ 10 ਇੰਚ ਲੰਬਾ ਅਤੇ ਅੱਧਾ ਇੰਚ ਡੂੰਘਾ ਕੱਟ ਲੱਗ ਗਿਆ, ਜਿਸ ਕਾਰਨ ਉਹ ਬੁਰੀ ਤਰ੍ਹਾਂ ਲਹੂ-ਲੁਹਾਨ ਹੋ ਗਈ। ਰਾਹਗੀਰਾਂ ਨੇ ਤੁਰੰਤ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਸਮਾਂ ਰਹਿੰਦੇ ਇਲਾਜ ਕਰਕੇ ਉਸ ਦੀ ਜਾਨ ਬਚਾ ਲਈ। ਜਾਣਕਾਰੀ



ਦਿੰਦੇ ਹੋਏ ਮੁਸਕਾਨ (22) ਨੇ ਖ਼ੌਫ਼ਨਾਕ ਮੰਜ਼ਰ ਬਿਆਨ ਕਰਦਿਆਂ ਦੱਸਿਆ ਕਿ ਇਹ ਇਕ ਨਿੱਜੀ ਦਫ਼ਤਰ 'ਚ ਕੰਪਿਊਟਰ ਆਪਰੇਟਰ ਦੇ ਅਹੁਦੇ 'ਤੇ ਕੰਮ ਕਰਦੀ ਹੈ। ਬੁੱਧਵਾਰ ਸ਼ਾਮ ਨੂੰ ਉਹ ਆਪਣਾ ਰੋਜ਼ਾਨਾ ਦਾ ਕੰਮ ਖ਼ਤਮ ਕਰਕੇ ਘਟ ਵਾਪਸ ਪਰਤ ਰਹੀ ਸੀ। ਜਿਵੇਂ ਹੀ ਉਹ ਸ਼ਿਮਲਾਪੁਰੀ ਦੇ ਕੁਆਲਿਟੀ ਚੌਂਕ ਨੇੜੇ ਪੁੱਜੀ ਤਾਂ ਰਾਹ 'ਚ ਹਵਾ 'ਚ ਲਟਕਦੀ ਚਾਈਨਾ ਡੋਰ ਅਚਾਨਕ ਉਸ ਦੇ ਗਲੇ 'ਚ ਫਸ ਗਈ। ਮੁਸਕਾਨ ਨੇ ਦੱਸਿਆ ਕਿ ਚਾਈਨਾ ਡੋਰ ਨੇ ਉਸ ਦੀ ਧੌਣ ਨੂੰ ਚੀਰ ਦਿੱਤਾ। ਧੌਣ 'ਚ ਕੱਟ ਲੱਗਦੇ ਹੀ ਖ਼ੂਨ ਦਾ ਫੁਹਾਰਾ ਫੁੱਟ ਪਿਆ ਅਤੇ ਉਹ ਦਰਦ ਨਾਲ ਚੀਕਣ ਲੱਗੀ। ਰਾਹਗੀਰਾਂ ਨੇ ਉਸ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ। ਜਲਦੀ 'ਚ ਡਾਕਟਰਾਂ ਨੇ ਉਸ ਦਾ ਖ਼ੂਨ ਰੋਕਦੇ ਹੋਏ ਟਾਂਕੇ ਲਾਏ ਅਤੇ ਪੱਟੀ ਕੀਤੀ। ਡਾਕਟਰਾਂ ਮੁਤਾਬਕ ਚੰਗੀ ਗੱਲ ਇਹ ਰਹੀ ਕਿ ਚਾਈਨਾ ਡੋਰ ਸਾਹ ਦੀ ਨਲੀ ਜਾਂ ਮੁੱਖ ਨਸ ਤੱਕ ਨਹੀਂ ਪੁੱਜੀ, ਜਿਸ ਕਾਰਨ ਵੱਡਾ ਜਾਨੀ ਨੁਕਸਾਨ ਹੋਣੋਂ ਟਲ ਗਿਆ। ਫਿਲਹਾਲ ਮੁੱਢਲੇ ਇਲਾਜ ਤੋਂ ਬਾਅਦ ਡਾਕਟਰਾਂ ਨੇ ਕੁੜੀ ਨੂੰ ਘਰ ਭੇਜ ਦਿੱਤਾ ਅਤੇ ਉਸ ਨੂੰ ਪੂਰੀ ਤਰ੍ਹਾਂ ਅਰਾਮ ਕਰਨ ਦੀ ਸਲਾਹ ਦਿੱਤੀ ਹੈ। ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਨੇ ਸ਼ਹਿਰ 'ਚ ਪੁਲਸ ਅਤੇ ਪ੍ਰਸ਼ਾਸਨ ਦੀ ਮੁਸਤੈਦੀ 'ਤੇ ਫਿਰ ਗੰਭੀਰ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ।

## ਚੋਰੀ ਦਾ ਵਾਹਨ ਬਰਾਮਦ ਕਰਨ ਗਈ ਪੁਲਸ 'ਤੇ ਚਲਾ 'ਤੀਆਂ ਗੋਲੀਆਂ, ਮੁਲਜ਼ਮ ਜ਼ਖ਼ਮੀ

ਫਰੀਦਕੋਟ 15 ਅਕਤੂਬਰ। ਬਠਿੰਡਾ ਤੋਂ ਚੋਰੀ ਹੋਈ ਪਿਕਅੱਪ ਗੱਡੀ ਬਰਾਮਦ ਕਰਨ ਲਈ ਫਰੀਦਕੋਟ ਪਹੁੰਚੀ ਪੁਲਸ ਪਾਰਟੀ 'ਤੇ ਫਾਇਰਿੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਦੁਆਰਾ ਘੇਰਾਬੰਦੀ ਕੀਤੇ ਜਾਣ ਦੌਰਾਨ ਮੁਲਜ਼ਮ ਵੱਲੋਂ ਚਲਾਈ ਗੋਲੀ ਕਾਰਨ ਪੁਲਸ ਮੁਲਾਜ਼ਮ ਤਾਂ ਵਾਲ-ਵਾਲ ਬਚ ਗਏ ਪਰ ਆਪਣੇ ਵੱਲੋਂ ਚਲਾਈ ਗੋਲੀ ਪੈਰ ਵਿਚ ਲੱਗਣ ਕਾਰਨ ਮੁਲਜ਼ਮ ਖੁਦ ਜ਼ਖ਼ਮੀ ਹੋ ਗਿਆ। ਜ਼ਖ਼ਮੀ ਦੀ ਪਛਾਣ ਰਮਨ ਕੁਮਾਰ ਵਾਸੀ ਗੁਰੂਹਰਸਹਾਏ (ਜ਼ਿਲ੍ਹਾ ਫਿਰੋਜ਼ਪੁਰ) ਵਜੋਂ ਹੋਈ, ਜਿਸ ਨੂੰ ਇਲਾਜ ਲਈ ਮੈਡੀਕਲ ਕਾਲਜ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਬਠਿੰਡਾ ਤੋਂ ਪਿਕਅੱਪ ਚੋਰੀ ਹੋਣ ਤੋਂ ਬਾਅਦ ਪੁਲਸ ਨੇ ਭਾਲ ਸ਼ੁਰੂ ਕੀਤੀ ਸੀ। ਗੱਡੀ 'ਚ ਜੀ. ਪੀ. ਐੱਸ. ਸਿਸਟਮ ਲੱਗਿਆ ਹੋਣ ਕਰ ਕੇ ਮਿਲੀ ਲੋਕੇਸ਼ਨ ਦੇ ਆਧਾਰ 'ਤੇ ਪੁਲਸ ਗੱਡੀ ਦਾ ਪਿੱਛਾ ਕਰਦਿਆਂ ਫਰੀਦਕੋਟ ਪਹੁੰਚ ਗਈ। ਮੁੱਢਲੀ ਜਾਂਚ ਮੁਤਾਬਕ ਚੋਰੀ ਦੀ ਪਿਕਅੱਪ ਨੂੰ ਇਕ ਕਾਰ ਨਾਲ ਟੋਅ ਕਰ ਕੇ ਲਿਆਂਦਾ ਜਾ ਰਿਹਾ ਸੀ। ਪੁਲਸ ਪਾਰਟੀ ਨੇ ਤਲਵੰਡੀ ਰੋਡ 'ਤੇ ਪਹੁੰਚ ਕੇ ਪਿਕਅੱਪ ਬਰਾਮਦ ਕਰ ਲਈ। ਜਦੋਂ ਪੁਲਸ ਨੇ ਘੇਰਾਬੰਦੀ ਕਰ ਕੇ ਮੁਲਜ਼ਮ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ, ਜੋ ਉਸ ਦੇ ਆਪਣੇ ਹੀ ਪੈਰ 'ਚ ਲੱਗ ਗਈ। ਇਸ ਸਬੰਧੀ ਐੱਸ. ਪੀ. ਨਰਿੰਦਰ ਸਿੰਘ ਨੇ ਦੱਸਿਆ ਕਿ ਬਠਿੰਡਾ ਦੇ ਏ. ਐੱਸ. ਆਈ. ਸੁਖਦੀਪ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਜ਼ਖ਼ਮੀ ਮੁਲਜ਼ਮ ਖ਼?ਲਾਫ ਕੇਸ ਦਰਜ ਕੀਤਾ ਜਾ ਰਹਾ ਹੈ। ਘਟਨਾ 'ਚ ਹੋਰ ਵਿਅਕਤੀਆਂ ਦੀ ਸ਼ਮੂਲੀਅਤ ਦਾ ਸ਼ੱਕ ਹੋਣ ਕਾਰਨ ਪੁਲਸ ਵੱਲੋਂ ਬਾਕੀ ਸ਼ੱਕੀਆਂ ਦੀ ਪਛਾਣ ਅਤੇ ਮਾਮਲੇ ਦੇ ਹੋਰ ਪਹਿਲੂਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਲਾਟਰੀ ਮਾਫੀਆ 'ਤੇ ਪੁਲਸ ਦਾ ਸ਼ਿਕੰਜਾ: 10 ਰੁਪਏ ਲਾ ਕੇ 100 ਰੁਪਏ ਦਾ ਲਾਲਚ ਦੇਣ ਵਾਲੇ 8 ਵਿਅਕਤੀ ਗ੍ਰਿ.ਫਤਾਰ

**ਕੌਮੀ ਪਤ੍ਰਿਕਾ**

ਤਰਨਤਾਰਨ 15 ਅਕਤੂਬਰ। ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਸਥਾਨਕ ਸ਼ਹਿਰ ਵਿਚ ਲਾਟਰੀਆਂ ਦੀਆਂ ਦੁਕਾਨਾਂ ਚਲਾ ਰਹੇ ਵਿਅਕਤੀਆਂ ਦੇ ਖਿਲਾਫ ਵਿਸ਼ੇਸ਼ ਮੁਹਿੰਮ ਸ਼ੁਰੂ ਕਰਦੇ ਹੋਏ 10 ਵਿਅਕਤੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਦੁਕਾਨ ਮਾਲਕ ਭੋਲੇ-ਭਾਲੇ ਲੋਕਾਂ ਨੂੰ ਆਪਣੇ ਚੁੰਗਲ ਵਿਚ ਫਸਾ ਕੇ 10 ਰੁਪਏ ਲਗਾ ਕੇ ਲਾਟਰੀ ਦੇ 100 ਰੁਪਏ ਨਿਕਲਣ ਦੀ ਗਰੰਟੀ ਦਿੰਦੇ ਸਨ। ਜਾਣਕਾਰੀ ਦਿੰਦੇ ਹੋਏ ਐੱਸ.ਐੱਸ.ਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਵੱਖ-ਵੱਖ ਦੁਕਾਨਾਂ ਰਾਹੀਂ ਭੋਲੇ-ਭਾਲੇ ਲੋਕਾਂ ਨੂੰ ਆਪਣੇ ਚੁੰਗਲ ਵਿਚ ਫਸਾਉਣ ਵਾਲੇ ਅਤੇ ਨਾਜਾਇਜ਼ ਲਾਟਰੀ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਸਖਤੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਦੇ ਤਹਿਤ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਕੁੱਲ ਅੱਠ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜੋ ਭੋਲੇ-ਭਾਲੇ ਲੋਕਾਂ ਨੂੰ ਆਪਣੇ ਝਾਂਸੇ ਵਿਚ ਲੈ ਕੇ 10 ਰੁਪਏ ਦੀ ਲਾਟਰੀ ਪਾਉਣ ਤੋਂ ਬਾਅਦ 100 ਰੁਪਏ ਨਿਕਲਣ ਦੀ ਗਰੰਟੀ ਦੇਣ ਦਾ ਲਾਲਚ ਦੇ ਰਹੇ ਸਨ। ਇਹ ਮੁਲਜ਼ਮ ਬਾਕੀਆਂ ਨਾਲ ਮਿਲ ਕੇ ਸਾਜ਼ਿਸ਼ ਕਰਕੇ ਭੋਲੇ-ਭਾਲੇ ਲੋਕਾਂ ਨਾਲ ਧੋਖਾਧੜੀ ਕਰ ਰਹੇ ਸਨ ਅਤੇ ਲੋਕਾਂ ਨੂੰ ਵੱਧ ਪੈਸਿਆਂ ਦਾ ਲਾਲਚ ਦੇ ਕੇ ਜੂਆ ਖਿਡਾ ਰਹੇ ਸਨ। ਐੱਸ.ਐੱਸ.ਪੀ ਸੁਰਿੰਦਰ ਲਾਂਬਾ ਨੇ ਦੱਸਿਆ ਕਿ ਇਸ ਦੌਰਾਨ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਵੱਲੋਂ ਦੁਕਾਨਾਂ 'ਤੇ ਛਾਪੇਮਾਰੀ ਕਰਦੇ ਹੋਏ ਦੜੇ ਸੱਟੇ ਦੀ ਪਰਚੀ ਲਾਉਂਦੇ ਹੋਏ ਰੰਗੇ ਹੱਥੀਂ ਕਾਬੂ ਕੀਤੇ ਗਏ ਹਨ,



ਜਿਨ੍ਹਾਂ ਦੀ ਗਿਣਤੀ ਅੱਠ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਪਹਿਚਾਣ ਸਤਪਾਲ ਸਿੰਘ ਉਰਫ ਸੇਠੀ ਪੁੱਤਰ ਸ਼ੇਰ ਸਿੰਘ ਵਾਸੀ ਗੁਰੂ ਕਾ ਖੂਹ ਤਰਨਤਾਰਨ, ਇੰਦਰਜੀਤ ਸਿੰਘ ਉਰਫ ਵਿੱਕੀ ਪੁੱਤਰ ਮਨਜੀਤ ਸਿੰਘ ਵਾਸੀ ਰੋੜੂਪੁਰਾ ਮਹੱਲਾ ਗਲੀ ਮਸੀਤ ਵਾਲੀ, ਗੁਰਪ੍ਰੀਤ ਸਿੰਘ ਉਰਫ ਬਾਬਾ ਪੁੱਤਰ ਗੁਰਦੀਪ ਸਿੰਘ ਵਾਸੀ ਬੈਕ ਸਾਈਡ ਸਿਵਲ ਹਸਪਤਾਲ ਤਰਨਤਾਰਨ, ਭੁਪਿੰਦਰ ਸਿੰਘ ਉਰਫ ਮਨੀ ਪੁੱਤਰ ਸੁਰਿੰਦਰ ਸਿੰਘ ਵਾਸੀ ਮੁਹੱਲਾ ਨਾਨਕਸਰ ਰੋਹੀ ਕੰਢਾ, ਰਾਜ ਕੁਮਾਰ ਪੁੱਤਰ ਫੇਰੂ ਮੱਲ ਵਾਸੀ ਜਗਦੇਵ ਮਾਰਕੀਟ, ਵਿਜੇ ਕੁਮਾਰ ਪੁੱਤਰ ਮੋਹਨ ਲਾਲ ਚਮਕ ਵਾਸੀ ਮੁਹੱਲਾ ਗੋਕਲਪੁਰਾ, ਨਰਿੰਦਰ ਪਾਲ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਆਦਰਸ਼ ਨਗਰ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਕੰਗ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੇ ਖਿਲਾਫ ਗੈਂਬਲਿੰਗ ਐਕਟ ਤਹਿਤ ਪਰਚਾ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਪੁਲਸ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਸਖਤ ਚੇਤਾਵਨੀ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਦੇ ਸਾਥੀਆਂ ਦੀ ਭਾਲ ਸਬੰਧੀ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਿਹਤ ਵਿਭਾਗ ਐਕਸ਼ਨ 'ਚ: 100 ਕਿਲੋ ਖਰਾਬ ਦੁੱਧ ਕਰਵਾਇਆ ਨਸ਼ਟ, ਦੁਕਾਨਦਾਰਾਂ ਨੂੰ ਦਿੱਤੀ ਸਖ਼ਤ ਚੇਤਾਵਨੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 15 ਅਕਤੂਬਰ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੀਆਂ ਡੇਅਰੀਆਂ ਖ਼?ਲਾਫ਼ ਸਿਹਤ ਵਿਭਾਗ ਨੇ ਮੋਰਚਾ ਖੋਲ੍ਹ ਦਿੱਤਾ ਹੈ। ਸੀ. ਐੱਫ. ਡੀ. ਏ. ਮੈਡਮ ਆਈ. ਏ. ਐੱਸ. ਕੰਵਲਪ੍ਰੀਤ ਕੌਰ ਬਰਾੜ, ਡੀ. ਸੀ. ਅਤੇ ਸਿਵਲ ਸਰਜਨ ਦੇ ਹੁਕਮਾਂ 'ਤੇ ਫੂਡ ਸੇਫਟੀ ਟੀਮ ਨੇ ਚੱਬਾਲ ਅਤੇ ਤਰਨਤਾਰਨ ਰੋਡ ਸਥਿਤ ਵੱਖ-ਵੱਖ ਦੁੱਧ ਡੇਅਰੀਆਂ 'ਤੇ ਅਚਾਨਕ ਛਾਪੇ ਮਾਰੇ। ਕਾਰਵਾਈ ਦੌਰਾਨ ਲੱਗਭਗ 100 ਕਿਲੋ ਖਰਾਬ ਹੋ ਚੁੱਕਾ ਦੁੱਧ ਨਸ਼ਟ ਕਰਵਾਇਆ ਗਿਆ। ਫੂਡ ਸੇਫਟੀ ਟੀਮ ਵੱਲੋਂ ਡੇਅਰੀਆਂ ਦੀ ਜਾਂਚ ਦੌਰਾਨ ਦੁੱਧ ਦੀ ਗੁਣਵੱਤਾ ਅਤੇ ਸਫ਼ਾਈ ਪ੍ਰਬੰਧਾਂ ਦੀ ਪੜਤਾਲ ਕੀਤੀ ਗਈ। ਜਾਂਚ ਦੌਰਾਨ ਖਰਾਬ ਦੁੱਧ ਸਾਹਮਣੇ ਆਉਣ 'ਤੇ ਉਸ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ। ਵਿਭਾਗ ਦੀ ਅਚਾਨਕ ਕਾਰਵਾਈ ਨਾਲ ਡੇਅਰੀ ਸੰਚਾਲਕਾਂ 'ਚ ਹਫੜਾ-ਦਫੜੀ ਮਚ ਗਈ। ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਟੀਮ ਨੇ ਦੋ ਡੇਅਰੀਆਂ ਤੋਂ ਮਿਕਸਡ ਮਿਲਕ ਦੇ ਦੋ ਇਨਫੋਰਸਮੈਂਟ ਸੈਂਪਲ ਅਤੇ ਦਹੀਂ ਦਾ ਇਕ ਸੈਂਪਲ ਲਿਆ। ਇਹ ਤਿੰਨੇ ਨਮੂਨੇ ਜਾਂਚ ਲਈ ਸਟੇਟ ਫੂਡ ਲੈਬਾਰਟਰੀ, ਖਰੜ ਭੇਜੇ ਜਾਣਗੇ। ਲੈਬ ਰਿਪੋਰਟ ਤੋਂ ਪਤਾ ਲੱਗੇਗਾ ਕਿ ਦੁੱਧ ਅਤੇ ਦਹੀਂ ਨਿਰਧਾਰਤ ਫੂਡ ਸੇਫਟੀ ਮਾਪਦੰਡਾਂ 'ਤੇ ਕਿੰਨੇ ਖਰੇ ਉਤਰਦੇ ਹਨ। ਜੇਕਰ ਲੈਬਾਰਟਰੀ ਜਾਂਚ 'ਚ ਕਿਸੇ ਕਿਸਮ ਦੀ ਮਿਲਾਵਟ ਜਾਂ ਗੁਣਵੱਤਾ ਸਬੰਧੀ ਉਲੰਘਣਾ ਸਾਹਮਣੇ ਆਉਂਦੀ ਹੈ ਤਾਂ ਸਬੰਧਤ ਡੇਅਰੀ ਸੰਚਾਲਕਾਂ ਖ਼?ਲਾਫ਼ ਫੂਡ ਸੇਫਟੀ ਕਾਨੂੰਨ



ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ। ਸਿਹਤ ਵਿਭਾਗ ਦੇ ਜ਼ਿਲਾ ਸਿਹਤ ਅਧਿਕਾਰੀ ਡਾਕਟਰ ਮਨਜੀਤ ਸਿੰਘ ਰਟੌਲ ਨੇ ਦੱਸਿਆ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਡੇਅਰੀਆਂ ਅਤੇ ਦੁੱਧ ਨਾਲ ਸਬੰਧਤ ਕਾਰੋਬਾਰਾਂ ਦੀ ਜਾਂਚ ਲਗਾਤਾਰ ਜਾਰੀ ਰਹੇਗੀ। ਖਰਾਬ ਦੁੱਧ ਨਸ਼ਟ ਕਰਵਾਇਆ ਗਿਆ ਹੈ ਅਤੇ ਲਏ ਗਏ ਸੈਂਪਲ ਸਰਕਾਰੀ ਲੈਬਾਰਟਰੀ ਭੇਜੇ ਜਾ ਰਹੇ ਹਨ। ਰਿਪੋਰਟ ਦੇ ਆਧਾਰ 'ਤੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਫੂਡ ਸੇਫਟੀ ਅਧਿਕਾਰੀ ਮੈਡਮ ਰਜਨੀ ਨੇ ਦੱਸਿਆ ਕਿ ਦੋ ਡੇਅਰੀਆਂ ਤੋਂ ਮਿਕਸਡ ਮਿਲਕ ਅਤੇ ਦਹੀਂ ਦੇ ਇਨਫੋਰਸਮੈਂਟ ਸੈਂਪਲ ਲਏ ਗਏ ਹਨ। ਇਨ੍ਹਾਂ ਦੀ ਜਾਂਚ ਸਟੇਟ ਫੂਡ ਲੈਬਾਰਟਰੀ, ਖਰੜ ਤੋਂ ਕਰਵਾਈ ਜਾਵੇਗੀ। ਰਿਪੋਰਟ 'ਚ ਜੇਕਰ ਕੋਈ ਉਲੰਘਣਾ ਸਾਹਮਣੇ ਆਉਂਦੀ ਹੈ ਤਾਂ ਨਿਯਮਾਂ ਮੁਤਾਬਕ ਅਗਲੀ ਕਾਰਵਾਈ ਕੀਤੀ ਜਾਵੇਗੀ। ਫੂਡ ਸੇਫਟੀ ਵਿਭਾਗ ਦੀ ਇਸ ਕਾਰਵਾਈ ਨਾਲ ਦੁੱਧ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਨੂੰ ਸਪੱਸ਼ਟ ਸੰਦੇਸ਼ ਮਿਲ ਗਿਆ ਹੈ ਕਿ ਮਿਲਾਵਟ, ਖਰਾਬ ਦੁੱਧ ਜਾਂ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਨਾਲ ਸਮਝੌਤਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਵਿਭਾਗ ਵੱਲੋਂ ਅਜਿਹੀਆਂ ਜਾਂਚਾਂ ਅੱਗੇ ਵੀ ਜਾਰੀ ਰੱਖਣ ਦੀ ਗੱਲ ਕਹੀ ਗਈ ਹੈ।

## ਵਿਦਿਆਰਥੀਆਂ ਨਾਲ ਭਰੀ ਬੱਸ ਹਾਦਸੇ ਦਾ ਸ਼ਿਕਾਰ

ਮੱਧ ਪ੍ਰਦੇਸ਼ ਡੈਸਕ 15 ਅਕਤੂਬਰ। ਮੱਧ ਪ੍ਰਦੇਸ਼ ਦੇ ਬੇਤੁਲ ਜ਼ਿਲ੍ਹੇ ਦੇ ਚਿਚੋਲੀ ਖੇਤਰ 'ਚ ਮੰਗਲਵਾਰ ਸਵੇਰੇ ਚੁਨਾਗੋਸਾਈ ਪਿੰਡ ਨੇੜੇ ਸ਼ਾਰਦਾ ਪਬਲਿਕ ਸਕੂਲ ਦੀ ਇੱਕ ਬੱਸ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਸੜਕ ਤੋਂ ਉਤਰ ਕੇ ਇੱਕ ਖੇਤ ਵਿੱਚ ਜਾ ਡਿੱਗੀ। ਬੱਸ ਵਿੱਚ 20 ਤੋਂ ਵੱਧ ਬੱਚੇ ਸਵਾਰ ਸਨ। ਇਸ ਹਾਦਸੇ ਵਿੱਚ ਤਿੰਨ-ਚਾਰ ਬੱਚਿਆਂ ਨੂੰ ਮਾਮੂਲੀ ਝਰੀਟਾਂ ਅਤੇ ਸੱਟਾਂ ਲੱਗੀਆਂ, ਜਦੋਂ ਕਿ ਕੋਈ ਵੀ ਗੰਭੀਰ ਜ਼ਖਮੀ ਨਹੀਂ ਹੋਇਆ। ਰਿਪੋਰਟਾਂ ਅਨੁਸਾਰ, ਬੱਸ ਚੁਨਾਗੋਸਾਈ ਪਿੰਡ ਦੇ ਸ਼ਿਵ ਮੰਦਰ ਪਹੁੰਚੀ ਹੀ ਸੀ ਕਿ ਇਸਦਾ ਸਟੀਅਰਿੰਗ ਫੇਲ ਹੋ ਗਿਆ। ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਬੱਸ ਸੜਕ ਕਿਨਾਰੇ ਖੱਡ ਪਾਰ ਕਰਕੇ ਇੱਕ ਖੇਤ ਵਿੱਚ ਜਾ ਵੜੀ। ਘਟਨਾ ਤੋਂ ਬਾਅਦ ਪਿੰਡ ਵਾਸੀਆਂ ਨੇ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ।

## ਘਾਹ ਵੱਢਣ ਗਈ ਔਰਤ ਦੀ ਪਹਾੜੀ ਤੋਂ ਡਿੱਗਣ ਕਾਰਨ ਮੌਤ

ਨੈਸ਼ਨਲ ਡੈਸਕ 15 ਅਕਤੂਬਰ। ਨਿਰਮੰਡ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਘਾਹ ਕੱਟਣ ਗਈ ਇੱਕ ਔਰਤ ਦੀ ਪਹਾੜੀ ਤੋਂ ਡਿੱਗਣ ਕਾਰਨ ਮੌਤ ਹੋ ਗਈ। ਉਹ ਫਿਸਲ ਕੇ ਡੂੰਘੀ ਖੱਡ ਵਿੱਚ ਡਿੱਗ ਗਈ। ਪੁਲਸ ਨੇ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ। ਪੁਲਸ ਅਨੁਸਾਰ ਕੁੱਲੂ ਜ਼ਿਲ੍ਹੇ ਦੇ ਖੜਵੇਚਾ ਪਿੰਡ ਦੇ ਚੇਤਰਾਮ ਦੀ ਪਤਨੀ 52 ਸਾਲਾ ਕਮਲਾ ਦੇਵੀ ਘਾਸਨੀ ਵਿੱਚ ਖੜਵੇਚਾ ਨਾਲ ਘਾਹ ਕੱਟਣ ਗਈ ਸੀ। ਉਹ ਫਿਸਲ ਕੇ ਖੱਡ ਵਿੱਚ ਡਿੱਗ ਗਈ, ਜਿਸ ਕਾਰਨ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ। ਪੋਸਟਮਾਰਟਮ ਤੋਂ ਬਾਅਦ ਪੁਲਸ ਨੇ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਅਤੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ।

## ਮੀਂਹ ਕਾਰਨ ਪ੍ਰਭਾਵਿਤ ਹੋਈਆਂ ਫ਼ਸਲਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇ

ਮੰਡੀ ਅਰਨੀਵਾਲਾ 15 ਅਕਤੂਬਰ। ਐਤਵਾਰ ਤੜਕਸਾਰ ਵੱਖ-ਵੱਖ ਇਲਾਕਿਆਂ 'ਚ ਪਏ ਭਾਰੀ ਮੀਂਹ ਕਾਰਨ ਝੋਨੇ ਦੀ ਫ਼ਸਲ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਮੀਂਹ ਅਤੇ ਤੇਜ਼ ਹਵਾਵਾਂ ਨੇ ਕਿਸਾਨਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਜਿਹੜੇ ਕਿਸਾਨਾਂ ਨੇ ਦਿਨ-ਰਾਤ ਮਿਹਨਤ ਕਰ ਕੇ ਆਪਣੀ ਫਸਲ ਤਿਆਰ ਕੀਤੀ ਸੀ, ਉਨ੍ਹਾਂ ਨੂੰ ਹੁਣ ਮੌਸਮ ਦੀ ਮਾਰ ਕਾਰਨ ਆਰਥਿਕ ਨੁਕਸਾਨ ਦਾ ਡਰ ਸਤਾ ਰਿਹਾ ਹੈ। ਜਾਣਕਾਰੀ ਅਨੁਸਾਰ ਭਾਰੀ ਮੀਂਹ ਪੈਣ ਕਾਰਨ ਕਈ ਪਿੰਡਾਂ 'ਚ ਝੋਨੇ ਦੀ ਖੜ੍ਹੀ ਫਸਲ ਡਿੱਗ ਕੇ ਧਰਤੀ 'ਤੇ ਵਿੱਛ ਗਈ। ਜਿਸ ਕਾਰਨ ਕਿਸਾਨਾਂ ਨੂੰ ਵੱਡੇ ਆਰਥਿਕ ਨੁਕਸਾਨ ਦਾ ਖ਼ਦਸ਼ਾ ਹੋ ਗਿਆ ਹੈ। ਰਮੇਸ਼ ਕੁਮਾਰ ਸਾਬਕਾ ਮੈਂਬਰ ਪੰਚਾਇਤ, ਹਰਕ੍ਰਿਸ਼ਨ ਲਾਲ, ਦੀਵਾਨ ਚੰਦ, ਰਮੇਸ਼ ਕੁਮਾਰ ਐਡਵੋਕੇਟ, ਰਾਕੇਸ਼ ਕੁਮਾਰ, ਅਜੈ ਕੰਬੋਜ, ਅਸ਼ੋਕ ਕੁਮਾਰ ਕਿਸਾਨਾਂ ਦਾ ਕਹਿਣਾ ਹੈ ਕਿ ਝੋਨੇ ਦੀ ਫਸਲ ਤਿਆਰ ਕਰਨ ਲਈ ਉਨ੍ਹਾਂ ਨੂੰ ਬੀਜਾਂ, ਖਾਦਾਂ, ਕੀਟਨਾਸ਼ਕਾਂ, ਡੀਜ਼ਲ ਅਤੇ ਮਜ਼ਦੂਰੀ 'ਤੇ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ। ਅਜਿਹੇ 'ਚ ਜੇਕਰ ਵਾਢੀ ਤੋਂ ਪਹਿਲਾਂ ਮੀਂਹ ਕਾਰਨ ਫਸਲ ਦਾ ਨੁਕਸਾਨ ਹੋ ਜਾਂਦਾ ਹੈ ਤਾਂ ਉਨ੍ਹਾਂ ਲਈ ਖ਼ਰਚੇ ਪੂਰੇ ਕਰਨੇ ਵੀ ਮੁਸ਼ਕਿਲ ਹੋ ਸਕਦੇ ਹਨ। ਇਸ ਤੋਂ ਇਲਾਵਾ ਖੇਤਾਂ 'ਚ ਨਮੀ ਵੱਧਣ ਕਾਰਨ ਵਾਢੀ ਦੇ ਕੰਮ 'ਚ ਦੇਰੀ ਹੋਣ ਦੀ ਸੰਭਾਵਨਾ ਵੀ ਬਣ ਸਕਦੀ ਹੈ। ਕਿਸਾਨਾਂ ਨੇ ਸਰਕਾਰ ਅਤੇ ਖੇਤੀਬਾੜੀ ਵਿਭਾਗ ਤੋਂ ਮੰਗ ਕੀਤੀ ਹੈ ਕਿ ਮੀਂਹ ਕਾਰਨ ਪ੍ਰਭਾਵਿਤ ਹੋਈਆਂ ਫ਼ਸਲਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇ ਅਤੇ ਨੁਕਸਾਨ ਦਾ ਸਹੀ ਮੁਲਾਂਕਣ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਫਸਲ ਦਾ ਭਾਰੀ ਨੁਕਸਾਨ ਹੁੰਦਾ ਹੈ ਤਾਂ ਪ੍ਰਭਾਵਿਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

☛ ਰੇਲਯਾਤਰੀ ਕ੍ਰਿਪਾ ਧਿਆਨ ਦੇਵੋ ! ☚

**ਨਵੀਂ ਦਿੱਲੀ ਰੇਲਵੇ ਸਟੇਸ਼ਨ ਉਤੇ ਰੇਲਗੱਡੀਆਂ ਦੇ ਪਲੇਟਫਾਰਮਾਂ ਵਿਚ ਅਸਥਾਈ ਤਬਦੀਲੀ**

ਸਰਵਸਬੰਧਿਤ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਵੀਂ ਦਿੱਲੀ ਰੇਲਵੇ ਸਟੇਸ਼ਨ ਉਤੇ ਹੇਠਾ ਲਿਖੀ ਰੇਲਗੱਡੀਆਂ ਦੇ ਪਲੇਟਫਾਰਮ ਵਿਚ ਮਿਤੀ 16.10.2026 ਤੋਂ 17.11.2026 ਤਕ ਹੇਠਾ ਅਨੁਸਾਰ ਅਸਥਾਈ ਤਬਦੀਲੀ ਕਰਨ ਦਾ ਫੈਸਲਾ ਲਿਤਾ ਗਿਆ ਹੈ:-

**ਰੇਲਗੱਡੀਆਂ ਦੀ ਸੂਚੀ ਜਿਨ੍ਹਾਂ ਦੇ ਪਲੇਟਫਾਰਮ ਵਿਚ ਹੇਠਾ ਲਿਖੀ ਤਬਦੀਲੀ ਕੀਤੀ ਜਾਵੇਗੀ**

| ਰੇਲਗੱਡੀ ਨੰਬਰ | ਰੇਲਗੱਡੀ ਦਾ ਨਾਮ | ਆਉਣ ਦਾ ਸਮਾਂ | ਜਾਣ ਦਾ ਸਮਾਂ | ਵਰਤਮਾਨ ਪਲੇਟਫਾਰਮ | ਸੰਸ਼ੋਧਿਤ ਪਲੇਟਫਾਰਮ |
|---|---|---|---|---|---|
| 12562 | ਨਵੀਂ ਦਿੱਲੀ - ਜੈਨਗਰ | — | 21:15 | 13 | 01 |
| 12561 | ਜੈਨਗਰ - ਨਵੀਂ ਦਿੱਲੀ | 15:45 | --- | 12 | 07 |
| 12046 | ਚੰਡੀਗੜ੍ਹ - ਨਵੀਂ ਦਿੱਲੀ | 15:20 | --- | 02 | 01 |
| 15306 | ਰੋਹਤਕ ਜੰ: - ਨਵੀਂ ਦਿੱਲੀ | 15:45 | --- | 07 | 02 |
| 19566 | ਦੇਹਰਾਦੂਨ - ਓਖਾ | 13:10 | 13:25 | 01 | 04 |
| 12472/74/76/78 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਬਾਂਦ੍ਰਾ ਟਰਮੀਨਸ / ਗਾਂਧੀਧਾਮ ਜੰ: / ਹਾਪਾ / ਜਾਮਨਗਰ | 21:25 | 21:40 | 01 | 08 |
| 12392 | ਨਵੀਂ ਦਿੱਲੀ - ਰਾਜਗੀਰ | --- | 13:10 | 08 | 01 |
| 22435 | ਵਾਰਾਣਸੀ ਜੰ: - ਨਵੀਂ ਦਿੱਲੀ | 23:00 | --- | 16 | 06 |
| 64441/64410 | ਗਾਜੀਆਬਾਦ - ਨਵੀਂ ਦਿੱਲੀ - ਗਾਜੀਆਬਾਦ | 18:10 | 18:30 | 14 | 12 |
| 54473 | ਦਿੱਲੀ ਜੰ: - ਸਹਾਰਨਪੁਰ ਜੰ: | 18:40 | 18:45 | 15 | 6 |
| 64409/64076 | ਗਾਜੀਆਬਾਦ - ਨਵੀਂ ਦਿੱਲੀ - ਪਲਵਲ | 23:45 | 00:15 | 08 | 09 |
| 64016 | ਸ਼ਕੂਰਬਸਤੀ - ਪਲਵਲ | 15:08 | 15:10 | 01 | 04 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES App ਦੇਖੋ ।

ਰੇਲਮਦਦ ਵੈੱਬਸਾਈਟ ਦੇਖੋ: www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋਂ

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਪੰਜਾਬ ਦੀ ਸਿੱਖੀਆ ਕ੍ਰਾਂਤੀ: ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਉਣ ਲਈ 21 ਲੱਖ ਮਾਪਿਆਂ ਨੇ ਸਰਕਾਰ ਨਾਲ ਹੱਥ ਮਿਲਾਇਆ

## ਅਸੀਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਬਣਾਉਣ ਅਤੇ ਸਕੂਲ ਸਿੱਖਿਆ ਵਿੱਚ ਨਵੇਂ ਮਾਪਦੰਡ ਸਥਾਪਤ ਕਰਨ ਲਈ ਮਾਪਿਆਂ ਨਾਲ ਮਿਲ ਕੇ ਕੰਮ ਕਰਾਂਗੇ: ਹਰਜੋਤ ਸਿੰਘ ਬੈਂਸ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੀ 'ਸਿੱਖਿਆ ਕ੍ਰਾਂਤੀ' 21 ਲੱਖ ਮਾਪਿਆਂ ਨੂੰ ਭਗਵੰਤ ਮਾਨ ਸਰਕਾਰ ਨਾਲ ਜੋੜ ਰਹੀ ਹੈ ਤਾਂ ਜੋ ਸਾਰੇ 23 ਜ਼ਿਲ੍ਹਿਆਂ ਦੇ 19,200 ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਇਆ ਜਾ ਸਕੇ। ਮੈਗਾ ਮਾਪੇ-ਅਧਿਆਪਕ ਮੀਟਿੰਗ ਵਿੱਚ ਵੱਡੀ ਭਾਗੀਦਾਰੀ ਸਰਕਾਰ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੀ ਸਿੱਖਿਆ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਕਰਨ ਅਤੇ ਸਿੱਖਿਆ ਵਿੱਚ ਪੰਜਾਬ ਦੀ ਨੰਬਰ 1 ਰੈਂਕਿੰਗ ਨੂੰ ਅੱਗੇ ਵਧਾਉਣ ਦੇ ਯਤਨਾਂ ਨੂੰ ਦਰਸਾਉਂਦੀ ਹੈ। ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਅਤੇ ਪਰਿਵਾਰਾਂ ਨਾਲ ਮਿਲ ਕੇ ਕੰਮ ਕਰਨ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ, ਭਗਵੰਤ ਮਾਨ ਸਰਕਾਰ ਦਾ ਉਦੇਸ਼ ਸਕੂਲ ਸਿੱਖਿਆ ਵਿੱਚ ਨਵੇਂ ਮਾਪਦੰਡ ਸਥਾਪਤ ਕਰਨਾ ਅਤੇ ਇੱਕ 'ਰੰਗਲਾ ਪੰਜਾਬ' ਬਣਾਉਣਾ ਹੈ ਜਿੱਥੇ ਹਰ ਬੱਚੇ ਨੂੰ ਸਫਲ ਹੋਣ ਦਾ ਮੌਕਾ ਮਿਲੇ। ਕੈਬਨਿਟ ਮੰਤਰੀਆਂ ਅਤੇ 'ਆਪ' ਵਿਧਾਇਕਾਂ ਨੇ ਰਾਜ ਭਰ ਦੇ ਸਕੂਲਾਂ ਵਿੱਚ ਮੀਟਿੰਗਾਂ ਵਿੱਚ ਹਿੱਸਾ ਲਿਆ, ਜਦੋਂ ਕਿ ਵਿਭਾਗੀ ਅਧਿਕਾਰੀਆਂ ਨੇ ਪ੍ਰਬੰਧਾਂ ਦਾ ਮੁਲਾਂਕਣ ਕਰਨ ਅਤੇ ਕਾਰਵਾਈ ਦੀ ਨਿਗਰਾਨੀ ਕਰਨ ਲਈ ਲਗਭਗ 2,000 ਸਕੂਲਾਂ ਦਾ ਦੌਰਾ ਕੀਤਾ।

ਇਸ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਮਾਪਿਆਂ ਦਾ ਮੈਗਾ ਪੇਟੀਐਮ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਅਤੇ ਸਰਕਾਰੀ ਸਕੂਲਾਂ ਵਿੱਚ ਵਿਸ਼ਵਾਸ ਪ੍ਰਗਟ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਸਕੂਲ ਸਿੱਖਿਆ ਵਿਭਾਗ ਨੂੰ ਰਾਜ ਪੱਧਰੀ ਪਹਿਲਕਦਮੀ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਵਧਾਈ ਵੀ ਦਿੱਤੀ।

ਸਿੱਖਿਆ ਮੰਤਰੀ ਨੇ ਕਿਹਾ, ਭਗਵੰਤ ਮਾਨ ਸਰਕਾਰ ਚਾਹੁੰਦੀ ਹੈ ਕਿ ਮਾਪੇ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਸਰਗਰਮ ਭਾਈਵਾਲ ਬਣਨ। ਅਸੀਂ ਮਾਪਿਆਂ ਅਤੇ ਅਧਿਆਪਕਾਂ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਜੋ ਸਿੱਖਿਆ ਨੂੰ ਬਿਹਤਰ ਬਣਾਇਆ ਜਾ ਸਕੇ, ਬੱਚਿਆਂ ਨੂੰ ਅੱਗੇ ਵਧਣ ਵਿੱਚ ਮਦਦ ਕੀਤੀ ਜਾ ਸਕੇ ਅਤੇ ਉਨ੍ਹਾਂ ਲਈ ਇੱਕ ਉੱਜਵਲ ਭਵਿੱਖ ਬਣਾਇਆ ਜਾ ਸਕੇ। ਸਾਡਾ ਟੀਚਾ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਉਣਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਹਰ ਬੱਚੇ ਨੂੰ ਸਭ ਤੋਂ ਵਧੀਆ ਮੌਕੇ ਮਿਲਣ।

ਉਨ੍ਹਾਂ ਕਿਹਾ, ਮੈਗਾ ਪੇਟੀਐਮ ਪੰਜਾਬ ਸਰਕਾਰ ਦੀ ਇੱਕ ਵਿਲੱਖਣ ਪਹਿਲਕਦਮੀ ਹੈ ਜੋ ਮਾਪਿਆਂ ਅਤੇ ਅਧਿਆਪਕਾਂ ਨੂੰ ਇਕੱਠੇ ਕਰਕੇ ਸਾਡੇ ਬੱਚਿਆਂ ਦਾ ਭਵਿੱਖ ਬਣਾਉਣ ਲਈ ਕੰਮ ਕਰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਮਾਪੇ ਇਹ ਸਮਝਣ ਕਿ ਉਨ੍ਹਾਂ ਦੇ ਬੱਚੇ ਕਿਵੇਂ ਤਰੱਕੀ ਕਰ ਰਹੇ ਹਨ ਅਤੇ ਅਧਿਆਪਕਾਂ ਨਾਲ ਮਿਲ ਕੇ ਕੰਮ ਕਰਨ ਤਾਂ ਜੋ ਉਨ੍ਹਾਂ ਨੂੰ ਹੋਰ ਵੀ ਬਿਹਤਰ ਕਰਨ ਵਿੱਚ ਮਦਦ ਮਿਲ ਸਕੇ। ਸਾਡਾ ਸਮੂਹਿਕ ਟੀਚਾ ਇੱਕ ਰੰਗਲਾ ਪੰਜਾਬ ਬਣਾਉਣਾ ਹੈ ਜਿੱਥੇ ਹਰ ਬੱਚੇ ਨੂੰ ਮਿਆਰੀ ਸਿੱਖਿਆ ਮਿਲੇ ਅਤੇ ਉਸਨੂੰ ਸਫਲ ਹੋਣ ਦਾ ਮੌਕਾ ਮਿਲੇ।

**ਸਰਕਾਰ ਦੀ ਸਿੱਖਿਆ ਕ੍ਰਾਂਤੀ ਵਿੱਚ 21 ਲੱਖ ਮਾਪੇ ਹੋਏ ਸ਼ਾਮਲ**

'ਹਰ ਦਿਨ, ਇੱਕ ਕਦਮ ਅੱਗੇ' ਥੀਮ ਦੇ ਤਹਿਤ ਆਯੋਜਿਤ, ਮੈਗਾ ਪੀਟੀਐਮ ਨੇ ਮਾਪਿਆਂ ਨੂੰ ਅਧਿਆਪਕਾਂ ਨਾਲ ਮੁਲਾਕਾਤ ਕਰਨ, ਆਪਣੇ ਬੱਚਿਆਂ ਦੇ ਰਿਪੋਰਟ ਕਾਰਡਾਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਦੀ ਅਕਾਦਮਿਕ ਪ੍ਰਗਤੀ, ਹਾਜ਼ਰੀ ਅਤੇ ਸੁਧਾਰ ਦੀ ਲੋੜ ਵਾਲੇ ਖੇਤਰਾਂ 'ਤੇ ਚਰਚਾ ਕਰਨ ਦੇ ਯੋਗ ਬਣਾਇਆ। ਅਧਿਆਪਕਾਂ ਨੇ ਮਾਪਿਆਂ ਨੂੰ ਘਰ ਵਿੱਚ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਸਹਾਇਤਾ ਕਰਨ ਲਈ ਵਿਹਾਰਕ ਸੁਝਾਅ ਵੀ ਸਾਂਝੇ ਕੀਤੇ।

ਇਹ ਪਹਿਲ ਭਗਵੰਤ ਮਾਨ ਸਰਕਾਰ ਦੇ ਮਾਪਿਆਂ ਨੂੰ ਸਿੱਖਿਆ ਸੁਧਾਰਾਂ ਵਿੱਚ ਸਰਗਰਮ ਭਾਗੀਦਾਰ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਪਰਿਵਾਰਾਂ ਅਤੇ ਅਧਿਆਪਕਾਂ ਨੂੰ ਇਕੱਠੇ ਕਰਕੇ, ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਕੂਲਾਂ ਵਿੱਚ ਸੁਧਾਰ ਬੱਚਿਆਂ ਲਈ ਬਿਹਤਰ ਸਿੱਖਿਆ ਅਤੇ ਮਜ਼ਬੂਤ ??ਵਿਦਿਅਕ ਨੀਂਹ ਵਿੱਚ ਅਨੁਵਾਦ ਕਰਨ।

ਮੀਟਿੰਗਾਂ ਨੇ ਮਾਪਿਆਂ ਨੂੰ ਸਕੂਲ ਸਿੱਖਿਆ ਵਿਭਾਗ ਦੇ ਵਿਦਿਆਰਥੀ-ਸਹਾਇਤਾ ਪਹਿਲਕਦਮੀਆਂ ਤੋਂ ਜਾਣੂ ਕਰਵਾਇਆ ਅਤੇ ਸਕੂਲ ਵਿਕਾਸ ਵਿੱਚ ਸਹਾਇਤਾ ਕਰਨ ਵਿੱਚ ਸਕੂਲ ਪ੍ਰਬੰਧਨ ਕਮੇਟੀਆਂ ਦੇ ਯੋਗਦਾਨ ਨੂੰ ਮਾਨਤਾ ਦਿੱਤੀ।

**ਪੰਜਾਬ ਸਿੱਖਿਆ ਵਿੱਚ ਪਹਿਲੇ ਸਥਾਨ 'ਤੇ, ਸਰਕਾਰ ਨੇ ਵਿਸ਼ਵ ਪੱਧਰੀ ਸਕੂਲਾਂ 'ਤੇ ਨਜ਼ਰ ਰੱਖੀ**

ਭਗਵੰਤ ਮਾਨ ਸਰਕਾਰ ਦੇ ਅਧੀਨ ਪੰਜਾਬ ਦੇ ਸਿੱਖਿਆ ਸੁਧਾਰ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ, ਸਰਕਾਰੀ ਸਕੂਲਾਂ ਨੂੰ ਮਜ਼ਬੂਤ ??ਕਰਨ ਅਤੇ ਬੱਚਿਆਂ ਨੂੰ ਸਫਲ ਹੋਣ ਦੇ ਬਿਹਤਰ ਮੌਕੇ ਦੇਣ 'ਤੇ ਕੇਂਦ੍ਰਿਤ ਹਨ। ਸਰਕਾਰ ਦਾ ਉਦੇਸ਼ ਆਪਣੀਆਂ ਸਿੱਖਿਆ ਪ੍ਰਾਪਤੀਆਂ ਨੂੰ ਅੱਗੇ ਵਧਾਉਣਾ ਅਤੇ ਆਪਣੇ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਉਣਾ ਹੈ।

ਮੈਗਾ ਪੀਟੀਐਮ ਇਸ ਯਤਨ ਦਾ ਹਿੱਸਾ ਹੈ, ਜਿਸ ਨਾਲ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਤਰੱਕੀ ਨੂੰ ਸਮਝਣ, ਧਿਆਨ ਦੇਣ ਦੀ ਲੋੜ ਵਾਲੇ ਖੇਤਰਾਂ 'ਤੇ ਚਰਚਾ ਕਰਨ ਅਤੇ ਉਨ੍ਹਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਅਧਿਆਪਕਾਂ ਨਾਲ ਕੰਮ ਕਰਨ ਦੀ ਆਗਿਆ ਮਿਲਦੀ ਹੈ। ਸਰਕਾਰ ਦਾ ਜ਼ੋਰ ਇਹ ਯਕੀਨੀ ਬਣਾਉਣ 'ਤੇ ਰਹਿੰਦਾ ਹੈ ਕਿ ਹਰ ਬੱਚੇ ਨੂੰ ਮਿਆਰੀ ਸਿੱਖਿਆ ਮਿਲੇ ਅਤੇ ਮਾਪੇ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਅੰਤਰ ਦੇਖ ਸਕਣ।

**ਮਾਪਿਆਂ ਨੇ ਸਿੱਖਿਆ ਸੁਧਾਰਾਂ ਅਤੇ ਭਲਾਈ ਸਕੀਮਾਂ ਦੇ ਤਜਰਬੇ ਸਾਂਝੇ ਕੀਤੇ**

ਮੈਗਾ ਪੀਟੀਐਮ ਵਿੱਚ ਭਾਗ ਲੈਣ ਵਾਲੇ ਮਾਪਿਆਂ ਨੇ ਮਾਵਾਂ-ਧਿਆਨ ਸਤਕਾਰ ਯੋਜਨਾ ਅਤੇ ਮੁਖ ਮੰਤਰੀ ਸਿਹਤ ਯੋਜਨਾ ਸਮੇਤ ਭਗਵੰਤ ਮਾਨ ਸਰਕਾਰ ਦੇ ਸਿੱਖਿਆ ਸੁਧਾਰਾਂ ਅਤੇ ਭਲਾਈ ਪਹਿਲਕਦਮੀਆਂ ਦੇ ਆਪਣੇ ਤਜ਼ਰਬੇ ਸਾਂਝੇ ਕੀਤੇ।

ਇੱਕ ਔਰਤ ਮਾਤਾ-ਪਿਤਾ ਨੇ ਮਾਵਨ-ਧਿਆਨ ਸਤਿਕਾਰ ਯੋਜਨਾ ਲਈ ਧੰਨਵਾਦ ਪ੍ਰਗਟ ਕਰਦੇ ਹੋਏ ਕਿਹਾ ਕਿ ਮਹੀਨਾਵਾਰ ਵਿੱਤੀ ਸਹਾਇਤਾ ਉਸਨੂੰ ਘਰੇਲੂ ਖਰਚਿਆਂ ਦਾ ਪ੍ਰਬੰਧਨ ਕਰਨ ਅਤੇ ਉਸਦੇ ਬੱਚਿਆਂ ਦੀਆਂ ਵਿਦਿਅਕ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ। ਇਹ ਪੈਸਾ ਨੋਟਬੁੱਕਾਂ, ਸਕੂਲ ਸਪਲਾਈ, ਵਰਦੀਆਂ ਅਤੇ ਹੋਰ ਜ਼ਰੂਰੀ ਜ਼ਰੂਰਤਾਂ ਵਰਗੇ ਖਰਚਿਆਂ ਵਿੱਚ ਮਦਦ ਕਰ ਸਕਦਾ ਹੈ, ਜਦੋਂ ਕਿ ਉਸਨੂੰ ਵਧੇਰੇ ਵਿੱਤੀ ਸੁਤੰਤਰਤਾ ਪ੍ਰਦਾਨ ਕਰੇਗਾ, ਉਸਨੇ ਅੱਗੇ ਕਿਹਾ।

ਇੱਕ ਹੋਰ ਮਾਪੇ ਨੇ ਸਰਕਾਰ ਦੇ ਸਿੱਖਿਆ ਸੁਧਾਰਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਧਿਆਪਕਾਂ ਨਾਲ ਨਿਯਮਤ ਗੱਲਬਾਤ ਨੇ ਪਰਿਵਾਰਾਂ ਨੂੰ ਉਨ੍ਹਾਂ ਦੇ ਬੱਚਿਆਂ ਦੀ ਤਰੱਕੀ ਨੂੰ ਸਮਝਣ ਵਿੱਚ ਮਦਦ ਕੀਤੀ। ਮਾਪਿਆਂ ਨੇ ਕਿਹਾ ਕਿ ਇਹ ਜਾਣਨਾ ਕਿ ਬੱਚੇ ਨੂੰ ਕਿੱਥੇ ਵਾਧੂ ਮਦਦ ਦੀ ਲੋੜ ਹੈ, ਅਧਿਆਪਕਾਂ ਨਾਲ ਕੰਮ ਕਰਨਾ ਅਤੇ ਘਰ ਵਿੱਚ ਸਹਾਇਤਾ ਪ੍ਰਦਾਨ ਕਰਨਾ ਆਸਾਨ ਹੋ ਗਿਆ।

ਇੱਕ ਮਾਤਾ-ਪਿਤਾ ਨੇ ਮੁੱਖ ਮੰਤਰੀ ਸਿਹਤ ਯੋਜਨਾ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪ੍ਰਤੀ ਪਰਿਵਾਰ ?10 ਲੱਖ ਤੱਕ ਦਾ ਨਕਦ ਰਹਿਤ ਡਾਕਟਰੀ ਕਵਰੇਜ ਗੰਭੀਰ ਬਿਮਾਰੀਆਂ ਜਾਂ ਹਸਪਤਾਲ ਵਿੱਚ ਭਰਤੀ ਹੋਣ ਦੌਰਾਨ ਘਰੇਲੂ ਬੱਚਤ ਦੀ ਰੱਖਿਆ ਕਰ ਸਕਦਾ ਹੈ। ਯੋਗ ਡਾਕਟਰੀ ਇਲਾਜ ਲਈ ਵੱਡੀ ਰਕਮ ਦਾ ਪ੍ਰਬੰਧ ਨਾ ਕਰਨ ਨਾਲ ਮਨ ਦੀ ਸ਼ਾਂਤੀ ਮਿਲੇਗੀ ਅਤੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੇ ਵਿਦਿਅਕ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ, ਉਸਨੇ ਅੱਗੇ ਕਿਹਾ।

ਇੱਕ ਹੋਰ ਮਾਪੇ ਨੇ ਮੈਗਾ ਪੇਟੀਐਮ ਦੀ ਸ਼ਲਾਘਾ ਕੀਤੀ ਕਿ ਉਸਨੇ ਪਰਿਵਾਰਾਂ ਨੂੰ ਹਾਜ਼ਰੀ, ਕਲਾਸਰੂਮ ਪ੍ਰਦਰਸ਼ਨ ਅਤੇ ਸਿੱਖਣ ਦੀਆਂ ਮੁਸ਼ਕਲਾਂ ਬਾਰੇ ਸਿੱਧੇ ਅਧਿਆਪਕਾਂ ਨਾਲ ਚਰਚਾ ਕਰਨ ਦਾ ਮੌਕਾ ਦਿੱਤਾ। ਮਾਪਿਆਂ ਨੇ ਕਿਹਾ ਕਿ ਅਜਿਹੀਆਂ ਮੀਟਿੰਗਾਂ ਮਾਪਿਆਂ ਨੂੰ ਸਿਰਫ਼ ਪ੍ਰੀਖਿਆ ਦੇ ਸਮੇਂ ਅਕਾਦਮਿਕ ਮੁਸ਼ਕਲਾਂ ਬਾਰੇ ਸਿੱਖਣ ਦੀ ਬਜਾਏ ਆਪਣੇ ਬੱਚਿਆਂ ਦੀ ਸਿੱਖਿਆ ਵਿੱਚ ਸ਼ਾਮਲ ਰਹਿਣ ਵਿੱਚ ਮਦਦ ਕਰਦੀਆਂ ਹਨ।

ਮਾਪਿਆਂ ਨੇ ਕਿਹਾ ਕਿ ਘਰੇਲੂ ਵਿੱਤ ਅਤੇ ਸਿਹਤ ਸੰਭਾਲ ਨੂੰ ਸੰਬੋਧਿਤ ਕਰਨ ਵਾਲੀਆਂ ਸਿੱਖਿਆ ਪਹਿਲਕਦਮੀਆਂ ਅਤੇ ਭਲਾਈ ਸਕੀਮਾਂ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ 'ਤੇ ਵਧੇਰੇ ਵਿਸ਼ਵਾਸ ਨਾਲ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਭਗਵੰਤ ਮਾਨ ਸਰਕਾਰ ਨੇ ਪੰਜਾਬ ਸਿੱਖੀਆ ਕ੍ਰਾਂਤੀ ਨੂੰ ਮਜ਼ਬੂਤ ਕਰਨ, ਸਰਕਾਰੀ ਸਕੂਲਾਂ ਨੂੰ ਬਿਹਤਰ ਬਣਾਉਣ ਅਤੇ ਬੱਚਿਆਂ ਦੇ ਉੱਜਵਲ ਭਵਿੱਖ ਦੇ ਨਿਰਮਾਣ ਲਈ ਮਾਪਿਆਂ ਨਾਲ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ। ਪੰਜਾਬ ਦੇ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਉਣ ਦੇ ਟੀਚੇ ਨਾਲ, ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਮਿਆਰੀ ਸਿੱਖਿਆ ਇੱਕ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਰੰਗਲਾ ਪੰਜਾਬ ਬਣਾਉਣ ਲਈ ਕੇਂਦਰੀ ਰਹੇ।

## ਸ਼ਾਂਤਮਈ ਸੰਘਰਸ਼ ਕਰਨ ਜਾ ਰਹੇ ਆਗੂਆਂ ਅਤੇ ਵਰਕਰਾਂ ਨੂੰ ਗ੍ਰਿਫ਼ਤਾਰ ਕਰਨਾ ਜਮਹੂਰੀ ਹੱਕਾਂ ਤੇ ਡਾਕਾ



**ਰੂਪਨਗਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿਖੇ ਮੁੱਖ ਚੋਣ ਕਮਿਸ਼ਨਰ ਦੇ ਅਸਤੀਫੇ ਦੀ ਮੰਗ ਕਰਦਿਆਂ ਸ਼ਾਂਤਮਈ ਤਰੀਕੇ ਨਾਲ ਸੰਘਰਸ਼ ਕਰਨ ਜਾ ਰਹੇ ਆਗੂਆਂ ਨੂੰ ਦਫ਼ਤਰਾਂ ਵਿੱਚੋਂ ਕੱਢ ਕੇ ਗਿਰਫ਼ਤਾਰ ਕਰਨਾ ਅਤੇ ਅਪਮਾਨਿਤ ਤਰੀਕੇ ਨਾਲ ਤਸ਼ੱਦਦ ਕਰਨ ਤੇ ਕੇਂਦਰ ਸਰਕਾਰ ਦੀ ਹਿਟਲਰਸ਼ਾਹੀ ਦੀ ਨਿਖੇਧੀ ਕਰਦਿਆਂ ਕਾਮਰੇਡ ਮਹਾਂ ਸਿੰਘ ਰੋੜੀ ਦੀ ਪ੍ਰਧਾਨਗੀ ਹੇਠ ਸੀਆਈਟੀਯੂ ਨੇ ਮੀਟਿੰਗ ਕਰਕੇ ਇਸ ਨੂੰ ਗੈਰ ਜਮਹੂਰੀ ਕਰਾਰ ਦਿੰਦਿਆਂ ਮੰਗ ਕੀਤੀ ਕਿ ਮੋਦੀ ਸਰਕਾਰ ਦੇ ਇਸ਼ਾਰੇ ਤੇ ਗੈਰਕਾਨੂੰਨੀ ਢੰਗ ਨਾਲ ਕਿਰਤੀਆਂ ਦੇ ਆਗੂਆਂ ਵਿਦਿਆਰਥੀਆਂ ਨੌਜਵਾਨਾਂ ਸਮੇਤ ਸੰਘਰਸ਼ ਕਰਦੇ ਲੋਕਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਮੀਟਿੰਗ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਨਜਾਇਜ਼ ਤੌਰ ਤੇ ਵੋਟਾਂ ਕਟਣ ਵਾਲ਼ਾ ਮੁੱਖ ਚੋਣ ਕਮਿਸ਼ਨਰ ਤੁਰੰਤ ਅਸਤੀਫ਼ਾ ਦੇਵੇ।ਮੀਟਿੰਗ ਵਿੱਚ ਇਹ ਵੀ ਮਤਾ ਪਾਸ ਕੀਤਾ ਗਿਆ ਕਿ ਜਦੋਂ ਤੱਕ ਮੁੱਖ ਚੋਣ ਕਮਿਸ਼ਨਰ ਅਸਤੀਫ਼ਾ ਨਹੀਂ ਦਿੰਦਾ ਅਤੇ ਸਰਕਾਰ ਜਮਹੂਰੀ ਢੰਗ ਨਾਲ ਸੰਘਰਸ਼ ਕਰਨ ਜਾ ਰਹੇ ਸਾਥੀਆਂ ਨੂੰ ਰਿਹਾਅ ਨਹੀਂ ਕਰਦੀ ਅਤੇ ਮੋਦੀ ਸਰਕਾਰ ਦੇ ਇਸ਼ਾਰੇ ਤੇ ਗੈਰ ਜਮਹੂਰੀ ਤਰੀਕੇ ਨਾਲ ਹੁਲੱੜਬਾਜੀ ਕਰਨ ਵਾਲੇ ਅਧਿਕਾਰੀਆਂ ਨੂੰ ਸਖਤ ਸਜ਼ਾ ਨਹੀਂ ਦਿੱਤੀ ਜਾਂਦੀ ਉਦੋਂ ਤੱਕ ਸੰਘਰਸ਼ ਜਾਰੀ ਰਹਿਣਗੇ।

ਮੀਟਿੰਗ ਵਿੱਚ ਸੀਟੂ ਆਗੂ ਕਾਮਰੇਡ ਗੁਰਦੇਵ ਸਿੰਘ ਬਾਗੀ, ਸਵਰਾਜ ਮਾਜ਼ਦਾ ਕੰਟਰੈਕਟ ਡਰਾਈਵਰ ਵਰਕਰ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਪ੍ਰਮਿੰਦਰ ਕੰਗ, ਵਿੱਤ ਸਕੱਤਰ ਸਾਥੀ ਸਰਵਜੀਤ ਸਿੰਘ,ਸਾਥੀ ਗੁਰਜੀਤ ਸਿੰਘ,ਸਾਥੀ ਨਿਰਮਲ ਸਿੰਘ, ਸਾਥੀ ਬਿਕਰਮਜੀਤ ਸਿੰਘ ਜੱਗਾ, ਸਾਥੀ ਅਮਰਜੀਤ ਸਿੰਘ ,ਸਾਥੀ ਗੁਰਨਾਮ ਸਿੰਘ ਖੇੜੀ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਾਥੀ ਮੌਜੂਦ ਸਨ।

## ਸਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਪੰਜਾਬੀ ਨੌਜਵਾਨਾਂ ਦੇ ਮਾਮਲੇ ਸਬੰਧੀ ਮੇਜਰ ਅੰਜੂ ਬਾਲਾ ਸਿੰਘ ਅਤੇ ਪੀੜਤ ਪਰਿਵਾਰਾਂ ਨੇ ਪੰਜਾਬ ਦੇ ਰਾਜਪਾਲ ਨਾਲ ਕੀਤੀ ਮੁਲਾਕਾਤ



**ਮੋਰਿੰਡਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਤਾ ਪਾਰਟੀ, ਹਲਕਾ ਸ੍ਰੀ ਚਮਕੌਰ ਸਾਹਿਬ ਦੀ ਸੀਨੀਅਰ ਆਗੂ ਮੇਜਰ ਅੰਜੂ ਬਾਲਾ ਸਿੰਘ ਜੀ ਨੇ ਸਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਦੋ ਪੰਜਾਬੀ ਨੌਜਵਾਨਾਂ ਦੇ ਮਾਮਲੇ ਨੂੰ ਲੈ ਕੇ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਦੋਵਾਂ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

ਇਨ੍ਹਾਂ ਵਿੱਚੋਂ ਪਹਿਲਾ ਨੌਜਵਾਨ ਗੁਰਦੀਪ ਸਿੰਘ, ਜ਼ਿਲ੍ਹਾ ਰੂਪਨਗਰ ਦੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਪਿੰਡ ਬਰਸਾਲਪੁਰ ਦਾ ਵਸਨੀਕ ਹੈ। ਮੁਲਾਕਾਤ ਦੌਰਾਨ ਉਸ ਦੇ ਪਿਤਾ ਸ੍ਰੀ ਜਰਨੈਲ ਸਿੰਘ ਅਤੇ ਮਾਤਾ ਸ੍ਰੀਮਤੀ ਬਲਜੀਤ ਕੌਰ ਹਾਜ਼ਰ ਸਨ। ਦੂਜਾ ਨੌਜਵਾਨ ਸੁਖਚੈਨ ਸਿੰਘ, ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਾਣਕੀ ਦਾ ਵਸਨੀਕ ਹੈ, ਜਿਸ ਦੇ ਪਿਤਾ ਸ੍ਰੀ ਛਿੰਦਰ ਸਿੰਘ ਅਤੇ ਮਾਤਾ ਸ੍ਰੀਮਤੀ ਕੁਲਵਿੰਦਰ ਕੌਰ ਵੀ ਇਸ ਮੌਕੇ ਮੌਜੂਦ ਸਨ।

ਮੇਜਰ ਅੰਜੂ ਬਾਲਾ ਸਿੰਘ ਜੀ ਨੇ ਰਾਜਪਾਲ ਸਾਹਿਬ ਨੂੰ ਮਾਮਲੇ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਨੌਜਵਾਨ ਇਸ ਸਮੇਂ ਸਊਦੀ ਅਰਬ ਦੀ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਨੂੰ ਲਗਭਗ 20 ਦਿਨਾਂ ਬਾਅਦ ਸਿਰ ਕਲਮ ਕਰਨ ਦੀ ਸਜ਼ਾ ਦਿੱਤੇ ਜਾਣ ਦਾ ਖ਼ਦਸ਼ਾ ਹੈ। ਇਸ ਗੰਭੀਰ ਸਥਿਤੀ ਕਾਰਨ ਦੋਵਾਂ ਪਰਿਵਾਰਾਂ ਵਿੱਚ ਡੂੰਘੀ ਚਿੰਤਾ ਅਤੇ ਬੇਚੈਨੀ ਪਾਈ ਜਾ ਰਹੀ ਹੈ।

ਉਨ੍ਹਾਂ ਨੇ ਰਾਜਪਾਲ ਸਾਹਿਬ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਤੁਰੰਤ ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਅਤੇ ਸਊਦੀ ਅਰਬ ਸਰਕਾਰ ਦੇ ਸਬੰਧਤ ਅਧਿਕਾਰੀਆਂ ਕੋਲ ਉਠਾਇਆ ਜਾਵੇ, ਤਾਂ ਜੋ ਮਾਮਲੇ ਦੇ ਸਾਰੇ ਤੱਥਾਂ ਦੀ ਪੁਸ਼ਟੀ ਕਰਕੇ ਨੌਜਵਾਨਾਂ ਨੂੰ ਕਾਨੂੰਨੀ ਅਤੇ ਮਨੁੱਖੀ ਆਧਾਰ 'ਤੇ ਹਰ ਸੰਭਵ ਰਾਹਤ ਦਿਵਾਉਣ ਲਈ ਪ੍ਰਭਾਵਸ਼ਾਲੀ ਕਦਮ ਚੁੱਕੇ ਜਾ ਸਕਣ।

ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਨੇ ਮਾਮਲੇ ਦੀ ਗੰਭੀਰਤਾ ਨੂੰ ਸਮਝਦਿਆਂ ਭਰੋਸਾ ਦਿਵਾਇਆ ਕਿ ਉਹ ਇਸ ਸਬੰਧੀ ਵਿਦੇਸ਼ ਮੰਤਰਾਲੇ ਨਾਲ ਸੰਪਰਕ ਕਰਨਗੇ।

ਉਨ੍ਹਾਂ ਨੇ ਮੌਜੂਦਾ ਰਾਜ ਸਭਾ ਮੈਂਬਰ ਸ੍ਰੀ ਸਤਨਾਮ ਸਿੰਘ ਸੰਧੂ ਜੀ ਅਤੇ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਜੀ ਨਾਲ ਵੀ ਤਾਲਮੇਲ ਕਰਕੇ ਮਾਮਲੇ ਦੀ ਪੂਰੀ ਜਾਣਕਾਰੀ ਹਾਸਲ ਕਰਨ ਅਤੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਅਗਲੀ ਲੋੜੀਂਦੀ ਕਾਰਵਾਈ ਨੂੰ ਅੱਗੇ ਵਧਾਉਣ ਲਈ ਯਤਨ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਮੇਜਰ ਅੰਜੂ ਬਾਲਾ ਸਿੰਘ ਜੀ ਨੇ ਰਾਜਪਾਲ ਸਾਹਿਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੋਵਾਂ ਨੌਜਵਾਨਾਂ ਦੀ ਸੁਰੱਖਿਆ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣਾ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਉਹ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਹਰ ਸੰਭਵ ਪੱਧਰ 'ਤੇ ਯਤਨ ਜਾਰੀ ਰੱਖਣਗੇ ਅਤੇ ਕੇਂਦਰ ਸਰਕਾਰ, ਸਬੰਧਤ ਅਧਿਕਾਰੀਆਂ ਅਤੇ ਹੋਰ ਜ਼ਿੰਮੇਵਾਰ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਪਰਿਵਾਰਾਂ ਨੂੰ ਕਾਨੂੰਨੀ, ਕੂਟਨੀਤਕ ਅਤੇ ਮਨੁੱਖੀ ਸਹਾਇਤਾ ਦਿਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰਨਗੇ।
ਮੇਜਰ ਅੰਜੂ ਬਾਲਾ ਸਿੰਘ ਜੀ ਨੇ ਕਿਹਾ ਕਿ ਇਨ੍ਹਾਂ ਪਰਿਵਾਰਾਂ ਦੀ ਪੀੜ ਨੂੰ ਸਮਝਦਿਆਂ ਹਰ ਸੰਭਵ ਯਤਨ ਕੀਤਾ ਜਾਵੇਗਾ, ਤਾਂ ਜੋ ਦੋਵਾਂ ਨੌਜਵਾਨਾਂ ਨੂੰ ਨਿਆਂ ਮਿਲ ਸਕੇ ਅਤੇ ਉਨ੍ਹਾਂ ਦੀ ਜਾਨ ਦੀ ਰੱਖਿਆ ਲਈ ਸਮੇਂ ਸਿਰ ਪ੍ਰਭਾਵਸ਼ਾਲੀ ਕਾਰਵਾਈ ਯਕੀਨੀ ਬਣਾਈ ਜਾ ਸਕੇ।

# ਪੰਜਾਬ ਅੰਤਰਰਾਸ਼ਟਰੀ ਖੇਡ ਸਮਾਗਮਾਂ ਦੀ ਮੇਜ਼ਬਾਨੀ ਵਿੱਚ ਨਵੇਂ ਮੀਲ ਪੱਥਰ ਸਥਾਪਤ ਕਰੇਗਾ; ਸਾਰੇ ਪ੍ਰਬੰਧ ਗਲੋਬਲ ਮਾਪਦੰਡਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ: ਮੁੱਖ ਮੰਤਰੀ

## ➢ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ ਲਈ ਦਰਸ਼ਕਾਂ ਦੀ ਸੁਰੱਖਿਆ ਅਤੇ ਸੁੱਖ-ਸਹੂਲਤ ਮੁੱਖ ਤਰਜੀਹ ਹੋਣੀ ਚਾਹੀਦੀ ਹੈ ➢ ਅੰਤਰਰਾਸ਼ਟਰੀ ਟੀਮਾਂ ਲਈ ਵਿਸ਼ੇਸ਼ ਬੱਸਾਂ, ਪੁਖ਼ਤਾ ਸੁਰੱਖਿਆ ਅਤੇ ਸੁਚੱਜਾ ਪ੍ਰਬੰਧਨ ਯਕੀਨੀ ਬਣਾਇਆ ਜਾਵੇ

**ਜਲੰਧਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ਾਮੀ ਜਲੰਧਰ ਦੇ ਬਰਲਟਨ ਪਾਰਕ ਸਟੇਡੀਅਮ ਦਾ ਨਿਰੀਖਣ ਕੀਤਾ ਤਾਂ ਜੋ ਆਗਾਮੀ ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਪੁਖ਼ਤਾ ਸੁਰੱਖਿਆ, ਸੁਚੱਜੀ ਆਵਾਜਾਈ ਅਤੇ ਭੀੜ ਪ੍ਰਬੰਧਨ ਦੇ ਵਿਆਪਕ ਇੰਤਜ਼ਾਮ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਦਿਨ ਵੇਲੇ ਚੰਡੀਗੜ੍ਹ ਵਿਖੇ ਉੱਚ ਪੱਧਰੀ ਸਮੀਖਿਆ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਟੇਡੀਅਮ ਦਾ ਦੌਰਾ ਕਰ ਕੇ ਬੁਨਿਆਦੀ ਢਾਂਚੇ ਦੇ ਵਿਕਾਸ, ਨਵੀਨੀਕਰਨ ਦੇ ਕੰਮਾਂ ਅਤੇ ਹਿੱਸਾ ਲੈਣ ਵਾਲੀਆਂ ਟੀਮਾਂ ਤੇ ਦਰਸ਼ਕਾਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਪ੍ਰਗਤੀ ਦਾ ਨਿੱਜੀ ਤੌਰ 'ਤੇ ਜਾਇਜ਼ਾ ਲਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਤਿਆਰੀਆਂ ਦਾ ਹਰ ਪਹਿਲੂ ਵਿਸ਼ਵ ਪੱਧਰ 'ਤੇ ਪੰਜਾਬ ਦੀ ਅਮੀਰ ਖੇਡ ਵਿਰਾਸਤ ਅਤੇ ਸੰਗਠਨਾਤਮਕ ਸਮਰੱਥਾ ਨੂੰ ਦਰਸਾਉਂਦਾ ਹੋਣਾ ਚਾਹੀਦਾ ਹੈ।

ਦਰਸ਼ਕਾਂ ਦੀ ਸੁਰੱਖਿਆ ਅਤੇ ਸੁੱਖ-ਸਹੂਲਤ ਨੂੰ ਮੁੱਖ ਤਰਜੀਹ ਦੇਣ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਸ ਵੱਕਾਰੀ ਅੰਤਰਰਾਸ਼ਟਰੀ ਖੇਡ ਸਮਾਗਮ ਨੂੰ ਸਫ਼ਲ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਪੰਜਾਬ ਨੂੰ ਅੰਤਰਰਾਸ਼ਟਰੀ ਖੇਡ ਸਮਾਗਮਾਂ ਦੀ ਮੇਜ਼ਬਾਨੀ ਵਿੱਚ ਨਵੇਂ ਮੀਲ ਪੱਥਰ ਸਥਾਪਤ ਕਰਨੇ ਚਾਹੀਦੇ ਹਨ ਅਤੇ ਹਰ ਪ੍ਰਬੰਧ ਅੰਤਰਰਾਸ਼ਟਰੀ ਮਾਪਦੰਡਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਭੀੜ ਪ੍ਰਬੰਧਨ ਲਈ ਇੱਕ ਵਿਆਪਕ ਯੋਜਨਾ ਅਤੇ ਪੁਖ਼ਤਾ ਸੁਰੱਖਿਆ ਪ੍ਰਬੰਧ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, ਦਰਸ਼ਕਾਂ ਦੀ ਸਹੂਲਤ, ਸੁਰੱਖਿਆ ਅਤੇ ਆਰਾਮ ਸਾਡੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਮੈਚਾਂ ਤੋਂ ਪਹਿਲਾਂ, ਮੈਚਾਂ ਦੌਰਾਨ ਜਾਂ ਬਾਅਦ ਵਿੱਚ ਆਉਣ ਵਾਲੇ ਲੋਕਾਂ ਨੂੰ ਕਿਸੇ ਵੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਸ ਪੱਧਰ ਦੇ ਅੰਤਰਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਾ ਪੰਜਾਬ ਲਈ ਮਾਣ ਵਾਲੀ ਗੱਲ ਹੈ। ਅਸੀਂ ਦੇਸ਼ ਅਤੇ ਵਿਦੇਸ਼ ਤੋਂ ਆਉਣ ਵਾਲੇ ਖਿਡਾਰੀਆਂ, ਅਧਿਕਾਰੀਆਂ, ਦਰਸ਼ਕਾਂ ਅਤੇ ਸੈਲਾਨੀਆਂ ਨੂੰ ਸ਼ਾਨਦਾਰ ਤਜਰਬਾ ਦੇਣ ਲਈ ਵਚਨਬੱਧ ਹਾਂ। ਹਰ ਪ੍ਰਬੰਧ ਵਿੱਚ ਪੇਸ਼ੇਵਰ ਕੁਸ਼ਲਤਾ ਅਤੇ ਮਹਿਮਾਨਨਿਵਾਜ਼ੀ ਦੇ ਉੱਚਤਮ ਮਾਪਦੰਡ ਝਲਕਣੇ ਚਾਹੀਦੇ ਹਨ।

ਨਿਰੀਖਣ ਦੌਰਾਨ ਮੁੱਖ ਮੰਤਰੀ ਨੇ ਸਟੇਡੀਅਮ ਵਿੱਚ ਨਵੀਂ ਲਗਾਈ ਗਈ ਲਾਈਟਿੰਗ ਪ੍ਰਣਾਲੀ, ਸਕੋਰ ਬੋਰਡ ਅਤੇ ਚੱਲ ਰਹੇ ਨਵੀਨੀਕਰਨ ਦੇ ਕੰਮਾਂ ਦੀ ਸਮੀਖਿਆ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਅੰਦਰ ਸਾਰੀਆਂ ਸਹੂਲਤਾਂ ਮੁਕੰਮਲ ਕਰਨ ਅਤੇ ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਹਰੇਕ ਪ੍ਰਬੰਧ ਦੀ ਚੰਗੀ ਤਰ੍ਹਾਂ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ, ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਕਾਰਜਸ਼ੀਲ ਹੋਣਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੁਕਾਬਲੇ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ। ਹਿੱਸਾ ਲੈਣ ਵਾਲੀਆਂ ਟੀਮਾਂ ਅਤੇ ਦਰਸ਼ਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿੱਚ ਕੋਈ ਕਮੀ ਨਹੀਂ ਹੋਣੀ ਚਾਹੀਦੀ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਅੰਤਰਰਾਸ਼ਟਰੀ ਪ੍ਰੋਟੋਕੋਲ ਅਨੁਸਾਰ ਕੌਮਾਂਤਰੀ ਟੀਮਾਂ ਦੇ ਖਿਡਾਰੀਆਂ ਲਈ ਵਿਸ਼ੇਸ਼ ਬੱਸਾਂ ਸਮੇਤ ਢੁਕਵੀਆਂ ਆਵਾਜਾਈ ਸਹੂਲਤਾਂ ਯਕੀਨੀ ਬਣਾਉਣ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੰਤਰਰਾਸ਼ਟਰੀ ਟੀਮਾਂ ਦੇ ਖਿਡਾਰੀਆਂ ਅਤੇ ਅਧਿਕਾਰੀਆਂ ਨੂੰ ਨਿਰਵਿਘਨ ਲੌਜਿਸਟਿਕ ਸਹਾਇਤਾ ਮਿਲਣੀ ਚਾਹੀਦੀ ਹੈ। ਟੂਰਨਾਮੈਂਟ ਦਾ ਸੁਚੱਜੇ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸਾਰੇ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਨਿਰਧਾਰਤ ਅੰਤਰਰਾਸ਼ਟਰੀ ਪ੍ਰੋਟੋਕੋਲ ਦਾ ਸਖ਼ਤੀ ਨਾਲ ਪਾਲਣ ਕਰਨਾ ਚਾਹੀਦਾ ਹੈ।

ਅਗਾਊਂ ਯੋਜਨਾਬੰਦੀ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਟੂਰਨਾਮੈਂਟ ਤੋਂ ਪਹਿਲਾਂ ਹੀ ਪ੍ਰਬੰਧਕੀ ਖ਼ਾਮੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਆਪਸੀ ਤਾਲਮੇਲ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਢੁਕਵੇਂ ਪਹੁੰਚ ਮਾਰਗ, ਭੀੜ ਕੰਟਰੋਲ ਅਤੇ ਦਰਸ਼ਕਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਇਆ ਜਾਵੇ ਤਾਂ ਜੋ ਹਾਕੀ ਪ੍ਰੇਮੀ ਬਿਨਾਂ ਕਿਸੇ ਦੇਰੀ ਦੇ ਸਟੇਡੀਅਮ ਵਿੱਚ ਦਾਖ਼ਲ ਹੋ ਸਕਣ।

ਉਨ੍ਹਾਂ ਕਿਹਾ, ਹਾਕੀ ਪ੍ਰੇਮੀਆਂ ਦੇ ਉਤਸ਼ਾਹ ਦੇ ਨਾਲ-ਨਾਲ ਮੈਦਾਨ 'ਤੇ ਇੱਕ ਸੁਰੱਖਿਅਤ, ਚੰਗੀ ਤਰ੍ਹਾਂ ਸੰਗਠਿਤ ਅਤੇ ਯਾਦਗਾਰੀ ਤਜਰਬਾ ਮਿਲਣਾ ਚਾਹੀਦਾ ਹੈ। ਟੂਰਨਾਮੈਂਟ ਦੇ ਪ੍ਰਬੰਧਾਂ ਨਾਲ ਸਬੰਧਤ ਸਾਰੇ ਫੈਸਲੇ ਸਮਰੱਥ ਅਧਿਕਾਰੀਆਂ ਨਾਲ ਤਾਲਮੇਲ ਕਰ ਕੇ ਲਏ ਜਾਣੇ ਚਾਹੀਦੇ ਹਨ ਅਤੇ ਹਰੇਕ ਭਾਈਵਾਲ ਨੂੰ ਸਪੱਸ਼ਟ ਤੌਰ 'ਤੇ ਦੱਸੇ ਜਾਣੇ ਚਾਹੀਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਬਿਹਤਰੀਨ ਹਾਕੀ ਖਿਡਾਰੀ ਪੈਦਾ ਕਰਨ ਦੀ ਸ਼ਾਨਦਾਰ ਪਰੰਪਰਾ ਰਹੀ ਹੈ, ਜਿਨ੍ਹਾਂ ਨੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ, ਏਸ਼ੀਅਨ ਹਾਕੀ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਪੰਜਾਬ ਦੀ ਅਮੀਰ ਖੇਡ ਵਿਰਾਸਤ ਦਾ ਜਸ਼ਨ ਮਨਾਉਣ, ਨੌਜਵਾਨਾਂ ਨੂੰ ਖੇਡਾਂ ਅਪਣਾਉਣ ਲਈ ਪ੍ਰੇਰਿਤ ਕਰਨ ਅਤੇ ਅੰਤਰਰਾਸ਼ਟਰੀ ਖੇਡ ਨਕਸ਼ੇ 'ਤੇ ਸੂਬੇ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਦਾ ਵਧੀਆ ਮੌਕਾ ਦੇਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਮਹਿੰਦਰ ਭਗਤ, ਪ੍ਰਧਾਨ ਹਾਕੀ ਪੰਜਾਬ ਨਿਤਿਨ ਕੋਹਲੀ, ਜਲੰਧਰ ਦੇ ਮੇਅਰ ਵਿਨੀਤ ਧੀਰ ਅਤੇ ਹੋਰ ਵੀ ਹਾਜ਼ਰ ਸਨ।

# ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਹਰ ਸ਼ਿਕਾਇਤ ਨੂੰ ਗੰਭੀਰਤਾ ਨਾਲ ਸੁਣਿਆ ਜਾ ਰਿਹਾ : ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ

**ਮੁਕੇਰੀਆਂ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਪੀੜਤਾਂ ਨੂੰ ਇਨਸਾਫ਼ ਦਿਵਾਉਣਾ ਕਮਿਸ਼ਨ ਦੀ ਸਭ ਤੋਂ ਵੱਡੀ ਤਰਜੀਹ ਹੈ।

ਕਿਸੇ ਵੀ ਵਿਅਕਤੀ ਨਾਲ ਬੇਇਨਸਾਫ਼ੀ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਹਰ ਪੀੜਤ ਦੀ ਸ਼ਿਕਾਇਤ ਨੂੰ ਗੰਭੀਰਤਾ ਨਾਲ ਸੁਣ ਕੇ ਉਸ ਦੇ ਢੁੱਕਵੇਂ ਨਿਪਟਾਰੇ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ ਸ਼ਨੀਵਾਰ ਨੂੰ ਮੁਕੇਰੀਆਂ ਵਿਖੇ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਲਗਾਏ ਗਏ ਖੁੱਲ੍ਹੇ ਸੁਣਵਾਈ ਕੈਂਪ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਸਨ। ਇਸ ਮੌਕੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਸ਼ਿਕਾਇਤਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਦੇ ਨਿਪਟਾਰੇ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।

ਉਨ੍ਹਾਂ ਕਿਹਾ ਕਿ ਖੁੱਲ੍ਹੀ ਸੁਣਵਾਈ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਸਿੱਧੇ ਸਬੰਧਤ ਅਧਿਕਾਰੀਆਂ ਦੇ ਸਾਹਮਣੇ ਰੱਖਣ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਜਨਤਾ ਦੀ ਅਦਾਲਤ ਹੈ, ਜਿੱਥੇ ਹਰੇਕ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਅਧਿਕਾਰ ਹੈ। ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੰਵੇਦਨਸ਼ੀਲਤਾ ਨਾਲ ਸੁਣਨ ਅਤੇ ਬਿਨਾਂ ਕਿਸੇ ਬੇਲੋੜੀ ਖੱਜਲ-ਖੁਆਰੀ ਦੇ ਸਮਾਂਬੱਧ ਨਿਪਟਾਰਾ ਯਕੀਨੀ ਬਣਾਉਣ। ਪਦਮਸ਼੍ਰੀ ਸ਼ੰਟੀ ਨੇ ਦੱਸਿਆ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਸਬੰਧਤ ਸ਼ਿਕਾਇਤਾਂ ਕਮਿਸ਼ਨ ਤੱਕ ਪਹੁੰਚਾਉਣ ਲਈ ਵਟਸਐਪ ਨੰਬਰ 9855475547 ਜਾਰੀ ਕੀਤਾ ਗਿਆ ਹੈ। ਕੋਈ ਵੀ ਪੀੜਤ ਵਿਅਕਤੀ ਆਪਣੀ ਸ਼ਿਕਾਇਤ ਲਿਖਤੀ ਰੂਪ ਵਿੱਚ ਇਸ ਨੰਬਰ 'ਤੇ ਭੇਜ ਸਕਦਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਪ੍ਰਾਪਤ ਸ਼ਿਕਾਇਤਾਂ 'ਤੇ ਜਲਦ ਤੋਂ ਜਲਦ ਕਾਰਵਾਈ ਸ਼ੁਰੂ ਕਰਨ ਦੇ ਯਤਨ ਕੀਤੇ ਜਾਣਗੇ, ਤਾਂ ਜੋ ਪੀੜਤਾਂ ਨੂੰ ਸਮੇਂ ਸਿਰ ਰਾਹਤ ਮਿਲ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਜਾਂ ਕਿਸੇ ਵੀ ਤਰ੍ਹਾਂ ਦੀ ਬੇਇਨਸਾਫ਼ੀ ਹੋਣ 'ਤੇ ਬਿਨਾਂ ਕਿਸੇ ਡਰ ਦੇ ਆਪਣੀ ਸ਼ਿਕਾਇਤ ਕਮਿਸ਼ਨ ਤੱਕ ਪਹੁੰਚਾਉਣ।

ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਨੇ ਦੱਸਿਆ ਕਿ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਅਤੇ ਮ੍ਰਿਤਕਾਂ ਦੀ ਮਰਿਆਦਾ ਤੇ ਅਧਿਕਾਰਾਂ ਦੀ ਰਾਖੀ ਯਕੀਨੀ ਬਣਾਉਣ ਲਈ ਕਮਿਸ਼ਨ ਵੱਲੋਂ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਇਨ੍ਹਾਂ ਅਨੁਸਾਰ ਬਿੱਲ ਦਾ ਭੁਗਤਾਨ ਨਾ ਹੋਣ ਕਾਰਨ ਕਿਸੇ ਮਰੀਜ਼ ਜਾਂ ਮ੍ਰਿਤਕ ਦੀ ਦੇਹ ਨੂੰ ਰੋਕ ਕੇ ਨਹੀਂ ਰੱਖਿਆ ਜਾ ਸਕਦਾ। ਇਸ ਤੋਂ ਇਲਾਵਾ ਨਿੱਜੀ ਹਸਪਤਾਲਾਂ ਵਿੱਚ ਲੋੜੀਂਦੀਆਂ ਮੁਰਦਾਘਰ ਸਹੂਲਤਾਂ ਅਤੇ ਐਂਬੂਲੈਂਸ ਸੇਵਾਵਾਂ ਉਪਲਬਧ ਕਰਵਾਉਣ 'ਤੇ ਵੀ ਜ਼ੋਰ ਦਿੱਤਾ ਗਿਆ ਹੈ, ਤਾਂ ਜੋ ਐਮਰਜੈਂਸੀ ਹਾਲਾਤ ਵਿੱਚ ਲੋਕਾਂ ਨੂੰ ਢੁੱਕਵੀਂ ਸਹਾਇਤਾ ਮਿਲ ਸਕੇ।

ਉਨ੍ਹਾਂ ਕਿਹਾ ਕਿ ਲਾਵਾਰਿਸ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਮ੍ਰਿਤਕਾਂ ਦੇ ਅੰਤਿਮ ਸੰਸਕਾਰ ਜਾਂ ਦਫ਼ਨਾਉਣ ਲਈ ਵੀ ਲੋੜੀਂਦੀ ਸਹਾਇਤਾ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਪੇਂਡੂ ਖੇਤਰਾਂ ਵਿੱਚ ਮ੍ਰਿਤਕ ਦੇਹਾਂ ਨੂੰ ਸੁਰੱਖਿਅਤ ਰੱਖਣ ਲਈ ਮੁਰਦਾਘਰ ਬਾਕਸਾਂ ਦੀ ਉਪਲਬਧਤਾ ਯਕੀਨੀ ਬਣਾਉਣ ਦੀ ਲੋੜ ਹੈ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਮਨੁੱਖੀ ਸੰਵੇਦਨਸ਼ੀਲਤਾ ਨਾਲ ਕੰਮ ਕਰਨ ਲਈ ਕਿਹਾ।

ਉਨ੍ਹਾਂ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਹੋ ਰਹੀ ਧੋਖਾਧੜੀ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਜਾਅਲੀ ਵੀਜ਼ੇ, ਨਕਲੀ ਆਫ਼ਰ ਲੈਟਰਾਂ ਅਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੋਕਾਂ ਦੀ ਮਿਹਨਤ ਦੀ ਕਮਾਈ ਹੜੱਪਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪਦਮਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਸਿਰਫ਼ ਕਮਿਸ਼ਨ ਜਾਂ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਸਮਾਜ ਦੇ ਹਰੇਕ ਵਿਅਕਤੀ ਦੀ ਸਾਂਝੀ ਜ਼ਿੰਮੇਵਾਰੀ ਹੈ। ਲੋਕਾਂ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਬੇਇਨਸਾਫ਼ੀ ਜਾਂ ਅਧਿਕਾਰਾਂ ਦੀ ਉਲੰਘਣਾ ਹੋਣ 'ਤੇ ਬਿਨਾਂ ਕਿਸੇ ਡਰ ਦੇ ਸ਼ਿਕਾਇਤ ਦਰਜ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਨੂੰ ਪਹਿਲ ਦਿੰਦਿਆਂ ਸੰਵੇਦਨਸ਼ੀਲਤਾ, ਜਵਾਬਦੇਹੀ ਅਤੇ ਮਨੁੱਖੀ ਦ੍ਰਿਸ਼ਟੀਕੋਣ ਨਾਲ ਕੰਮ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਾਕੇਸ਼ ਕੁਮਾਰ ਮੀਣਾ ਨੇ ਭਰੋਸਾ ਦਿਵਾਇਆ ਕਿ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਗੰਭੀਰਤਾ ਨਾਲ ਪਾਲਣਾ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਖੁੱਲ੍ਹੀ ਸੁਣਵਾਈ ਦੌਰਾਨ ਲੋਕਾਂ ਵੱਲੋਂ ਪੇਸ਼ ਕੀਤੀਆਂ ਗਈਆਂ ਸ਼ਿਕਾਇਤਾਂ ਦਾ ਸਬੰਧਤ ਵਿਭਾਗਾਂ ਰਾਹੀਂ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਵਾਇਆ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਨਾ ਵਰਤੀ ਜਾਵੇ ਅਤੇ ਹਰੇਕ ਸ਼ਿਕਾਇਤ 'ਤੇ ਨਿਯਮਾਂ ਅਨੁਸਾਰ ਲੋੜੀਂਦੀ ਕਾਰਵਾਈ ਕਰਦਿਆਂ ਪੀੜਤਾਂ ਨੂੰ ਰਾਹਤ ਦੇਣੀ ਯਕੀਨੀ ਬਣਾਈ ਜਾਵੇ। ਇਸ ਮੌਕੇ ਐਸ.ਪੀ. ਨਵਨੀਤ ਕੌਰ, ਐਸ.ਡੀ.ਐਮ. ਮੁਕੇਰੀਆਂ ਜਯੋਤਸਨਾ, ਕਮਿਸ਼ਨ ਦੇ ਮੈਂਬਰ ਦੇ ਸਕੱਤਰ ਬਲਦੇਵ ਸਿੰਘ, ਗੁਰਬਖ਼ਸ਼ ਸਹੋਤਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਮਿਸ਼ਨ ਦੇ ਜ਼ਿਲ੍ਹਾ ਕੋਰ ਗਰੁੱਪ ਦੇ ਮੈਂਬਰ, 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਟੀਮ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਮੌਜੂਦ ਸਨ।

## ਖਾਲੀ ਪਲਾਟਾਂ 'ਚ ਗੰਦਗੀ ਦੇ ਢੇਰਾਂ 'ਤੇ ਪ੍ਰਸ਼ਾਸਨ ਸਖ਼ਤ !ਮਾਲਕਾਂ ਨੂੰ ਸਫ਼ਾਈ ਤੇ ਚਾਰਦੀਵਾਰੀ ਦੇ ਹੁਕਮ



**ਫਰੀਦਕੋਟ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰਾਂ ਅਤੇ ਹੋਰ ਰਿਹਾਇਸ਼ੀ ਇਲਾਕਿਆਂ ਵਿੱਚ ਖਾਲੀ ਪਏ ਪਲਾਟਾਂ ਅੰਦਰ ਕੂੜਾ-ਕਰਕਟ, ਗੰਦਗੀ ਅਤੇ ਗੰਦੇ ਪਾਣੀ ਦੇ ਜਮ੍ਹਾਂ ਹੋਣ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਰੋਕਣ ਲਈ ਜ਼ਿਲ੍ਹਾ ਮੈਜਿਸਟਰੇਟ ਫ਼ਰੀਦਕੋਟ ਸ੍ਰੀ ਰਾਹੁਲ ਚਾਬਾ ਨੇ ਸਖ਼ਤ ਹੁਕਮ ਜਾਰੀ ਕੀਤੇ ਹਨ। ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਰੀ ਇਨ੍ਹਾਂ ਹੁਕਮਾਂ ਤਹਿਤ ਨਿੱਜੀ ਮਾਲਕੀ ਜਾਂ ਕਬਜ਼ੇ ਵਾਲੇ ਖਾਲੀ ਪਲਾਟਾਂ ਦੀ ਸਫ਼ਾਈ ਯਕੀਨੀ ਬਣਾਉਣ ਅਤੇ ਉਨ੍ਹਾਂ ਵਿੱਚ ਕੂੜਾ ਇਕੱਠਾ ਹੋਣ ਤੋਂ ਰੋਕਣ ਲਈ ਕਿਹਾ ਗਿਆ ਹੈ। ਹੁਕਮਾਂ ਅਨੁਸਾਰ ਖਾਲੀ ਪਲਾਟਾਂ ਦੇ ਮਾਲਕਾਂ ਜਾਂ ਕਾਬਜ਼ਾਂ ਨੂੰ ਆਪਣੇ ਪਲਾਟਾਂ ਵਿੱਚ ਜਮ੍ਹਾਂ ਕੂੜੇ-ਕਰਕਟ, ਗੰਦਗੀ ਅਤੇ ਮੀਂਹ ਦੇ ਪਾਣੀ ਦੀ ਨਿਕਾਸੀ ਤੇ ਸਫ਼ਾਈ ਦਾ ਪ੍ਰਬੰਧ ਆਪਣੇ ਪੱਧਰ 'ਤੇ ਕਰਨਾ ਪਵੇਗਾ। ਇਸ ਦੇ ਨਾਲ ਹੀ ਪਲਾਟਾਂ ਦੇ ਆਲੇ-ਦੁਆਲੇ ਪੱਕੀ ਚਾਰਦੀਵਾਰੀ ਜਾਂ ਵਾੜ ਕਰਵਾਉਣੀ ਯਕੀਨੀ ਬਣਾਉਣ ਅਤੇ ਪਲਾਟਾਂ ਵਿੱਚ ਕੂੜਾ-ਕਰਕਟ ਇਕੱਠਾ ਹੋਣ ਤੋਂ ਰੋਕਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਵੱਖ-ਵੱਖ ਵਿਅਕਤੀਆਂ ਦੀ ਮਾਲਕੀ ਜਾਂ ਕਬਜ਼ੇ ਹੇਠ ਪਏ ਖਾਲੀ ਪਲਾਟਾਂ ਵਿੱਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੋਣ ਨਾਲ ਨੁਕਸਾਨਦੇਹ ਜੀਵ-ਜੰਤੂ ਅਤੇ ਮੱਛਰ ਪੈਦਾ ਹੁੰਦੇ ਹਨ।

ਇਸ ਕਾਰਨ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ ਵਧ ਜਾਂਦਾ ਹੈ, ਜੋ ਲੋਕਾਂ ਦੀ ਸਿਹਤ ਲਈ ਗੰਭੀਰ ਸਮੱਸਿਆ ਬਣ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਅਜਿਹੀਆਂ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਅਤੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਖਾਲੀ ਪਲਾਟਾਂ ਦੀ ਸਫ਼ਾਈ ਅਤੇ ਗੰਦਗੀ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਇਸੇ ਮੰਤਵ ਨਾਲ ਇਹ ਹੁਕਮ ਜਾਰੀ ਕੀਤੇ ਗਏ ਹਨ।



ਹੌਲਦਾਰ ਕਰਮ ਸਿੰਘ ਨੇ ਫ਼ੌਜ ਦੀ ਨੌਕਰੀ ਤੋਂ ਬਾਅਦ ਖੇਤੀ ਦੇ ਕਿੱਤੇ ਨੂੰ ਅਪਣਾਇਆ। ਉਨ੍ਹਾਂ ਨੇ ਮੁਰਗੀ ਪਾਲਣ, ਡੇਅਰੀ ਫਾਰਮਿੰਗ ਅਤੇ ਕੇਲਿਆਂ ਦੀ ਖੇਤੀ ਨੂੰ ਅਪਣਾਇਆ ਤੇ ਅੱਜ ਇਕ ਅਗਾਂਹਵਧੂ ਕਿਸਾਨ ਹਨ...

# ਕੇਲਿਆਂ ਦੀ ਖੇਤੀ ਕਰਨ ਵਾਲਾ ਸਫਲ ਕਿਸਾਨ

## ਕਰਮ ਸਿੰਘ



• ਗੁਰਦੀਪ ਭੱਲੜੀ

ਭਾਰਤੀ ਫ਼ੌਜ ਵਿਚ 17 ਸਾਲ ਤੋਂ ਜ਼ਿਆਦਾ ਸੇਵਾ ਕਰਨ ਉਪਰੰਤ 1983 ਵਿਚ ਸੇਵਾ ਮੁਕਤ ਹੋਏ ਰੂਪਨਗਰ ਜ਼ਿਲ੍ਹੇ ਦੇ ਅਜੌਲੀ ਪਿੰਡ ਦੇ ਵਸਨੀਕ ਹੌਲਦਾਰ ਕਰਮ ਸਿੰਘ ਨੇ ਪਿਛਲੇ 35 ਸਾਲ ਤੋਂ ਖੇਤੀ ਵਿਭਿੰਨਤਾ ਤੇ ਸਹਾਇਕ ਧੰਦਿਆਂ ਨੂੰ ਅਪਣਾ ਕੇ ਇਲਾਕੇ ਦੇ ਕਿਸਾਨਾਂ ਲਈ ਨਵੀਂ ਮਿਸਾਲ ਕਾਇਮ ਕੀਤੀ ਹੈ।

ਕਰਮ ਸਿੰਘ ਨੇ ਆਪਣੇ ਪੁੱਤਰ ਸੁੱਚਾ ਸਿੰਘ ਨੂੰ ਵੀ ਪੰਜ ਏਕੜ ਦੀ ਖੇਤੀਬਾੜੀ 'ਚ ਆਪਣੇ ਨਾਲ ਰੱਖਿਆ ਹੈ। ਕਰਮ ਸਿੰਘ ਨੇ ਜ਼ਿਲ੍ਹੇ ਵਿਚ ਪਹਿਲੀ ਵਾਰ ਕੇਲਿਆਂ ਦੀ ਖੇਤੀ ਦਾ ਉਪਰਾਲਾ ਕੀਤਾ ਹੈ। ਇਸ ਤੋਂ ਇਲਾਵਾ ਉਹ ਮੁਰਗੀ ਫਾਰਮ, ਦੁੱਧ ਦਾ ਕਾਰੋਬਾਰ ਅਤੇ ਬਰਫ਼ ਦਾ ਕਾਰਖ਼ਾਨਾ ਵੀ ਚਲਾ ਰਹੇ ਹਨ।

### ਕੇਲਿਆਂ ਦੀ ਖੇਤੀ

ਕਰਮ ਸਿੰਘ ਨੇ ਦੱਸਿਆ ਕਿ ਬਿਹਾਰ ਦੇ ਪੂਰਨੀਆਂ ਜ਼ਿਲ੍ਹੇ ਤੋਂ ਉਨ੍ਹਾਂ ਕੋਲ ਰਹਿਣ ਵਾਲੇ ਖੇਤ ਮਜ਼ਦੂਰ ਫਾਗੂ ਮੁਖੀਆਂ ਨੇ ਉਨ੍ਹਾਂ ਨੂੰ ਕੇਲਿਆ ਦੀ ਖੇਤੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਕ ਏਕੜ ਵਿਚ 1200 ਬੂਟੇ ਲਗਾਏ, ਜੋ ਉਨ੍ਹਾਂ ਨੇ ਬਿਹਾਰ ਤੋਂ ਖ਼ਰੀਦ ਦੇ ਲਿਆਂਦੇ ਗਏ। ਇਸ ਕੰਮ ਉੱਪਰ ਟਰਾਂਸਪੋਰਟੇਸ਼ਨ ਸਮੇਤ ਕਰੀਬ 50 ਹਜ਼ਾਰ ਰੁਪਏ ਖ਼ਰਚ ਆਇਆ। ਉਨ੍ਹਾਂ ਦੱਸਿਆ ਕਿ ਸਾਲ ਵਿਚ ਕੇਲਿਆਂ ਦੀ ਇਕ ਫ਼ਸਲ ਦੀ ਪੈਦਾਵਾਰ ਹੁੰਦੀ ਹੈ ਤੇ ਲਗਭਗ 240 ਕੇਲੇ ਇਕ ਬੂਟੇ 'ਤੇ ਲਗਦੇ ਹਨ। ਹਰ ਸਾਲ ਕੇਲਿਆਂ ਦੀ ਪਨੀਰੀ ਇਨ੍ਹਾਂ ਬੂਟਿਆਂ ਤੋਂ ਹੀ ਤਿਆਰ ਹੋ ਜਾਂਦੀ ਹੈ। ਬੂਟਿਆਂ ਦਾ ਰੱਖ-ਰਖਾਉ ਬਹੁਤ ਧਿਆਨ ਨਾਲ ਕਰਨਾ ਪੈਂਦਾ ਹੈ, ਪ੍ਰੰਤੂ ਇਸ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਨਾਲ ਮਿਹਨਤ ਦੀ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ। ਹੁਣ ਉਹ ਕੇਲਿਆਂ ਦੀ ਅਗਲੇ ਮਹੀਨੇ ਆਉਣ ਵਾਲੀ ਫ਼ਸਲ ਦੀ ਉਡੀਕ ਕਰ ਰਹੇ ਹਨ।

### ਫ਼ਸਲੀ ਵਿਭਿੰਨਤਾ ਦਾ ਮੁਦੱਈ

ਕਰਮ ਸਿੰਘ ਨੇ ਦਸਿਆ ਕਿ ਉਹ ਲੋੜ ਤੋਂ ਵੱਧ ਸਪਰੇਆਂ ਦੇ ਸ਼ੁਰੂ ਤੋਂ ਹੀ ਵਿਰੁੱਧ ਰਹੇ ਹਨ। ਉਨ੍ਹਾਂ ਨੇ ਖ਼ੁਰਾਕੀ ਲੋੜਾਂ ਦੀ ਪੂਰਤੀ ਲਈ ਫ਼ਸਲੀ ਵਿਭਿੰਨਤਾ ਨੂੰ ਅਪਣਾਏ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਰਸਾਨੀ 'ਚ ਆਏ ਸੁਧਾਰਾਂ ਨੇ ਛੋਟੇ ਕਿਸਾਨਾਂ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਸਹਾਇਕ ਧੰਦੇ ਦੇ ਤੌਰ 'ਤੇ ਉਨ੍ਹਾਂ ਨੇ ਦੁੱਧ ਦੇ ਕਾਰੋਬਾਰ ਨੂੰ ਵੀ ਅਪਣਾਇਆ ਹੈ। ਇਹ ਧੰਦਾ ਰੋਜ਼ਾਨਾ ਆਮਦਨ ਦਾ ਵਧੀਆ ਜ਼ਰੀਆ ਹੈ। ਉਨ੍ਹਾਂ ਕਿਹਾ ਕਿ ਸਫਲ ਕਿਰਸਾਨੀ ਲਈ ਹਰ ਕਿਸਾਨ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਬਾਗ਼ਬਾਨੀ ਵਿਭਾਗ, ਪਸ਼ੂ ਪਾਲਣ ਵਿਭਾਗ, ਡੇਅਰੀ ਪਾਲਣ ਆਦਿ ਵਿਭਾਗਾਂ ਦੇ ਮਾਹਿਰਾਂ ਦੀ ਰਾਏ ਜ਼ਰੂਰੀ ਲੈਂਦੇ ਰਹਿਣਾ ਚਾਹੀਦਾ ਹੈ। • 94173-35325

### ਮੁਰਗੀ ਫਾਰਮ ਤੇ ਬਰਫ਼ ਦਾ ਕਾਰਖ਼ਾਨਾ

ਅਜੌਲੀ ਪਿੰਡ ਨੰਗਲ-ਸ੍ਰੀ ਅਨੰਦਪੁਰ ਸਾਹਿਬ-ਚੰਡੀਗੜ੍ਹ ਮੁੱਖ ਮਾਰਗ 'ਤੇ ਸਥਿਤ ਹੈ। ਪਿੰਡ ਵਿਚ ਕਰਮ ਸਿੰਘ ਕੋਲ ਪੰਜ ਏਕੜ ਜ਼ਮੀਨ ਹੈ, ਜਿਥੇ ਉਹ ਆਪਣੀ ਖੇਤੀਬਾੜੀ ਸਫਲਤਾਪੂਰਵਕ ਕਰ ਰਹੇ ਹਨ। ਉਨ੍ਹਾਂ ਦੇ ਮੁਰਗੀ ਫਾਰਮ ਦੀ ਸਮਰਥਾ 7500 ਮੁਰਗੀਆਂ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕੰਟਰੈਕਟ ਫਾਰਮਿੰਗ ਨੂੰ ਵੀ ਅਪਣਾਇਆ ਹੈ। ਉਹ ਆਪਣੇ ਪੋਲਟਰੀ ਫਾਰਮ ਵਿਚ ਇਕ ਕੰਪਨੀ ਤੋਂ ਚੂਜੇ ਲਿਆ ਕੇ ਉਨ੍ਹਾਂ ਨੂੰ ਪਾਲਦੇ ਹਨ ਅਤੇ 35 ਦਿਨਾਂ ਵਿਚ ਜਦ ਇਹ ਚੂਜੇ ਡੇਢ ਤੋਂ 2 ਕਿੱਲੋ ਦੇ ਮੁਰਗੇ ਦਾ ਰੂਪ ਲੈ ਲੈਂਦੇ ਹਨ ਤਾਂ ਇਨ੍ਹਾਂ ਨੂੰ ਵੇਚ ਦਿੱਤਾ ਜਾਂਦਾ ਹੈ। ਮੁਰਗੀ ਫਾਰਮ 'ਚ ਚੂਜਿਆਂ ਦੀ ਸਮੁੱਚੀ ਦੇਖ-ਰੇਖ ਖ਼ੁਰਾਕ ਤੇ ਰੱਖ-ਰਖਾਉ ਦਾ ਜ਼ਿੰਮਾ ਸੁੱਚਾ ਸਿੰਘ ਦਾ ਹੈ। ਕਰਮ ਸਿੰਘ ਨੇ ਦੱਸਿਆ ਕਿ ਉਹ ਆਪਣੇ ਕਾਰਖ਼ਾਨੇ ਦੀ ਰੋਜ਼ਾਨਾ ਬਰਫ਼ ਦੀਆਂ 150 ਸਿਲੀਆਂ ਤਿਆਰ ਕਰਨ ਦੀ ਸਮਰਥਾ ਹੈ ਅਤੇ ਇਹ ਧੰਦਾ ਵੀ ਉਨ੍ਹਾਂ ਨੂੰ ਸਾਰਾ ਸਾਲ ਚੰਗਾ ਮੁਨਾਫ਼ਾ ਦਿੰਦਾ ਹੈ।

---

ਬਰੌਕਲੀ ਵਿਚ ਵਿਟਾਮਿਨ, ਲੋਹਾ, ਕੈਲਸ਼ੀਅਮ, ਪ੍ਰੋਟੀਨ, ਵਿਟਾਮਿਨ ਤੇ ਹੋਰ ਤੱਤ ਭਰਪੂਰ ਮਾਤਰਾ 'ਚ ਹੁੰਦੇ ਹਨ। ਜਾਮਨੀ ਰੰਗ ਦੀ ਬਰੌਕਲੀ ਵਿਚ ਕੈਂਸਰ ਨੂੰ ਘੱਟ ਕਰਨ ਵਾਲੇ ਤੱਤ ਹੁੰਦੇ ਹਨ। ਇਹ ਕੋਲੈਸਟਰੋਲ ਨੂੰ ਘਟਾਉਣ, ਅੱਖਾਂ ਦੀ ਰੋਸ਼ਨੀ ਵਧਾਉਣ, ਚਮੜੀ ਦੀਆਂ ਬਿਮਾਰੀਆਂ ਰੋਕਣ 'ਚ ਬੇਹੱਦ ਅਸਰਦਾਰ ਹੈ...

# ਬਰੌਕਲੀ ਦੀ ਫ਼ਸਲ ਦੀ ਸੁਚੱਜੀ ਕਾਸ਼ਤ







• ਡਾ. ਬਲਵਿੰਦਰ ਸਿੰਘ ਢਿੱਲੋਂ
94654-20097

ਬਰੌਕਲੀ ਇਕ ਉੱਤਮ ਹਰੀ ਸਬਜ਼ੀ ਹੈ ਅਤੇ ਇਸ ਨੂੰ ਸਲਾਦ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਇਸ ਵਿਚ ਵਿਟਾਮਿਨ, ਲੋਹਾ ਅਤੇ ਕੈਲਸ਼ੀਅਮ ਭਰਪੂਰ ਮਾਤਰਾ 'ਚ ਹੁੰਦੇ ਹਨ। ਇਸ ਵਿਚ 3.3 ਫ਼ੀਸਦੀ ਪ੍ਰੋਟੀਨ, ਵਿਟਾਮਿਨ-ਏ, ਵਿਟਾਮਿਨ-ਸੀ, ਥਾਇਆਮੀਨ, ਨਾਇਸੀਨ ਤੇ ਰਿਬੋਫਲਾਵਿਨ ਆਦਿ ਤੱਤ ਵੀ ਹੁੰਦੇ ਹਨ। ਜਾਮਨੀ ਰੰਗ ਦੀ ਬਰੌਕਲੀ ਵਿਚ ਗਲੂਕੋਸੀਨੋਲੇਟ 72-212 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਪਾਇਆ ਜਾਂਦਾ ਹੈ। ਇਸ ਵਿਚ ਕੈਂਸਰ ਨੂੰ ਘੱਟ ਕਰਨ ਵਾਲੇ ਤੱਤ ਵੀ ਹੁੰਦੇ ਹਨ। ਇਹ ਸਬਜ਼ੀ ਕੋਲੈਸਟਰੋਲ ਘਟਾਉਣ, ਅੱਖਾਂ ਦੀ ਰੋਸ਼ਨੀ ਵਧਾਉਣ, ਚਮੜੀ ਦੀ ਸੁਰੱਖਿਆ, ਕਬਜ਼ ਰੋਕਣ ਤੇ ਐਲਰਜੀ ਘਟਾਉਣ 'ਚ ਵੀ ਮਦਦ ਕਰਦੀ ਹੈ। ਠੰਢਾ ਅਤੇ ਸਿੱਲ੍ਹਾ ਮੌਸਮ ਇਸ ਦੀ ਕਾਸ਼ਤ ਲਈ ਬਹੁਤ ਵਧੀਆਹੈ। ਇਹ ਫ਼ਸਲ ਜ਼ਆਦਾ ਤਾਪਮਾਨ ਨਹੀਂ ਸਹਿ ਸਕਦੀ। ਇਸ ਦੀ ਪੈਦਾਵਾਰ ਲਈ 17-23 ਡਿਗਰੀ ਸੈਂਟੀਗ੍ਰੇਡ ਤਾਪਮਾਨ ਉੱਤਮ ਹੈ। ਇਸ ਦੀ ਕਾਸ਼ਤ ਕਈ ਤਰ੍ਹਾਂ ਦੀ ਜ਼ਮੀਨ, ਜਿਸ ਵਿਚ ਜੈਵਿਕ ਮਾਦਾ ਭਰਪੂਰ ਮਾਤਰਾ 'ਚ ਹੋਵੇ, ਉਸ ਵਿਚ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ।

### ਉੱਨਤ ਕਿਸਮਾਂ

**ਪਾਲਮ ਸਮਰਿਧੀ** : ਇਸ ਦੇ ਪੱਤੇ ਚੌੜੇ ਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਮੁੱਖ ਅਤੇ ਛੋਟੇ ਗੁੱਟਾਂ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ। ਗੁੱਟ ਗੁੰਦਵੇਂ, ਗੋਲ ਤੇ ਨਰਮ ਹੁੰਦੇ ਹਨ। ਪਨੀਰੀ ਪੁੱਟ ਕੇ ਖੇਤ 'ਚ ਲਗਾਉਣ ਤੋਂ ਕਰੀਬ 72 ਦਿਨਾਂ ਬਾਅਦ ਮੁੱਖ ਗੁੱਟ ਕਟਾਈ ਲਈ ਤਿਆਰ ਹੋਣ ਲੱਗਦੇ ਹਨ। ਇਹ ਕਿਸਮ ਸਬਜ਼ੀ ਤੇ ਸਲਾਦ ਵਾਸਤੇ ਢੁੱਕਵੀਂ ਹੈ।

**ਪੰਜਾਬ ਬਰੌਕਲੀ-1** : ਇਸ ਦੇ ਪੱਤੇ ਛੋਟੇ, ਲਹਿਰਦਾਰ ਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ। ਗੁੱਟ ਗੁੰਦਵੇਂ ਤੇ ਨਰਮ ਹੁੰਦੇ ਹਨ। ਪਨੀਰੀ ਖੇਤ 'ਚ ਲਗਾਉਣ ਤੋਂ ਕਰੀਬ 65 ਦਿਨਾਂ ਬਾਅਦ ਮੁੱਖ ਗੁੱਟ ਕਟਾਈ ਲਈ ਤਿਆਰ ਹੋ ਜਾਂਦੇ ਹਨ। ਇਹ ਕਿਸਮ ਵੀ ਸਬਜ਼ੀ ਤੇ ਵਾਸਤੇ ਢੁੱਕਵੀਂ ਹੈ।

### ਬੀਜ ਦੀ ਮਾਤਰਾ

ਪਨੀਰੀ ਬੀਜਣ ਦਾ ਸਮਾਂ ਅਗਸਤ-ਸਤੰਬਰ ਹੈ। ਜਦੋਂ ਪਨੀਰੀ ਇਕ ਮਹੀਨੇ ਦੀ ਹੋ ਜਾਵੇ ਤਾਂ ਇਸ ਨੂੰ ਪੁੱਟ ਕੇ ਖੇਤ 'ਚ ਲਾ ਦਿਓ। ਇਕ ਏਕੜ ਵਾਸਤੇ 250 ਗ੍ਰਾਮ ਬੀਜ ਕਾਫ਼ੀ ਹੈ। ਫ਼ਸਲ ਵੇਲੇ ਸਿਰ ਲਗਾਣ ਨਾਲ ਇਹ ਨਿਸਾਰ ਤੋਂ ਬਚੀ ਰਹਿੰਦੀ ਹੈ। ਪਨੀਰੀ ਨੂੰ ਸ਼ਾਮ ਵੇਲੇ ਠੀਕ ਵੱਤਰ ਵਿਚ ਪੁੱਟ ਕੇ ਖੇਤ 'ਚ ਲਾਉ ਤੇ ਫਿਰ ਪਾਣੀ ਦੇ ਦਿਉ। ਕਤਾਰਾਂ ਤੇ ਬੂਟਿਆਂ ਵਿਚਕਾਰ ਫ਼ਾਸਲਾ 45 ਸੈਂ.ਮੀ. ਰੱਖੋ।

### ਨਦੀਨਾਂ ਦੀ ਰੋਕਥਾਮ

ਬਰੌਕਲੀ ਦੀ ਫ਼ਸਲ 'ਚ ਨਦੀਨਾਂ ਦੀ ਰੋਕਥਾਮ ਲਈ 750 ਮਿਲੀਲਿਟਰ ਬਾਸਾਲਿਨ 45 ਈਸੀ (ਫਲੂਕਲੋਰਾਲਿਨ) ਪ੍ਰਤੀ ਏਕੜ ਬੂਟੇ ਲਗਾਉਣ ਤੋਂ ਪਹਿਲਾਂ ਜ਼ਮੀਨ 'ਚ ਮਿਲਾਉ। ਜ਼ਮੀਨ ਦੀ ਤਿਆਰੀ ਪਿੱਛੋਂ ਖੇਤ ਵਿਚ ਬੂਟੇ ਲਗਾਉਣ ਤੋਂ ਘੱਟੋ-ਘੱਟ 4 ਦਿਨ ਪਹਿਲਾਂ ਨਦੀਨ ਨਾਸ਼ਕ ਨੂੰ ਸਿੰਚਾਈ ਰਾਹੀਂ ਖੇਤ 'ਚ ਮਿਲਾਉ। ਹਲਕੀ ਵਾਹੀ ਨਾਲ ਨਦੀਨ ਨਾਸ਼ਕ ਨੂੰ ਖੇਤ ਦੀ ਉਪਰਲੀ ਤਹਿ 'ਚ ਮਿਲਾਇਆ ਜਾ ਸਕਦਾ ਹੈ। ਚਾਲੀ ਦਿਨਾਂ ਬਾਅਦ ਇਕ ਗੋਡੀ ਵੀ ਕਰੋ। ਸਟੌਂਪ 30 ਈਸੀ (ਪੈਂਡੀਮੈਥਾਲਿਨ) ਇਕ ਲੀਟਰ ਪ੍ਰਤੀ ਏਕੜ ਜਾਂ ਸਟੌਂਪ 30 ਈਸੀ 750 ਮਿਲੀਲਿਟਰ ਦਵਾਈ ਨੂੰ 200 ਲੀਟਰ ਪਾਣੀ 'ਚ ਘੋਲ ਕੇ ਇਕਸਾਰ ਸਪਰੇਅ ਕਰੋ ਅਤੇ ਬੂਟੇ ਲਗਾਉਣ ਤੋਂ 35 ਦਿਨਾਂ ਬਾਅਦ ਇਕ ਗੋਡੀ ਕਰੋ। ਸਟੌਂਪ ਦੀ ਵਰਤੋਂ ਚੰਗੀ ਸਿੱਲ੍ਹ ਵਾਲੇ ਖੇਤ 'ਚ ਬੂਟੇ ਲਗਾਉਣ ਤੋਂ ਇਕ ਦਿਨ ਪਹਿਲਾਂ ਕਰਨੀ ਚਾਹੀਦੀ ਹੈ।

### ਖਾਦ ਪ੍ਰਬੰਧ

ਇਸ ਫ਼ਸਲ ਵਿਚ 40 ਟਨ ਗਲੀ ਸੜੀ ਰੂੜੀ, 50 ਕਿੱਲੋ ਨਾਈਟ੍ਰੋਜਨ (110 ਕਿੱਲੋ ਯੂਰੀਆ), 25 ਕਿੱਲੋ ਫਾਸਫੋਰਸ (155 ਕਿੱਲੋ ਸੁਪਰਫਾਸਫੇਟ) ਤੇ 25 ਕਿੱਲੋ ਪੋਟਾਸ਼ (40 ਕਿੱਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਉਣੀ ਜ਼ਰੂਰੀ ਹੈ। ਸਾਰੀ ਰੂੜੀ, ਫਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਪਨੀਰੀ ਲਗਾਉਣ ਤੋਂ ਪਹਿਲਾਂ ਤੇ ਅੱਧੀ ਨਾਟੀਟ੍ਰੋਜਨ ਇਕ ਮਹੀਨੇ ਬਾਅਦ ਪਾਉ।

### ਸਿੰਚਾਈ

ਪਹਿਲਾ ਪਾਣੀ ਪਨੀਰੀ ਲਗਾਉਣ ਤੋਂ ਤੁਰੰਤ ਬਾਅਦ ਲਗਾਉ। ਬਾਅਦ ਵਾਲੀਆਂ ਸਿੰਚਾਈਆਂ ਗਰਮੀਆਂ 'ਚ 7-8 ਦਿਨ ਅਤੇ ਸਰਦੀਆਂ 'ਚ 10-15 ਦਿਨ ਦੇ ਵਕਫ਼ੇ 'ਤੇ ਜ਼ਮੀਨ ਦੀ ਕਿਸਮ ਅਨੁਸਾਰ ਕਰੋ। ਕੁੱਲ 8-12 ਪਾਣੀਆਂ ਦੀ ਲੋੜ ਹੈ।

### ਕਟਾਈ ਤੇ ਮੰਡੀਕਰਨ

ਜਿਉਂ ਹੀ ਗੁੱਟ ਮੰਡੀਕਰਨ ਲਈ ਸਹੀ ਆਕਾਰ ਦੇ ਹੋਣ, ਇਨ੍ਹਾਂ ਨੂੰ ਕੱਟ ਲਵੋ। ਇਨ੍ਹਾਂ ਦਾ ਛੇਤੀ ਹੀ ਮੰਡੀਕਰਨ ਕਰ ਦਿਉ ਕਿਉਂਕਿ ਇਹ ਜ਼ਿਆਦਾ ਦੇਰ ਨਹੀਂ ਰੱਖੇ ਜਾ ਸਕਦੇ। ਵਿਚਕਾਰਲਾ ਗੁੱਟ ਕੱਟਣ ਤੋਂ 10-12 ਦਿਨ ਬਾਅਦ ਛੋਟੇ ਗੁੱਟਾਂ ਦੀ ਕਟਾਈ ਸ਼ੁਰੂ ਕਰੋ। •

---

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪੌਲੀ ਨੈੱਟ ਹਾਊਸ 'ਚ ਉਗਾਈ ਜਾਣ ਵਾਲੀ ਬੀਜ ਰਹਿਤ ਖੀਰੇ ਦੀ ਨਵੀਂ ਕਿਸਮ ਜਾਰੀ ਕੀਤੀ ਗਈ ਹੈ। ਇਹ ਪੰਜਾਬ ਦੀ ਪਹਿਲੀ ਬੀਜ ਰਹਿਤ ਕਿਸਮ ਹੈ। ਇਹ ਕਿਸਮ ਬਿਜਾਈ ਤੋਂ 45 ਦਿਨ ਬਾਅਦ ਤੁੜਾਈਯੋਗ ਹੋ ਜਾਂਦੀ ਹੈ। ਝਾੜ ਕਰੀਬ 300 ਕੁਇੰਟਲ ਪ੍ਰਤੀ ਏਕੜ ਹੈ...

# ਖੀਰੇ ਦੀ ਨਵੀਂ ਕਿਸਮ ਪੰਜਾਬ ਖੀਰਾ-1



• ਆਰਕੇ ਢੱਲ, ਦਿਲਬਾਗ ਸਿੰਘ
94176-25278

ਪੌਲੀ ਨੈੱਟ ਹਾਊਸ 'ਚ ਖੀਰੇ ਦੀ ਕਾਸ਼ਤ ਬਹੁਤ ਲਾਹੇਵੰਦ ਹੈ। ਪੌਲੀ ਹਾਊਸ ਵਿਚ ਖੀਰੇ ਦੀਆਂ ਸਾਲ 'ਚ ਦੋ ਫ਼ਸਲਾਂ ਲਈਆਂ ਜਾ ਸਕਦੀਆਂ ਹਨ। ਬੀਜ ਰਹਿਤ ਖੀਰਾ ਪੌਲੀ ਹਾਊਸ 'ਚ ਵਧੇਰੇ ਝਾੜ ਦਿੰਦਾ ਹੈ ਕਿਉਂਕਿ ਫਲ ਬਣਨ ਲਈ ਬੀਜ ਰਹਿਤ ਕਿਸਮਾਂ ਨੂੰ ਪਰਪਰਾਗਣ ਦੀ ਲੋੜ ਨਹੀ ਪੈਂਦੀ। ਹਾਲ ਹੀ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੌਲੀ ਨੈੱਟ ਹਾਊਸ 'ਚ ਕਾਸ਼ਤ ਕਰਨ ਲਈ ਬੀਜ ਰਹਿਤ ਖੀਰੇ ਦੀ 'ਪੰਜਾਬ ਖੀਰਾ-1' ਨਾਂ ਦੀ ਕਿਸਮ ਜਾਰੀ ਕੀਤੀ ਹੈ। ਇਸ ਦੇ ਫਲ ਬੀਜ ਅਤੇ ਕੁੜਤਣ ਰਹਿਤ, ਗੂੜ੍ਹੇ ਹਰੇ ਤੇ ਦਰਮਿਆਨੇ ਅਕਾਰ (13-16 ਸੈਂਟੀਮੀਟਰ) ਦੇ ਹੁੰਦੇ ਹਨ। ਇਹ ਪੰਜਾਬ 'ਚ ਖੀਰੇ ਦੀ ਪਹਿਲੀ ਬੀਜ ਰਹਿਤ ਕਿਸਮ ਹੈ। ਇਹ ਕਿਸਮ ਬਿਜਾਈ ਤੋਂ 45 ਦਿਨ ਬਾਅਦ ਤੁੜਾਈਯੋਗ ਹੋ ਜਾਂਦੀ ਹੈ। ਝਾੜ ਕਰੀਬ 300 ਕੁਇੰਟਲ ਪ੍ਰਤੀ ਏਕੜ ਹੈ।

### ਮੌਸਮ ਤੇ ਜ਼ਮੀਨ

ਖੀਰੇ ਦੇ ਬੀਜ ਦੇ ਜੰਮ ਲਈ ਢੁੱਕਵਾਂ ਤਾਪਮਾਨ 25-29 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਫ਼ਸਲ ਦੇ ਵਾਧੇ ਲਈ ਦਿਨ ਦਾ ਤਾਪਮਾਨ 22-24 ਡਿਗਰੀ ਤੇ ਰਾਤ ਦਾ ਤਾਪਮਾਨ 19-20 ਡਿਗਰੀ ਸੈਂਟੀਗ੍ਰੇਡ ਬੇਹੱਦ ਅਨੁਕੂਲ ਹੈ। ਖੀਰੇ ਦੀ ਫ਼ਸਲ ਮੌਸਮ ਦੇ ਲਿਹਾਜ਼ ਨਾਲ ਬਹੁਤ ਨਾਜ਼ੁਕ ਹੁੰਦੀ ਹੈ ਤੇ ਜ਼ਿਆਦਾ ਠੰਢ ਜਾਂ ਕੋਰੇ ਨੂੰ ਬਰਦਾਸਤ ਨਹੀ ਕਰ ਸਕਦੀ। ਜ਼ਿਆਦਾ ਸਿੱਲ੍ਹੇ ਮੌਸਮ ਵਿਚ ਗਿਚੀ ਗਲਣ ਦਾ ਰੋਗ ਹੋ ਜਾਂਦਾ ਹੈ। ਖੀਰੇ ਦੀ ਫ਼ਸਲ ਲਈ ਜ਼ਮੀਨ ਮੈਰਾ ਤੇ ਚੰਗੀ ਜਲ ਨਿਕਾਸੀ ਵਾਲੀ ਹੋਣੀ ਚਾਹੀਦੀ ਹੈ।

### ਬੀਜ ਦੀ ਮਾਤਰਾ

ਪੌਲੀ ਨੈੱਟ ਹਾਉਸ 'ਚ ਖੀਰੇ ਦੀ ਫ਼ਸਲ ਸਾਲ 'ਚ ਦੋ ਵਾਰ ਲਗਾਈ ਜਾ ਸਕਦੀ ਹੈ। ਪਹਿਲੀ ਫ਼ਸਲ ਅਗਸਤ ਦੇ ਆਖ਼ਰੀ ਹਫ਼ਤੇ ਤੋਂ ਸਤੰਬਰ ਦੇ ਪਹਿਲੇ ਹਫ਼ਤੇ ਵਿਚ ਬੀਜੀ ਜਾਂਦੀ ਹੈ ਪਰ ਬੀਜਣ ਸਮੇਂ ਤਾਪਮਾਨ ਤੇ ਨਮੀ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿਉਂਕਿ ਇਸ ਮੌਸਮ ਵਿਚ ਗਿੱਚੀ ਗਲਣ ਰੋਗ ਤੇ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਦੂਜੀ ਫ਼ਸਲ ਦਸੰਬਰ ਦੇ ਆਖ਼ਰੀ ਹਫ਼ਤੇ ਤੋਂ ਜਨਵਰੀ ਦੇ ਪਹਿਲੇ ਹਫ਼ਤੇ ਦਰਮਿਆਨ ਪਲਾਸਟਿਕ ਦੀਆਂ ਟਰੇਆਂ 'ਚ ਬੀਜੋ ਤੇ ਕਰੀਬ 30 ਦਿਨਾਂ ਬਾਅਦ ਪੌਲੀ ਨੈੱਟ ਹਾਊਸ ਵਿਚ ਲਾਓ। ਬਿਜਾਈ ਤੋ ਪਹਿਲਾਂ ਕੈਪਟਾਨ/ਥੀਰਮ/ਬਾਵਿਸਟਨ 2-3 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਸਤੰਬਰ 'ਚ ਬੀਜੀ ਹੋਈ ਪਨੀਰੀ 12-15 ਦਿਨਾਂ ਬਾਅਦ ਪੌਲੀ ਹਾਉਸ 'ਚ ਲਗਾਉਣ ਲਈ ਤਿਆਰ ਹੋ ਜਾਂਦੀ ਹੈ। ਇਸ ਮੌਸਮ 'ਚ ਪਨੀਰੀ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਵਾਸਤੇ ਪਲਾਸਟਿਕ ਨੈੱਟ ਨਾਲ ਢਕ ਦਿਓ। ਇਸ ਨਾਲ ਫ਼ਸਲ ਉੱਤੇ ਵਿਸ਼ਾਣੂਆਂ ਦੇ ਹਮਲੇ ਤੋਂ ਬਚਾਅ ਰਹਿੰਦਾ ਹੈ। ਇਕ ਏਕੜ ਦੇ ਪੌਲੀ ਨੈੱਟ ਹਾਊਸ 'ਚ 12 ਤੋਂ 13 ਹਜ਼ਾਰ ਬੂਟਿਆਂ ਦੀ ਲੋੜ ਹੈ। ਪਨੀਰੀ ਨੂੰ ਪੌਲੀ ਹਾਉਸ 'ਚ ਲਗਾਉਣ ਤੋ ਪਹਿਲਾਂ ਇਸ ਦੀਆਂ ਟਰੇਆਂ ਤੇ ਬਾਵਿਸਟਨ 2 ਗ੍ਰਾਮ ਪ੍ਰਤੀ ਲੀਟਰ ਪਾਣੀ ਨਾਲ ਛਿੜਕਾਅ ਕਰੋ ਅਤੇ ਜੇ ਪਨੀਰੀ 'ਤੇ ਚਿੱਟੀ ਮੱਖੀ ਹੋਵੇ ਤਾਂ ਕੋਨਫੀਡੋਰ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ, ਜਿਸ ਦੀ ਮਾਤਰਾ 0.4 ਮਿਲੀਲਿਟਰ ਪ੍ਰਤੀ ਲੀਟਰ ਪਾਣੀ ਹੁੰਦੀ ਹੈ।

### ਪਟੜੇ ਬਣਾਉਣਾ ਤੇ ਪਾਈਪ ਵਿਛਾਉਣੇ

ਪੌਲੀ ਹਾਊਸ 'ਚ ਪਟੜੇ (ਬੈੱਡ) ਤਿਆਰ ਕਰਦੇ ਸਮੇਂ ਹੇਠਲੇ ਪਾਸਿਓਂ ਬੈੱਡ 100 ਸੈਂਟੀਮੀਟਰ ਚੌੜਾ ਬਣਾਓ ਤੇ ਬੈੱਡ ਤਿਆਰ ਹੋਣ ਤੋਂ ਬਾਅਦ ਉੱਪਰਲੇ ਪਾਸਿਓਂ 60-70 ਸੈਂਟੀਮੀਟਰ ਚੌੜਾ ਰੱਖੋ। ਬੂਟੇ ਪਟੜਿਆਂ ਦੇ ਦੋਵੇਂ ਪਾਸੇ ਕਤਾਰਾਂ 'ਚ ਲਗਾਉ। ਇਕ ਕਤਾਰ ਜੋੜ੍ਹੇ ਵਿਚ ਦੂਜੀ ਕਤਾਰ ਦੇ ਬੂਟਿਆਂ ਦੀ ਬਿਜਾਈ/ਲਵਾਈ ਤ੍ਰਿਕੋਣੇ ਆਧਾਰ ਵਿਚ ਕਰੋ, ਭਾਵ ਇਕ ਕਤਾਰ ਜੋੜੇ ਵਿਚ ਦੂਜੀ ਕਤਾਰ ਦੇ ਬੂਟਿਆਂ ਨੂੰ ਪਹਿਲੀ ਕਤਾਰ ਦੇ ਬੂਟਿਆਂ ਦੇ ਵਿਚਕਾਰ ਲਗਾਉਣਾ ਚਾਹੀਦਾ ਹੈ। ਇਸ ਨਾਲ ਬੂਟੇ ਨੂੰ ਧੁੱਪ ਤੇ ਹਵਾ ਬਰਾਬਰ ਮਿਲਦੀ ਹੈ ਤੇ ਫਲ ਵੀ ਜ਼ਿਆਦਾ ਲਗਦਾ ਹੈ।



### ਫ਼ਾਸਲਾ ਤੇ ਸਿੰਚਾਈ

ਕਤਾਰਾਂ ਵਿਚਲਾ ਫ਼ਾਸਲਾ 45-50 ਸੈਂਟੀਮੀਟਰ ਤੇ ਬੂਟਿਆਂ ਵਿਚਕਾਰ ਫ਼ਾਸਲਾ 30 ਸੈਂਟੀਮੀਟਰ ਰੱਖੋ। ਇਕ ਬੈੱਡ 'ਤੇ ਦੋ ਡਰਿਪ ਲਾਈਨਾਂ (ਪਾਈਪ) ਵਿਛਾਉ। ਪਾਈਪ ਦੇ ਡਰਿਪਰਾਂ ਵਿਚਕਾਰ ਫ਼ਾਸਲਾ ਇਕ ਫੁੱਟ ਤੇ ਡਰਿਪਰ ਦੀ ਪਾਣੀ ਨਿਕਾਸੀ ਸਮਰਥਾ 2 ਲੀਟਰ ਪ੍ਰਤੀ ਘੰਟਾ ਰੱਖੋ।

### ਵੇਲਾਂ ਦੀ ਕਾਂਟ-ਛਾਂਟ

ਖੀਰੇ ਦੇ ਬੂਟੇ ਨੂੰ ਪਲਾਸਟਿਕ ਦੀ ਤਾਰ ਜਾਂ ਸੇਬੇ ਦੀ ਮਦਦ ਨਾਲ ਉੱਪਰ ਵੱਲ ਨੂੰ ਚਾੜ੍ਹੋ। ਜਦ ਬੂਟੇ ਦਾ ਵਾਧਾ ਕਰੀਬ 2-3 ਫੁੱਟ ਹੋ ਜਾਵੇ ਤਾਂ ਬੂਟੇ ਦੇ ਹੇਠਲੇ ਪਾਸਿਉਂ ਲਗਪਗ ਇਕ ਫੁੱਟ ਤਕ ਸਾਰੇ ਫੁੱਲ ਮਸਲ ਦਿਓ ਤਾਂ ਜੋ ਬੂਟੇ ਦਾ ਵਾਧਾ ਉੱਪਰ ਵੱਲ ਨੂੰ ਜ਼ਿਆਦਾ ਹੋ ਸਕੇ। ਜੇ ਬੂਟੇ ਦੀ ਇਕ ਗੰਢ 'ਤੇ ਜ਼ਿਆਦਾ ਫੁੱਲ ਹੋਣ ਅਤੇ ਮਾਦਾ ਫੁੱਲ ਸੁੱਕਣ ਲੱਗ ਜਾਣ ਤਾਂ ਲੋੜ ਮੁਤਾਬਕ ਕੁਝ ਮਾਦਾ ਫੁੱਲਾਂ ਨੂੰ ਮਸਲਿਆ ਜਾ ਸਕਦਾ ਹੈ। ਬੂਟੇ ਤੋਂ ਨਿਕਲਣ ਵਾਲੀਆਂ ਕਮਜ਼ੋਰ ਸ਼ਾਖਾਵਾਂ ਨੂੰ ਕੱਟ ਦਿਓ। ਇਸ ਨਾਲ ਵੇਲਾਂ ਨਰੋਈਆਂ ਤੇ ਫਲ ਭਰਪੂਰ ਰਹਿੰਦੀਆਂ ਹਨ।

### ਤੁੜਾਈ

ਫਲ ਜਦ ਕੱਚੇ ਤੇ ਗੂੜ੍ਹੇ ਹਰੇ ਰੰਗ ਦੇ ਹੋਣ ਤਾਂ ਤੋੜ ਲਵੋ। ਤੁੜਾਈਆਂ ਫਲਾਂ ਦੇ ਵਾਧੇ ਅਨੁਸਾਰ 3-4 ਦਿਨ ਦੇ ਵਕਫ਼ੇ 'ਤੇ ਕਰਦੇ ਰਹੋ। ਇਸ ਨਾਲ ਨਵੇਂ ਫਲ ਜਲਦੀ ਲਗਦੇ ਹਨ ਤੇ ਝਾੜ 'ਚ ਵਾਧਾ ਹੁੰਦਾ ਹੈ।

### ਬਿਮਾਰੀਆਂ ਤੇ ਕੀੜੇ-ਮਕੌੜੇ

ਪੌਲੀ ਹਾਊਸ 'ਚ ਖੀਰੇ 'ਤੇ ਪੀਲੇ ਧੱਬਿਆਂ ਦਾ ਰੋਗ, ਗਿੱਚੀ ਗਲਣਾ, ਝੁਲਸ ਰੋਗ, ਵਿਸ਼ਾਣੂ ਰੋਗ ਤੇ ਜੜ੍ਹ-ਗੰਢ ਨਿਮਾਟੋਡ ਬਿਮਾਰੀਆਂ ਲਗਦੀਆਂ ਹਨ। ਕੀੜੇ-ਮਕੌੜਿਆਂ ਵਿਚ ਚਿੱਟੀ ਮੱਖੀ, ਤੇਲਾ, ਥਰਿੱਪ ਤੇ ਲਾਲ ਮਕੌੜਾ ਜੂੰ ਖੀਰੇ ਦੀ ਫ਼ਸਲ 'ਤੇ ਹਮਲਾ ਕਰਦੀਆਂ ਹਨ। •

---

ਪਰਾਲੀ ਨੂੰ ਸਾੜਨ ਨਾਲ ਜ਼ਮੀਨ 'ਚ ਮੌਜੂਦ ਤੱਤਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਇਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਤੇ ਖਾਦਾਂ 'ਤੇ ਖ਼ਰਚਾ ਵੀ ਵਧਦਾ ਹੈ...

# ਬੇਸ਼ਕੀਮਤੀ ਸਰਮਾਇਆ ਪਰਾਲੀ



• ਡਾ ਨਰੇਸ਼ ਕੁਮਾਰ ਗੁਲਾਟੀ
97811-26255

ਧਰਤੀ ਮਾਂ ਸਾਡੇ ਲਈ ਬੇਸ਼ੁਮਾਰ ਕੀਮਤੀ ਵਸਤਾਂ ਪੈਦਾ ਕਰਦੀ ਹੈ।ਦੁਨੀਆ ਦੀ ਹਰੇਕ ਸ਼ੈਅ ਸਿਧੇ ਜਾਂ ਅਸਿਧੇ ਰੂਪ ਵਿਚ ਧਰਤੀ ਦੀ ਹੀ ਦੇਣ ਹੈ।ਜ਼ਰਾ ਵਿਚਾਰ ਕਰੀਏ ਤਾਂ ਕਿੰਨਾ ਅਜੀਬ ਲਗਦਾ ਹੈ ਕਿ ਉਹ ਪੂਰੀ ਸ੍ਰਿਸ਼ਟੀ ਨੂੰ ਪਲਦੀ ਹੈ ਪਰ ਅਸੀਂ ਉਸ ਦੀਆਂ ਇਨ੍ਹਾਂ ਦਾਤਾਂ ਨੂੰ ਆਪਣੇ ਅਵੇਸਲੇਪਣ ਕਾਰਨ ਅੱਗ ਦੇ ਭਾਂਬੜਾਂ ਹਵਾਲੇ ਕਰ ਦਿੰਦੇ ਹਾਂ।

ਇਸ ਗੱਲ 'ਚ ਕੋਈ ਦੋ ਰਾਏ ਨਹੀਂ ਕਿ ਜ਼ਮੀਨ, ਮਿੱਟੀ, ਭੌਂ ਦਾ ਸਾਡੇ ਕੋਲ ਕੋਈ ਬਦਲ ਉਪਲਬਧ ਨਹੀ ਹੈ। ਕੁੱਲ ਮਿਲਾ ਕੇ ਧਰਤੀ ਨੂੰ ਅੱਗ ਦੇ ਹਵਾਲੇ ਕਰਨਾ ਸਾਡੇ ਲਈ ਅਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਵਾਲੀ ਗੱਲ ਹੈ।ਝੋਨੇ ਅਤੇ ਕਣਕ ਦੀ ਫ਼ਸਲ ਜ਼ਮੀਨ ਵਿੱਚੋ ਕਰੀਬ 300 ਕਿੱਲੋ ਨਾਈਟਰੋਜਨ, 30 ਕਿੱਲੋ ਫਾਸਫੋਰਸ, 300 ਕਿੱਲੋ ਪੋਟਾਸ਼, 350 ਗ੍ਰਾਮ ਜ਼ਿੰਕ, 3,000 ਗ੍ਰਾਮ ਲੋਹਾ, 55 ਗ੍ਰਾਮ ਮੈਂਗਨੀਜ ਤੇ ਹੋਰ ਸੂਖ਼ਮ ਤੱਤ ਸਾਲਾਨਾ ਦਰ ਨਾਲ ਖਿੱਚਦੇ ਹਨ।ਇਨ੍ਹਾਂ ਸਾਰੇ ਖ਼ੁਰਾਕੀ ਤੱਤਾਂ ਵਿੱਚੋ 59-84 ਫ਼ੀਸਦੀ ਫ਼ਸਲ ਦੇ ਮੁਢਲੇ ਵਾਧੇ ਸਮੇਂ ਧਰਤੀ ਵਿੱਚੋ ਪ੍ਰਾਪਤ ਕੀਤੇ ਜਾਂਦੇ ਹਨ।ਇਨ੍ਹਾਂ ਅੰਕੜਿਆਂ ਤੋ ਸਪਸ਼ਟ ਹੈ ਕਿ ਫ਼ਸਲ ਦੇ ਮੁਢਲੇ ਵਾਧੇ ਦੌਰਾਨ ਖਾਦਾਂ ਦੀ ਖਪਤ ਵਧੇਰੇ ਹੁੰਦੀ ਹੈ। ਮਾਹਿਰਾਂ ਅਨੁਸਾਰ ਝੋਨੇ ਦੇ ਪ੍ਰਤੀ ਟਨ ਪਰਾਲ ਵਿਚ 5.5 ਕਿੱਲੋ ਨਾਈਟਰੋਜਨ, 2.3 ਕਿੱਲੋ ਫਾਸਫੋਰਟਸ, 25 ਕਿੱਲੋ ਪੋਟਾਸ਼ 1.2 ਕਿੱਲ ਗੰਧਕ, 400 ਕਿੱਲੋ ਜੈਵਿਕ ਕਾਰਬਨ ਹੁੰਦੇ ਹਨ।ਝੋਨੇ ਦੀ ਫ਼ਸਲ ਰਾਹੀਂ ਧਰਤੀ ਵਿੱਚੋ ਪ੍ਰਾਪਤ ਕੀਤੇ ਖ਼ੁਰਾਕੀ ਤੱਤਾਂ ਵਿੱਚੋ 25 ਫ਼ੀਸਦੀ ਨਾਈਟਰੋਜਨ ਅਤੇ ਫਾਸਫੋਰਸ, 50 ਫ਼ੀਸਦੀ ਗੰਧਕ, 15 ਫ਼ੀਸਦੀ ਪੋਟਾਸ਼ ਦੀ ਮਾਤਰਾ ਪਰਾਲੀ ਵਿਚ ਹੀ ਰਹਿ ਜਾਂਦੇ ਹਨ।ਇਹ ਅੰਕੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਇਸ ਸਰਮਾਏ ਦੀ ਸੰਭਾਲ ਸਾਡੀ ਕਾਮਯਾਬ ਖੇਤੀ ਦੀ ਚਾਬੀ ਹੈ।

ਇਸ ਸਰਮਾਏ ਨੂੰ ਸਾੜਨ ਨਾਲ ਜਿੱਥੇ ਅਸੀਂ ਇਨ੍ਹਾਂ ਖ਼ੁਰਾਕੀ ਤੱਤਾਂ ਤੋਂ ਜ਼ਮੀਨ ਨੂੰ ਵਾਝਿਆਂ ਕਰ ਲੈਂਦੇ ਹਾਂ ਉੱਥੇ ਜ਼ਮੀਨ 'ਚ ਮੌਜੂਦ ਸੂਖ਼ਮ ਜੀਵ ਅਤੇ ਮਿੱਤਰ ਕੀੜੇ ਵੀ ਅੱਗ ਨਾਲ ਸੜ ਜਾਂਦੇ ਹਨ। ਇਸ ਤੋਂ ਇਲਾਵਾ ਪਰਾਲੀ ਅਤੇ ਨਾੜ ਨੂੰ ਸਾੜਨ ਨਾਲ ਵੱਡਮੁੱਲੇ ਵਾਤਾਵਰਨ ਵਿਚ ਹਾਨੀਕਾਰਕ ਤੇ ਜ਼ਹਿਰੀਆਂ ਗੈਸਾਂ, ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸ਼ਾਈਡ, ਮੀਥੇਨ ਆਦਿ ਦੀ ਮਾਤਰਾ ਵੀ ਵਧ ਜਾਂਦੀ ਹੈ ਅਤੇ ਪਾਰਟੀਕੁਲੇਟ ਮੈਟਰ ਨਾਲ ਵਾਤਾਵਰਨ ਦਾ ਵੱਡੀ ਪੱਧਰ 'ਤੇ ਘਾਣ ਹੁੰਦਾ ਹੈ।

ਜ਼ਮੀਨ ਨੂੰ ਤੰਦੂਰ ਬਣਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਸੰਪੂਰਨ ਸ੍ਰਿਸ਼ਟੀ ਵਿਚ ਪਰਮੇਸ਼ਰ ਦੀ ਇਸ ਨਿਵੇਕਲੀ ਸਿਰਜਣਾ ਨੂੰ ਢਾਹ ਲਗਦੀ ਹੈ।ਪਸ਼ੂ, ਪੰਛੀਂ, ਰੁੱਖ ਆਦਿ ਹਰ ਜੀਵ ਪਰਾਲੀ ਨੂੰ ਸਾੜੇ ਜਾਣ ਨਾਲ ਪੈਦਾ ਹੋਣ ਵਾਲੇ ਧੂੰਏਂ ਤੋਂ ਪ੍ਰਭਾਵਿਤ ਹੁੰਦਾ ਹੈ। ਪਰਾਲ ਰੂਪੀ ਇਸ ਖ਼ਜ਼ਾਨੇ ਦੀ ਸੁਚੱਜੀ ਸੰਭਾਲ ਅੱਜ ਦੇ ਕਿਸਾਨ ਦੀ ਕਾਮਯਾਬੀ ਦੀ ਮੁਢਲੀ ਕੁੰਜੀ ਹੈ। ਜਿਹੜਾ ਕਿਸਾਨ ਪਰਾਲੀ ਦੀ ਸਹੀ ਸੰਭਾਲ ਲਈ ਕਮਰ ਕੱਸਦਾ ਹੈ ਅਤੇ ਮੁਦੇ ਅਧੀਨ ਇਸ ਕਸੌਟੀ 'ਤੇ ਖਰਾ ਉਤਰਦਾ ਹੈ, ਉਹੀ ਕਿਸਾਨ ਕਾਮਯਾਬ ਤੇ ਅਗਾਂਹਵਧੂ ਕਿਸਾਨ ਅਖਵਾਉਣ ਦਾ ਹੱਕਦਾਰ ਹੈ।

ਪਰਾਲੀ ਨੂੰ ਸਾੜਨ ਦੀ ਥਾਂ ਇਸ ਨੂੰ ਖੇਤ ਵਿਚ ਖਪਾ ਕੇ ਇਸ ਵਿਚ ਮੌਜੂਦ ਤੱਤਾਂ ਨੂੰ ਅਗਲੀ ਫ਼ਸਲ ਲਈ ਖਾਦ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ। ਇਸ ਨਾਲ ਵਾਤਾਵਰਨ ਵੀ ਸ਼ੁੱਧ ਰਹੇਗਾ, ਸਿੰਚਾਈ ਉੱਪਰ ਪਾਣੀ ਦੀ ਲਾਗਤ 'ਚ ਵੀ ਕਮੀ ਆਵੇਗੀ ਅਤੇ ਖਾਦਾਂ ਉੱਪਰ ਹੋਣ ਵਾਲੇ ਵਾਧੂ ਖ਼ਰਚੇ ਦੀ ਵੀ ਬੱਚਤ ਹੋਵੇਗੀ। •

---

ਸਮਾਜਿਕ ਖ਼ੁਸ਼ਹਾਲੀ ਕਾਰਨ ਘੋੜੇ ਪਾਲਣ ਦਾ ਸ਼ੌਕ ਅਜੋਕੀ ਪੀੜ੍ਹੀ ਵਿਚ ਵੀ ਕਾਇਮ ਹੈ। ਵੱਖ-ਵੱਖ ਮੌਸਮਾਂ ਵਿਚ ਘੋੜੇ ਦੀਆਂ ਸਰੀਰਕ ਤੇ ਖ਼ੁਰਾਕੀ ਲੋੜਾਂ ਵੀ ਬਦਲਦੀਆਂ ਹਨ। ਗਰਮੀ ਅਤੇ ਸਰਦੀ ਦੇ ਮੌਸਮ ਨੂੰ ਧਿਆਨ 'ਚ ਰੱਖਦੇ ਹੋਏ ਉਨ੍ਹਾਂ ਦੀ ਖ਼ੁਰਾਕ, ਤਬੇਲੇ, ਕਸਰਤ ਆਦਿ ਦੇ ਢੁਕਵੇਂ ਪ੍ਰਬੰਧ ਕਰ ਕੇ ਘੋੜਿਆਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ...

# ਵੱਖ-ਵੱਖ ਮੌਸਮਾਂ 'ਚ ਘੋੜਿਆਂ ਦੀ ਦੇਖਭਾਲ





• ਡਾ. ਅਰੁਣ ਆਨੰਦ

ਵਧ ਰਹੀ ਸਮਾਜਿਕ ਖ਼ੁਸ਼ਹਾਲੀ ਕਾਰਨ ਲੋਕਾਂ ਦਾ ਘੋੜਿਆਂ ਪ੍ਰਤੀ ਰੁਝਾਨ ਵਧ ਰਿਹਾ ਹੈ। ਵਰ੍ਹੇ ਦੇ ਵੱਖ-ਵੱਖ ਮੌਸਮਾਂ ਦੌਰਾਨ ਘੋੜਿਆਂ ਦਾ ਧਿਆਨ ਰੱਖਣ ਕੇ ਉਨ੍ਹਾਂ ਨੂੰ ਕਈ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ।

### ਤਬੇਲਾ

ਤਬੇਲੇ 'ਚ ਕਮਰੇ ਇਸ ਹਿਸਾਬ ਨਾਲ ਬਣਾਉਕਿ ਗਰਮੀਆਂ 'ਚ ਜਾਨਵਰ ਠੰਢੇ ਵਾਤਾਵਰਣ 'ਚ ਰਹਿ ਸਕਣ। ਤਬੇਲੇ ਦੀ ਉਸਾਰੀ 12 ਤੋਂ 14 ਫੁੱਟ ਤੇ ਦਰਵਾਜ਼ੇ ਦੀ ਉਚਾਈ 7 ਫੁੱਟ ਤੋਂ ਘੱਟ ਨਹੀਂ ਹੋਣੀ ਚਾਹੀਦੀ। ਹਰ ਕਮਰੇ ਨਾਲ ਖੁਰਲੀ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਫਰਸ਼ ਖੁਰਦਰਾ ਤੇ ਪੱਕਾ ਹੋਵੇ, ਜਿਸ ਉੱਤੇ ਪਰਾਲੀ ਵਿਛਾਈ ਜਾ ਸਕਦੀ ਹੈ। ਫਰਸ਼ 'ਚ ਢਲਾਣ ਰੱਖਣੀ ਜ਼ਰੂਰੀ ਹੈ ਤਾਂ ਜੋ ਪਾਣੀ ਜਾਂ ਪਿਸ਼ਾਬ ਫਰਸ਼ 'ਤੇ ਇਕੱਠਾ ਨਾ ਹੋ ਸਕੇ। ਤਬੇਲੇ 'ਚ ਘੋੜੀ ਤੇ ਉਸ ਦੇ ਬੱਚੇ ਲਈ ਕਮਰੇ ਦਾ ਆਕਾਰ 14×16 ਫੁੱਟ ਜਾਂ 12×18 ਫੁੱਟ ਤੋਂ ਘੱਟ ਨਹੀਂ ਹੋਣਾ ਚਾਹੀਦਾ। ਅਸਤਬਲ 'ਚ ਘੋੜਿਆਂ ਦੇ ਕਮਰੇ ਇਸ ਤਰ੍ਹਾਂ ਬਣਾਉਣੇ ਚਾਹੀਦੇ ਹਨ ਤਾਂ ਕਿ ਉਹ ਘੋੜੀਆਂ ਨੂੰ ਇਕ ਪਾਸੇ ਤੋਂ ਦੇਖ ਸਕਣ। ਘੋੜੇ ਤੇ ਘੋੜੀਆਂ ਦੇ ਕਮਰੇ ਜ਼ਿਆਦਾ ਕੋਲ ਨਹੀਂ ਹੋਣੇ ਚਾਹੀਦੇ। ਜ਼ਿਆਗਾ ਗਰਮੀ 'ਚ ਕੂਲਰ ਦਾ ਇੰਤਜ਼ਾਮ ਵੀ ਹੋਣਾ ਚਾਹੀਦਾ ਹੈ।

### ਜ਼ਿਆਦਾ ਪਾਣੀ ਪਿਲਾਓ

ਗਰਮੀਆਂ ਵਿਚ ਘੋੜਿਆਂ ਨੂੰ ਖੁੱਲ੍ਹਾ ਰੱਖੋ ਤੇ ਪੀਣ ਲਈ ਸਾਫ਼ ਪਾਣੀ ਦੇਵੋ। ਗਰਮੀਆਂ 'ਚ ਜ਼ਿਆਦਾ ਕਸਰਤ ਨਾਲ ਸਰੀਰ 'ਚ ਜ਼ਿਆਦਾ ਗਰਮੀ ਪੈਦਾ ਹੁੰਦੀ ਹੈ ਅਤੇ ਜ਼ਿਆਦਾ ਚਰਬੀ ਤੇ ਵਾਲ ਇਸ ਗਰਮੀ ਨੂੰ ਬਾਹਰ ਨਹੀਂ ਜਾਣ ਦਿੰਦੇ। ਪਸੀਨਾ ਉੱਡਣ ਨਾਲ ਘੋੜਾ ਆਪਣੇ ਸਰੀਰ ਵਿੱਚੋਂ ਗਰਮੀ ਕੱਢ ਦਿੰਦਾ ਹੈ ਪਰ ਜਦੋਂ ਹਵਾ 'ਚ ਨਮੀ ਵੱਧ ਹੋਵੇ ਤਾਂ ਸਰੀਰ 'ਚੋਂ ਪਸੀਨਾ ਨਹੀਂ ਉੱਡਦਾ ਤੇ ਘੋੜੇ ਦੇ ਸਰੀਰ ਦੀ ਗਰਮੀ ਨਹੀਂ ਨਿਕਲਦੀ ਅਤੇ ਘੋੜਾ ਬਿਮਾਰ ਹੋ ਜਾਂਦਾ ਹੈ। ਜ਼ਿਆਦਾ ਪਸੀਨੇ ਕਾਰਨ ਸਰੀਰ ਦਾ ਬਹੁਤ ਸਾਰਾ ਪਾਣੀ ਤੇ ਜ਼ਰੂਰੀ ਤੱਤ ਸਰੀਰ 'ਚੋਂ ਨਿਕਲ ਜਾਂਦੇ ਹਨ। ਇਸ ਲਈ ਘੋੜੇ ਨੂੰ ਖੁੱਲ੍ਹਾ ਪਾਣੀ ਦੇਣਾ ਚਾਹੀਦਾ ਹੈ। ਹੇਅ ਦੀਆਂ ਪੰਡਾਂ ਪਾਣੀ ਵਿਚ ਭਿਉਂ ਕੇ ਦੇਣੀਆਂ ਚਾਹੀਦੀਆਂ ਹਨ। ਲੂਣ ਤੇ ਪਾਣੀ ਘੋੜੇ ਦੀ ਤੰਦਰੁਸਤੀ ਲਈ ਜ਼ਰੂਰੀ ਹਨ। ਇਨ੍ਹਾਂ ਦੀ ਕਮੀ ਕਾਰਨ ਦਿਲ ਤੇ ਪੇਟ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਚੰਗੀ ਖ਼ੁਰਾਕ ਇਨ੍ਹਾਂ ਤੱਤਾਂ ਦੀ ਕਮੀ ਪੂਰੀ ਕਰ ਦਿੰਦੀ ਹੈ। ਗਰਮੀਆਂ ਵਿਚ ਘੋੜਿਆਂ ਦੇ ਸਰੀਰ 'ਚ ਚਰਬੀ ਘੱਟ ਹੋਣੀ ਚਾਹੀਦੀ ਹੈ। ਘੋੜਿਆਂ ਨੂੰ ਛਾਵੇਂ ਰੱਖਣਾ ਚਾਹੀਦਾ ਹੈ। ਜੇ ਉਨ੍ਹਾਂ ਨੂੰ ਕਮਰੇ ਅੰਦਰ ਰੱਖਣਾ ਹੋਵੇ ਤਾਂ ਕਮਰੇ 'ਚ ਪੱਖਾ ਜ਼ਰੂਰ ਚਲਾਉ।

**ਗਰਮੀਆਂ 'ਚ ਘੋੜਿਆਂ ਦੀ ਸੰਭਾਲ**

ਮੌਸਮੀ ਤਬਦੀਲੀਆਂ, ਗਰਮੀ ਤੇ ਨਮੀ ਕਾਰਨ ਘੋੜਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਉਨ੍ਹਾਂ ਦੀ ਸਿਹਤ ਦਾ ਖ਼ਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ।

**ਪੈਡਕ**

ਪੈਡਕ ਅਸਤਬਲ ਦੇ ਨਾਲ ਲਗਦੀ ਖੁੱਲ੍ਹੀ ਜਗ੍ਹਾ ਹੁੰਦੀ ਹੈ, ਜਿਥੇ ਘੋੜੇ-ਘੋੜੀਆਂ ਤੇ ਉਨ੍ਹਾਂ ਦੇ ਬੱਚੇ ਦਿਨ ਵੇਲੇ ਰਹਿ ਸਕਣ। ਪੈਡਕ ਦੇ ਦੁਆਲੇ ਕੰਧ ਜਾਂ ਲੱਕੜ ਦੀ ਵਾੜ ਜ਼ਰੂਰ ਹੋਵੇ। ਪੈਡਕ 'ਚ ਸਾਫ਼ ਪਾਣੀ ਤੇ ਛਾਂ ਵਾਲੇ ਦਰੱਖ਼ਤ ਜ਼ਰੂਰ ਹੋਣ। ਹਰ ਘੋੜੇ ਦਾ ਆਪਣਾ ਪੈਡਕ ਹੋਣਾ ਚਾਹੀਦਾ ਹੈ, ਜਿਥੇ ਉਸ ਨੂੰ ਖੁੱਲ੍ਹਾ ਛੱਡਿਆ ਜਾ ਸਕੇ। ਘੋੜੇ ਨੂੰ ਸਵੇਰੇ 30 ਤੋਂ 40 ਮਿੰਟ ਕਸਰਤ ਕਰਵਾਉ। ਉਸ ਨੂੰ 5-7 ਕਿੱਲੋ ਦਾਣੇ ਦਿੱਤੇ ਜਾ ਸਕਦੇ ਹਨ। ਮਿਲਾਪ ਦਾ ਸਮਾਂ ਫਰਵਰੀ-ਜੁਲਾਈ ਤਕ ਹੁੰਦਾ ਹੈ। ਇਸ ਸਮੇਂ ਘੋੜੇ ਨੂੰ ਤਾਕਤ ਵਾਲੀਆਂ ਚੀਜ਼ਾਂ ਗਾਜਰਾਂ, ਆਂਡੇ, ਤੇਲ, ਵਿਟਾਮਿਨ ਤੇ ਲੋੜੀਂਦੀਆਂ ਧਾਤਾਂ ਜ਼ਰੂਰ ਦੇਵੋ।

### ਘੋੜੇ ਦਾ ਚਾਰਾ

ਸੁੱਕਾ ਚਾਰਾ ਪਚਾਉਣ ਵੇਲੇ ਘੋੜੇ ਦੇ ਸਰੀਰ 'ਚ ਗਰਮੀ ਪੈਦਾ ਹੁੰਦੀ ਹੈ ਤੇ ਪੇਟ 'ਚ ਹੋਣ ਵਾਲੇ ਛਾਲਿਆਂ ਤੋਂ ਬਚਾਅ ਹੁੰਦਾ ਹੈ। ਤਾਕਤ ਦੇਣ ਦੇ ਨਾਲ-ਨਾਲ ਇਹ ਚਾਰਾ ਸਰੀਰ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਵੀ ਨਹੀਂ ਵਧਣ ਦਿੰਦਾ। ਇਸ ਨਾਲ ਘੋੜੇ ਨੂੰ ਅੰਤੜੀਆਂ ਤੇ ਖੁਰਾਂ ਦੀਆਂ ਬਿਮਾਰੀਆਂ ਨਹੀਂ ਲਗਦੀਆਂ। ਘੋੜਿਆਂ ਦੀ ਚਮੜੀ ਬੰਦੇ ਨਾਲੋਂ 2-5 ਗੁਣਾਂ ਮੋਟੀ ਹੁੰਦੀ ਹੈ। ਇਹ ਚਮੜੀ ਵਧੇਰੇ ਸਰਦੀ ਝੱਲ ਲੈਂਦੀ ਹੈ। ਸਿਹਤਮੰਦ ਘੋੜਿਆਂ 'ਚ ਫੈਟ ਦੀ ਪਰਤ ਹੁੰਦੀ ਹੈ, ਜੋ ਚਮੜੀ ਤੋਂ ਵੀ ਜ਼ਿਆਦਾ ਜ਼ਰੂਰੀ ਹੈ। ਚਮੜੀ ਤੇ ਵਾਲਾਂ ਦੇ ਮੁਕਾਬਲੇ ਚਰਬੀ ਤਿੰਨ ਗੁਣਾਂ ਸਰੀਰਕ ਗਰਮੀ ਨੂੰ ਬਾਹਰ ਨਿਕਲਣ ਤੋਂ ਬਚਾਉਂਦੀ ਹੈ। ਇਸ ਲਈ ਸਰਦੀਆਂ 'ਚ ਘੋੜੇ ਦਾ ਭਾਰ ਘੱਟ ਨਹੀਂ ਹੋਣਾ ਚਾਹੀਦਾ ਹੈ। ਵਛੇਰੇ/ਵਛੇਰੀਆਂ ਤੇ ਗੱਭਣ ਘੋੜੀਆਂ ਨੂੰ ਜ਼ਿਆਦਾ ਦਾਣੇ ਦੀ ਲੋੜ ਹੁੰਦੀ ਹੈ। ਉਸ਼ ਦੀ ਖ਼ੁਰਾਕ ਦੇ ਇਕ ਹਿੱਸੇ 'ਚ ਹਰਾ ਚਾਰਾ ਜਾਂ ਹੇਅ ਅਤੇ ਦੂਜੇ ਹਿੱਸੇ 'ਚ ਦਾਣਾ, ਧਾਤਾਂ ਤੇ ਵਿਟਾਮਿਨ ਹੋਣੇ ਚਾਹੀਦੇ ਹਨ। ਇਕ ਘੋੜੇ ਨੂੰ ਰੋਜ਼ਾਨਾ ਇਕ ਕੁਇੰਟਲ ਭਾਰ ਪਿਛੇ ਇਕ ਕਿੱਲੋ ਹਰੇ ਘਾਹ ਜਾਂ ਹੇਅ ਦੀ ਲੋੜ ਹੁੰਦੀ ਹੈ। ਇਸ ਲਈ ਚਾਰ ਕੁਇੰਟਲ ਦੇ ਘੋੜੇ ਨੂੰ ਰੋਜ਼ਾਨਾ ਚਾਰ ਕਿੱਲੋ ਹਰੇ ਘਾਹ ਜਾਂ ਸੁੱਕੇ ਚਾਰੇ ਦੀ ਲੋੜ ਹੁੰਦੀ ਹੈ। ਵਿਹਲੇ ਰਹਿਣ ਵਾਲੇ ਘੋੜਿਆਂ ਨੂੰ ਜ਼ਿਆਦਾ ਘਾਹ (ਇਕ ਕੁਇੰਟਲ ਭਾਰ ਪਿਛੇ ਦੋ ਕਿਲੋ ਘਾਹ ਜਾਂ ਹੇਅ) ਦੀ ਲੋੜ ਹੈ ਤੇ ਦਾਣੇ ਦੀ ਲੋੜ ਨਾਮਾਤਰ ਰਹਿ ਜਾਂਦੀ ਹੈ। ਵਿਹਲੇ ਰਹਿਣ ਵਾਲੇ ਘੋੜਿਆਂ ਨੂੰ ਜ਼ਿਆਦਾ ਦਾਣਾ ਦੇਣ ਨਾਲ ਲੰਗੜਾਪਨ ਆ ਸਕਦਾ ਹੈ। ਤਾਜ਼ਾ ਕੱਟਿਆ ਹੋਇਆ ਲੂਸਣ ਘੋੜਿਆਂ ਲਈ ਵਧੀਆ ਹੁੰਦਾ ਹੈ। ਲੂਸਣ ਨੂੰ ਸੁਕਾ ਕੇ ਸਟੋਰ ਕਰ ਲਵੋ ਤਾਂ ਜੋ ਮਾਨਸੂਨ ਸਮੇਂ ਇਸ ਦੀ ਵਰਤੋਂ ਕੀਤੀ ਜਾ ਸਕੇ। ਹਰੇ ਜੌਂਅ ਤੇ ਹਰੀ ਖੱਬਲ ਦਾ ਵੀ ਹੇਅ ਬਣਾ ਕੇ ਸਟੋਰ ਕੀਤਾ ਜਾ ਸਕਦਾ ਹੈ। ਤੂੜੀ, ਚਾਵਲਾਂ ਦਾ ਛਿਲਕਾ, ਕਣਕ ਦਾ ਆਟਾ ਜਾਂ ਸਾਬਤ ਕਣਕ ਘੋੜੇ ਨੂੰ ਬੰਨ੍ਹ ਪਾ ਸਕਦੇ ਹਨ ਜਾਂ ਸੂਲ ਪੈਦਾ ਕਰ ਸਕਦੇ ਹਨ।

**ਸਰਦੀਆਂ 'ਚ ਦੇਖਭਾਲ**

ਸਰਦੀਆਂ 'ਚ ਘੋੜੇ ਦੀ ਦੇਖਭਾਲ ਲਈ ਉਸ ਦੇ ਖਾਣੇ, ਕਸਰਤ ਆਦਿ ਕਈ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ।

### ਦਾਣਿਆਂ ਦਾ ਮਿਸ਼ਰਣ

ਘੋੜੇ ਨੂੰ ਖ਼ੁਰਾਕ ਦੇ ਤੌਰ 'ਤੇ ਦਾਣਿਆਂ ਦਾ ਮਿਸ਼ਰਣ ਦੇਣਾ ਲਾਭਦਾਇਕ ਹੈ। ਇਸ ਮਿਸ਼ਰਣ 'ਚ ਜੌਂਅ 40 ਫ਼ੀਸਦੀ, ਜਵੀ 20 ਫ਼ੀਸਦੀ, ਮੱਕੀ 10 ਫ਼ੀਸਦੀ, ਕਣਕ ਦਾ ਛਾਣਬੂਰਾ 15 ਫ਼ੀਸਦੀ, ਸੋਇਆਬੀਨ 10 ਫ਼ੀਸਦੀ, ਗੁੜ 3 ਫ਼ੀਸਦੀ ਤੇ ਧਾਤਾਂ ਦਾ ਚੂਰਾ ਤੇ ਕੈਲਸ਼ੀਅਮ 2 ਫ਼ੀਸਦੀ ਹੋਵੇ। ਜੌਂਅ ਸਾਬਤ ਜਾਂ ਦਲ਼ ਕੇ ਦਿੱਤੇ ਜਾ ਸਕਦੇ ਹਨ। ਸਾਬਤ ਜੌਂਅ 3-4 ਘੰਟੇ ਪਹਿਲਾਂ ਭਿਉਣ ਨਾਲ ਨਰਮ ਹੋ ਜਾਂਦੇ ਹਨ ਤੇ ਬੰਨ੍ਹ ਨਹੀਂ ਪਾਉਂਦੇ। ਜਵੀ ਨੂੰ ਪਾਣੀ 'ਚ ਉਬਾਲ ਕੇ ਜਾਂ 3-4 ਘੰਟੇ ਭਿਉਂ ਕੇ ਚਾਰੋ। ਭਿੱਜੀ ਹੋਈ ਮੱਕੀ ਘੋੜਿਆਂ ਨੂੰ ਸੁਆਦ ਲਗਦੀ ਹੈ ਤੇ ਇਸ ਚ ਤਾਕਤ ਦੀ ਮਾਤਰਾ ਵੀ ਵੱਧ ਹੁੰਦੀ ਹੈ ਜਦਕਿ ਮੱਕੀ ਦਾ ਆਟਾ ਘੋੜੇ ਨੂੰ ਬੰਨ੍ਹ ਪਾ ਸਕਦਾ ਹੈ ਇਸ ਨੂੰ ਖ਼ੁਰਾਕ 'ਚ ਸ਼ਾਮਲ ਨਾ ਕਰੋ।

ਕਣਕ ਦੇ ਛਾਣਬੂਰੇ 'ਚ ਕਾਫ਼ੀ ਪ੍ਰੋਟੀਨ ਤੇ ਫਾਈਬਰ ਹੁੰਦਾ ਹੈ। ਇਸ ਨੂੰ ਵੀ ਭਿਉਂ ਕੇ ਦੇਣਾ ਚਾਹੀਦਾ ਹੈ। ਸੋਆਬੀਨ 'ਚ ਪ੍ਰੋਟੀਨ ਤੇ ਜ਼ਰੂਰੀ ਧਾਤਾਂ ਹੁੰਦੀਆਂ ਹਨ। ਗੁੜ ਤਾਕਤ ਦਿੰਦਾ ਹੈ ਤੇ ਭੁੱਖ ਵਧਾਉਂਦਾ ਹੈ। ਵਿਟਾਮਿਨ ਤੇ ਧਾਤਾਂ ਦਾ ਚੂਰਾ ਬਹੁਤ ਜ਼ਰੂਰੀ ਤੱਤ ਹਨ ਤੇ ਵਛੇਰੇ, ਵਛੇਰੀਆਂ, ਗੱਭਣ ਅਤੇ ਨਵੀਆਂ ਸੂਈਆਂ ਘੋੜੀਆਂ ਲਈ ਲਾਭਦਾਇਕ ਹੁੰਦੇ ਹਨ। 100 ਕਿੱਲੋ ਦੇ ਵਛੇਰੇ/ਵਛੇਰੀ ਨੂੰ ਡੇਢ ਤੋਂ ਢਾਈ ਕਿੱਲੋ ਦਾਣੇ ਦਿਉ। ਜਦੋਂ ਭਾਰ ਵੱਧਦਾ ਹੈ ਤਾਂ ਹਰੇ ਚਾਰੇ ਜਾਂ ਹੇਅ ਦੀ ਮਾਤਰਾ ਵਧਾਉਣੀ ਚਾਹੀਦੀ ਹੈ ਪਰ ਦਾਣਿਆਂ ਦਾ ਮਿਸ਼ਰਣ 2.5-3 ਕਿੱਲੋ ਰੋਜ਼ਾਨਾ ਹੀ ਰੱਖੋ। ਲੋੜ ਤੋਂ ਵੱਧ ਦਾਣਾ ਦੇਣ ਨਾਲ ਘੋੜੇ ਨੂੰ ਲੰਗੜਾਪਨ ਤੇ ਹੋਰ ਨੁਕਸ ਹੋ ਸਕਦੇ ਹਨ। ਸਰਦੀਆਂ 'ਚ ਘੋੜਿਆਂ ਦੇ ਵਾਲ ਨਾ ਕੱਟੋ। ਵਾਲਾਂ ਕਾਰਨ ਘੋੜੇ ਸਰਦੀ ਸਹਿਣ ਕਰ ਲੈਂਦੇ ਹਨ। •

## ਸੰਪਾਦਕੀ

# ਗ਼ੈਰ-ਸੂਚੀਬੱਧ ਕੈਂਸਰ-ਰੋਕੂ ਦਵਾਈਆਂ ’ਤੇ ਵਪਾਰਕ ਮੁਨਾਫ਼ੇ ਦੀ ਹੱਦ

ਗ਼ੈਰ-ਸੂਚੀਬੱਧ ਕੈਂਸਰ-ਰੋਕੂ ਦਵਾਈਆਂ ’ਤੇ ਵਪਾਰਕ ਮੁਨਾਫ਼ੇ ਦੀ ਹੱਦ 30 ਫ਼ੀਸਦੀ ਤੈਅ ਕਰਨ ਦਾ ਸਰਕਾਰ ਦਾ ਫ਼ੈਸਲਾ ਸਵਾਗਤਯੋਗ ਹੈ। ਸਿਹਤ ਸੇਵਾਵਾਂ ਦੇ ਅਜਿਹੇ ਖੇਤਰ ਵਿੱਚ, ਜਿੱਥੇ ਮਰੀਜ਼ਾਂ ਕੋਲ ਦਵਾਈਆਂ ਖ਼ਰੀਦਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ, ਇਹ ਕਦਮ ਬਹੁਤ ਅਹਿਮ ਹੈ। ਕੈਂਸਰ ਦਾ ਇਲਾਜ ਬਹੁਤ ਸਾਰੇ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਤਬਾਹ ਕਰ ਦਿੰਦਾ ਹੈ। ਇਸ ਲਈ ਜੀਵਨ-ਰੱਖਿਅਕ ਦਵਾਈਆਂ ਦੀਆਂ ਕੀਮਤਾਂ ਨੂੰ ਵਾਜਬ ਬਣਾਉਣ ਲਈ ਬੇਲੋੜੇ ਮੁਨਾਫ਼ਿਆਂ ’ਤੇ ਰੋਕ ਲਾਉਣੀ ਜ਼ਰੂਰੀ ਹੈ। ਸਰਕਾਰ ਦਾ ਅਨੁਮਾਨ ਹੈ ਕਿ ਕੀਮਤਾਂ ’ਤੇ ਵਧਾਏ ਗਏ ਨਿਯੰਤਰਣ ਨਾਲ ਮਰੀਜ਼ਾਂ ਨੂੰ ਹਰ ਸਾਲ 2,500 ਕਰੋੜ ਰੁਪਏ ਦੀ ਬੱਚਤ ਹੋਵੇਗੀ ਅਤੇ ਕੁਝ ਦਵਾਈਆਂ ਦੀਆਂ ਕੀਮਤਾਂ ਵਿੱਚ 70 ਫ਼ੀਸਦੀ ਤੱਕ ਕਮੀ ਆ ਸਕਦੀ ਹੈ। ਹਾਲਾਂਕਿ ਇਹ ਅਨੁਮਾਨਿਤ ਲਾਭ ਹਨ ਅਤੇ ਇਨ੍ਹਾਂ ਦੀ ਭਰੋਸੇਯੋਗਤਾ ਇਸ ਗੱਲ ’ਤੇ ਨਿਰਭਰ ਕਰੇਗੀ ਕਿ ਫ਼ੈਸਲੇ ਨੂੰ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ। ਇਹ ਕਦਮ ਕੌਮੀ ਔਸ਼ਧੀ ਕੀਮਤ ਨਿਰਧਾਰਨ ਅਥਾਰਿਟੀ (ਐੱਨ ਪੀ ਪੀ ਏ) ਵੱਲੋਂ ਸਾਲ 2019 ਵਿੱਚ 42 ਗ਼ੈਰ-ਸੂਚੀਬੱਧ ਕੈਂਸਰ-ਰੋਕੂ ਦਵਾਈਆਂ ਸਬੰਧੀ ਕੀਤੀ ਗਈ ਕਾਰਵਾਈ ਦਾ ਵਿਸਥਾਰ ਹੈ। ਉਸ ਸਮੇਂ 526 ਬ੍ਰਾਂਡਾਂ ਰਾਹੀਂ ਹਰ ਸਾਲ ਲਗਭਗ 984 ਕਰੋੜ ਰੁਪਏ ਦੀ ਬੱਚਤ ਹੋਣ ਦੀ ਰਿਪੋਰਟ ਸੀ। ਇਹ ਤਜਰਬਾ ਦਰਸਾਉਂਦਾ ਹੈ ਕਿ ਵਪਾਰਕ ਮੁਨਾਫ਼ਿਆਂ ਨੂੰ ਨਿਯਮਿਤ ਕਰਨ ਨਾਲ ਬਾਜ਼ਾਰ ਵਿੱਚ ਸਾਰੀਆਂ ਦਵਾਈਆਂ ਦੀਆਂ ਕੀਮਤਾਂ ਇੱਕੋ ਜਿਹੀਆਂ ਕੀਤੇ ਬਿਨਾਂ ਵੀ ਮਰੀਜ਼ਾਂ ਨੂੰ ਠੋਸ ਲਾਭ ਪਹੁੰਚਾਇਆ ਜਾ ਸਕਦਾ ਹੈ। ਕੈਂਸਰ ਦੀਆਂ ਹੋਰ ਦਵਾਈਆਂ, ਜਿਨ੍ਹਾਂ ਵਿੱਚ ਦਰਾਮਦ ਕੀਤੀਆਂ ਅਤੇ ਪੇਟੈਂਟ ਵਾਲੀਆਂ ਦਵਾਈਆਂ ਵੀ ਸ਼ਾਮਿਲ ਹਨ, ਨੂੰ ਇਸ ਦਾਇਰੇ ਵਿੱਚ ਲਿਆਉਣ ਨਾਲ ਉਨ੍ਹਾਂ ਮਰੀਜ਼ਾਂ ਨੂੰ ਵੀ ਰਾਹਤ ਮਿਲ ਸਕਦੀ ਹੈ, ਜੋ ਹੁਣ ਤੱਕ ਬਹੁਤ ਮਹਿੰਗੀਆਂ ਦਵਾਈਆਂ ਖ਼ਰੀਦਣ ਲਈ ਮਜਬੂਰ ਰਹੇ ਹਨ। ਸਿਰਫ਼ ਦਵਾਈਆਂ ਦੀਆਂ ਕੀਮਤਾਂ ਦੀ ਹੱਦ ਤੈਅ ਕਰਨਾ ਕੈਂਸਰ ਦੇ ਮਹਿੰਗੇ ਇਲਾਜ ਦੇ ਵੱਡੇ ਸੰਕਟ ਦਾ ਮੁਕੰਮਲ ਹੱਲ ਨਹੀਂ ਹੈ। ਮਰੀਜ਼ਾਂ ਨੂੰ ਜਾਂਚਾਂ, ਸਰਜਰੀ, ਰੇਡੀਏਸ਼ਨ ਥੈਰੇਪੀ, ਹਸਪਤਾਲ ਵਿੱਚ ਦਾਖ਼ਲੇ ਅਤੇ ਇਲਾਜ ਤੋਂ ਬਾਅਦ ਦੀ ਦੇਖਭਾਲ ’ਤੇ ਵੀ ਭਾਰੀ ਖ਼ਰਚ ਕਰਨਾ ਪੈਂਦਾ ਹੈ। ਹਸਪਤਾਲਾਂ ਵਿੱਚ ਵਰਤੀਆਂ ਜਾਣ ਵਾਲੀਆਂ ਡਾਕਟਰੀ ਵਸਤਾਂ ਅਤੇ ਉੱਥੇ ਵਿਕਣ ਵਾਲੀਆਂ ਦਵਾਈਆਂ ਦੀਆਂ ਉੱਚੀਆਂ ਕੀਮਤਾਂ ਦੀ ਵੀ ਜਾਂਚ ਹੋਣੀ ਚਾਹੀਦੀ ਹੈ। ਅਜਿਹੀਆਂ ਵਸਤਾਂ ’ਤੇ ਦਵਾਈਆਂ ਦੀਆਂ ਕੀਮਤਾਂ ਨਾਲੋਂ ਕਈ ਗੁਣਾ ਵੱਧ ਮੁਨਾਫ਼ਾ ਵਸੂਲਣ ਬਾਰੇ ਸੁਪਰੀਮ ਕੋਰਟ ਵੱਲੋਂ ਹਾਲ ਹੀ ਵਿੱਚ ਪ੍ਰਗਟਾਈ ਗਈ ਚਿੰਤਾ ਸਿਹਤ ਸੇਵਾ ਪ੍ਰਣਾਲੀ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਲੋੜ ਨੂੰ ਉਜਾਗਰ ਕਰਦੀ ਹੈ। ਫਿਲਹਾਲ ਸਭ ਤੋਂ ਵੱਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਕੀਮਤਾਂ ਵਿੱਚ ਕਟੌਤੀ ਦਾ ਲਾਭ ਅਸਲ ਵਿੱਚ ਮਰੀਜ਼ਾਂ ਤੱਕ ਪਹੁੰਚੇ। ਸਬੰਧਿਤ ਅਧਿਕਾਰੀਆਂ ਨੂੰ ਇਸ ਫ਼ੈਸਲੇ ਦੇ ਦਾਇਰੇ ਹੇਠ ਆਉਣ ਵਾਲੀਆਂ ਦਵਾਈਆਂ ਦੀ ਸੂਚੀ ਤੁਰੰਤ ਜਾਰੀ ਕਰਨੀ ਚਾਹੀਦੀ ਹੈ, ਸੋਧੀਆਂ ਕੀਮਤਾਂ ਜਨਤਕ ਕਰਨੀਆਂ ਚਾਹੀਦੀਆਂ ਹਨ, ਨਿਯਮਾਂ ਦੀ ਪਾਲਣਾ ਦੀ ਨਿਗਰਾਨੀ ਕਰਨੀ ਚਾਹੀਦੀ ਹੈ ਅਤੇ ਵੱਧ ਕੀਮਤ ਵਸੂਲਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਦਵਾਈਆਂ ਦੀ ਨਿਰੰਤਰ ਸਪਲਾਈ ਕਾਇਮ ਰੱਖਣ ਸਬੰਧੀ ਸਰਕਾਰ ਦੇ ਭਰੋਸੇ ਨੂੰ ਵੀ ਅਮਲੀ ਰੂਪ ਦੇਣਾ ਲਾਜ਼ਮੀ ਹੈ। ਸਮੇਂ-ਸਮੇਂ ’ਤੇ ਕੀਮਤਾਂ ਵਿੱਚ ਹੋਈ ਅਸਲ ਕਮੀ, ਮਰੀਜ਼ਾਂ ਦੀ ਬੱਚਤ ਅਤੇ ਦਵਾਈਆਂ ਦੀ ਉਪਲਬਧਤਾ ਬਾਰੇ ਅੰਕੜੇ ਜਨਤਕ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਇਹ ਮੁਲਾਂਕਣ ਕਰਨਾ ਸੰਭਵ ਹੋਵੇਗਾ ਕਿ ਸਰਕਾਰ ਦਾ ਇਹ ਕਦਮ ਆਪਣੇ ਉਦੇਸ਼ ਵਿੱਚ ਕਿੰਨਾ ਸਫ਼ਲ ਹੋ ਰਿਹਾ ਹੈ।

## ਜਨਗਣਨਾ ਦੇ ਦੂਸਰੇ ਪੜਾਅ ਤਹਿਤ ਗਿਣਤੀਕਾਰਾਂ ਤੇ ਸੁਪਰਵਾਈਜ਼ਰਾਂ ਦੀ ਹੋਈ ਟ੍ਰੇਨਿੰਗ

**ਤਰਨਤਾਰਨ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ਼ ਅਫ਼ਸਰ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤਹਿਸੀਲਦਾਰ ਤਰਨ ਤਾਰਨ ਅਰਚਨਾ ਸ਼ਰਮਾ ਦੀ ਅਗਵਾਈ ਹੇਠ ਜਨਗਣਨਾ-2027 ਦੇ ਦੂਸਰੇ ਪੜਾਅ ਸਬੰਧੀ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਦੀ ਤਿੰਨ ਰੋਜ਼ਾ ਟ੍ਰੇਨਿੰਗ ਸੇਵਾ ਦੇਵੀ ਬੀ.ਐਡ. ਕਾਲਜ, ਤਰਨ ਤਾਰਨ ਵਿਖੇ ਕਰਵਾਈ ਗਈ। ਇਸ ਟ੍ਰੇਨਿੰਗ ਦੌਰਾਨ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਜਨਗਣਨਾ ਦੇ ਦੂਸਰੇ ਪੜਾਅ ਨਾਲ ਸਬੰਧਤ ਵੱਖ-ਵੱਖ ਪ੍ਰਕਿਰਿਆਵਾਂ, ਜ਼ਿੰਮੇਵਾਰੀਆਂ ਅਤੇ ਰਿਕਾਰਡ ਤਿਆਰ ਕਰਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਤਹਿਸੀਲਦਾਰ ਤਰਨ ਤਾਰਨ ਸ਼੍ਰੀਮਤੀ ਅਰਚਨਾ ਸ਼ਰਮਾ ਨੇ ਕਿਹਾ ਕਿ ਜਨਗਣਨਾ ਇਕ ਮਹੱਤਵਪੂਰਨ ਕੌਮੀ ਕਾਰਜ ਹੈ ਅਤੇ ਇਸ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਦੀ ਭੂਮਿਕਾ ਅਹਿਮ ਹੈ। ਉਨ੍ਹਾਂ ਕਿਹਾ ਕਿ ਟ੍ਰੇਨਿੰਗ ਦੌਰਾਨ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸਾਰੇ ਕਰਮਚਾਰੀ ਆਪਣੀ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣ।

ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਜਨਗਨਣਾ ਦਾ ਦੂਜਾ ਫੇਜ਼ ਮਿਤੀ 1 ਦਸੰਬਰ 2026 ਤੋਂ ਮਿਤੀ 4 ਜਨਵਰੀ 2027 ਤੱਕ ਚੱਲੇਗਾ ਅਤੇ ਰਵੀਜ਼ਨ ਫੇਜ਼ ਮਿਤੀ 5 ਜਨਵਰੀ 2027 ਤੋਂ 9 ਜਨਵਰੀ 2027 ਨੂੰ ਖ਼ਤਮ ਹੋਵੇਗਾ। ਮਿਤੀ 1 ਦਸੰਬਰ ਤੋ ਗਿਣਤੀਕਾਰ ਘਰ-ਘਰ ਜਾ ਕੇ ਡਾਟਾ ਇਕੱਤਰ ਕਰਨਗੇ, ਜਿਸ ਵਿਚ ਲੱਗਭਗ 40 ਸਵਾਲ ਪੁੱਛੇ ਜਾਣਗੇ ਅਤੇ ਇਹ ਸਾਰੀ ਪ੍ਰਕਿਰਿਆ ਆਨ ਲਾਈਨ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਮਿਤੀ 16 ਨਵੰਬਰ 2026 ਤੋ 30 ਨਵੰਬਰ 2026 ਤੱਕ ਸੈਲਫ ਇਨੂਮੀਰੇਸ਼ਨ ਲਈ ਪੋਰਟਲ ਸਮੂਹ ਨਾਗਰਿਕਾਂ ਲਈ ਖੁੱਲ੍ਹਾ ਰਹੇਗਾ, ਜਿਸ ਤਹਿਤ ਕੋਈ ਵੀ ਨਾਗਰਿਕ ਆਪਣੀ ਜਨਗਨਣਾ ਆਪ ਕਰ ਸਕੇਗਾ ।

## ਕੂਕਾ ਡਾਇਗਨੋਸਟਿਕ ਸੈਂਟਰ ਵਿਖੇ 5-3 ਅਤੇ ਗਾਮਾ ਕੈਮਰਾ ਦੀਆਂ ਆਧੁਨਿਕ ਸਹੂਲਤਾਂ ਸ਼ੁਰੂ




**ਲੁਧਿਆਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਿੱਚ ਲਗਭਗ 25 ਸਾਲਾਂ ਤੋਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਕੂਕਾ ਡਾਇਗਨੋਸਟਿਕ ਸੈਂਟਰ ਵਿਖੇ 5“-3“ ਸਕੈਨ ਅਤੇ ਗਾਮਾ ਕੈਮਰਾ ਦੀਆਂ ਅਤਿ-ਆਧੁਨਿਕ ਸਹੂਲਤਾਂ ਸ਼ੁਰੂ ਕੀਤੀਆਂ ਗਈਆਂ ਹਨ। ਦੀਆਂ ਨਵੀਨਤਮ ਤਕਨੀਕ ਨਾਲ ਲੈਸ ਇਨ੍ਹਾਂ ਮਸ਼ੀਨਾਂ ਨਾਲ ਮਰੀਜ਼ਾਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਜਾਂਚ ਵਿੱਚ ਡਾਕਟਰਾਂ ਨੂੰ ਮਦਦ ਮਿਲੇਗੀ।

ਸੈਂਟਰ ਵੱਲੋਂ ਮਰੀਜ਼ਾਂ ਨੂੰ ਵਾਜਬ ਦਰਾਂ ’ਤੇ ਆਧੁਨਿਕ ਜਾਂਚ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੀਮਤ ਸਮੇਂ ਲਈ 5“-3“ ਸਕੈਨ ਕੈਂਪ ਦੀ ਵਿਸ਼ੇਸ਼ ਦਰ ?10,999 ਰੱਖੀ ਗਈ ਹੈ। ਸੈਂਟਰ ਵਿਖੇ ਅਲਟਰਾਸਾਊਂਡ, ਐਕਸ-ਰੇ, ਸੀਟੀ ਸਕੈਨ, ਐਮਆਰਆਈ, ਮੈਮੋਗ੍ਰਾਫੀ ਅਤੇ ਲੈਬਾਰਟਰੀ ਜਾਂਚਾਂ ਦੀਆਂ ਸਹੂਲਤਾਂ ਵੀ ਉਪਲਬਧ ਹਨ। ਸੈਂਟਰ ਦਾ ਉਦੇਸ਼ ਲੁਧਿਆਣਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਮਿਆਰੀ, ਭਰੋਸੇਯੋਗ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ।

## ਤਰੱਕੀ ਦੀ ਨਵੀਂ ਉਡਾਣ: ਡਾ. ਸੰਦੀਪ ਮਲਹੋਤਰਾ ਪੀਸੀਐੱਸ ਨਾਮਜ਼ਦ, ਅਧਿਕਾਰੀਆਂ ਵੱਲੋਂ ਵਧਾਈ




**ਫਰੀਦਕੋਟ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਫ਼ਰੀਦਕੋਟ ਡਾ. ਸੰਦੀਪ ਮਲਹੋਤਰਾ ਨੂੰ ਤਰੱਕੀ ਦੇ ਕੇ ਪੀਸੀਐੱਸ ਨਾਮਜ਼ਦ ਕੀਤੇ ਜਾਣ ’ਤੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਕੇਸ਼ਵ ਗੋਇਲ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਗਈ।

ਇਸ ਸਬੰਧੀ ਜ਼ਿਲ੍ਹਾ ਪ੍ਰੀਸ਼ਦ ਫ਼ਰੀਦਕੋਟ ਵਿਖੇ ਡਾ. ਸੰਦੀਪ ਮਲਹੋਤਰਾ ਦੇ ਸਨਮਾਨ ਵਿੱਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਡਾ. ਸੰਦੀਪ ਮਲਹੋਤਰਾ ਨੇ ਪੰਜਾਬ ਸਰਕਾਰ, ਡਿਪਟੀ ਕਮਿਸ਼ਨਰ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਅਤੇ ਪੇਂਡੂ ਵਿਕਾਸ ਯੋਜਨਾਵਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਅਤੇ ਇਨ੍ਹਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣ ਲਈ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਸਹਿਯੋਗ ਨਾਲ ਕੰਮ ਕੀਤਾ ਗਿਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਭਵਿੱਖ ਵਿੱਚ ਵੀ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ, ਮਿਹਨਤ ਅਤੇ ਤਨਦੇਹੀ ਨਾਲ ਨਿਭਾਉਂਦੇ ਰਹਿਣਗੇ।

ਇਸ ਮੌਕੇ ਸ੍ਰੀ ਇਕਬਾਲ ਸਿੰਘ ਸੰਧੂ, ਪ੍ਰਵੇਸ਼ ਗੋਇਲ, ਵਿਕਾਸ ਸ਼ਰਮਾ ਅਤੇ ਨੱਥਾ ਸਿੰਘ ਭੁੱਲਰ ਸਮੇਤ ਬੀਡੀਪੀਓਜ਼, ਸ੍ਰੀ ਪ੍ਰਭਚਰਨ ਸਿੰਘ, ਮਨਪ੍ਰੀਤ ਸਿੰਘ ਸੰਧੂ, ਸਤਿੰਦਰਪਾਲ ਸਿੰਘ, ਐੱਸਡੀਓ ਸ੍ਰੀ ਮਹਿੰਦਰ ਸਿੰਘ, ਸੁਪਰਡੈਂਟ ਪ੍ਰਿੰਸ, ਪੰਚਾਇਤ ਸਕੱਤਰ ਯੂਨੀਅਨ ਦੇ ਪ੍ਰਧਾਨ ਬੇਅੰਤ ਸਿੰਘ ਢਿੱਲੋਂ, ਸਟੈਨੋ ਮਨਦੀਪ ਸਿੰਘ, ਪੀਐੱਮਏਵਾਈ ਇੰਚਾਰਜ ਜਸਪ੍ਰੀਤ ਕੌਰ, ਅਮ੍ਰਿਤਪਾਲ ਕੌਰ ਅਤੇ ਕਲਰਕ ਸੁਖਵੀਰ ਸਿੰਘ ਸਮੇਤ ਦਫ਼ਤਰੀ ਤੇ ਫੀਲਡ ਸਟਾਫ ਦੇ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

## ਵਰਿੰਦਰ ਲੰਗਵਾਲ ਦੀ ਨਿਯੁਕਤੀ ਨਾਲ ਮੁਕੇਰੀਆਂ ’ਚ ਅਕਾਲੀ ਦਲ ਨੂੰ ਮਿਲੇਗੀ ਮਜ਼ਬੂਤੀ: ਆਗੂ



**ਮੁਕੇਰੀਆਂ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਵੱਲੋਂ ਵਰਿੰਦਰ ਲੰਗਵਾਲ ਨੂੰ ਮੁਕੇਰੀਆਂ ਹਲਕੇ ਦਾ ਇੰਚਾਰਜ ਨਿਯੁਕਤ ਕਰਨ ’ਤੇ ਪਾਰਟੀ ਆਗੂਆਂ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਹਲਕੇ ਵਿੱਚ ਪਾਰਟੀ ਨੂੰ ਮਜ਼ਬੂਤੀ ਮਿਲੇਗੀ ਅਤੇ ਰਾਜਪੂਤ ਭਾਈਚਾਰੇ ਦੀ ਸ਼ਮੂਲੀਅਤ ਨਾਲ ਸੰਗਠਨ ਨੂੰ ਨਵਾਂ ਬਲ ਮਿਲੇਗਾ।

ਆਗੂਆਂ ਨੇ ਕਿਹਾ ਕਿ ਵਰਿੰਦਰ ਲੰਗਵਾਲ ਇੱਕ ਸਾਫ਼-ਸੁਥਰੇ ਅਕਸ ਵਾਲੇ, ਸਮਾਜ ਸੇਵਾ ਨਾਲ ਜੁੜੇ ਅਤੇ ਨੌਜਵਾਨਾਂ ਵਿੱਚ ਚੰਗੀ ਪਕੜ ਰੱਖਣ ਵਾਲੇ ਵਿਅਕਤੀ ਹਨ। ਉਨ੍ਹਾਂ ਦੀ ਨਿਯੁਕਤੀ ਨਾਲ ਹਿੰਦੂ-ਸਿੱਖ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਸਮਾਜ ਵਿੱਚ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਦਾ ਜਵਾਬ ਦੇਣ ਲਈ ਹਾਂ-ਪੱਖੀ ਸੁਨੇਹਾ ਜਾਵੇਗਾ।

ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰਾਜਪੂਤ ਭਾਈਚਾਰੇ ਨਾਲ ਕੀਤਾ ਵਾਅਦਾ ਨਿਭਾਇਆ ਹੈ ਅਤੇ ਹੁਣ ਭਾਈਚਾਰੇ ਦੀ ਜ਼ਿੰਮੇਵਾਰੀ ਹੈ ਕਿ ਉਹ ਇੱਕ ਜੁੱਟ ਹੋ ਕੇ ਵਰਿੰਦਰ ਲੰਗਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰੇ ਇਸ ਮੌਕੇ ਨਵ ਨਿਯੁਕਤ ਸ਼੍ਰੋਮਣੀ ਅਕਾਲੀ ਦਲ ਮੁਕੇਰੀਆਂ ਹਲਕਾ ਇੰਚਾਰਜ ਵਰਿੰਦਰ ਲੰਗਵਾਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆ ਆਖਿਆ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦਿਆਂ ਹਲਕੇ ਵਿੱਚ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨਾ ਅਤੇ ਸਮੁੱਚੀ ਲੀਡਰਸ਼ਿਪ ਨੂੰ ਇੱਕ ਜੁੱਟ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਲੰਗਵਾਲ ਹੋਰਾ ਨੇ ਕਿਹਾ ਕਿ ਚੇਅਰਮੈਨ ਰਵਿੰਦਰ ਸਿੰਘ ਚੱਕ , ਬਿਕਰਮਜੀਤ ਸਿੰਘ ਅਲ੍ਹਾ ਬਖ਼ਸ ਅਤੇ ਹੋਰ ਸਾਥੀਆਂ ਵੱਲੋਂ ਮਿਲੇ ਸਹਿਯੋਗ ਤੇ ਅਸ਼ੀਰਵਾਦ ਲਈ ਧੰਨਵਾਦੀ ਹਾਂ ।

ਇਸ ਮੌਕੇ ਤੇ ਰਵਿੰਦਰ ਸਿੰਘ ਚੱਕ , ਬਿਕਰਮਜੀਤ ਸਿੰਘ ਅਲ੍ਹਾ ਬਖ਼ਸ , ਸੋਦਾਗਰ ਸਿੰਘ ਚਨੌਰ, ਲਖਵਿੰਦਰ ਸਿੰਘ ਟਿੰਮੀ, ਹਰਮਨਜੀਤ ਸਿੰਘ ਚੱਕ , ਗੁਰਜਿੰਦਰ ਸਿੰਘ ਚੱਕ , ਸਰਬਜੀਤ ਕੌਰ ਬਲਾਕ ਸੰਮਤੀ ਮੈਂਬਰ , ਸਜਨਾ ਰੰਜਨ, ਇੰਦਰਜੀਤ ਸਿੰਘ ਚੱਕ , ਜਸਵਿੰਦਰ ਸਿੰਘ ਬਿੱਟੂ , ਭੁਪਿੰਦਰ ਸਿੰਘ ਸੋਨਾ, ਬਲਦੇਵ ਸਿੰਘ ਬਿਸ਼ਨਪੁਰ, ਜਗਪਾਲ ਸਿੰਘ ਹੈਪੀ, ਹਰਮੀਤ ਸਿੰਘ ਕੋਲਪੁਰ, ਸਰਬਜੀਤ ਸਿੰਘ, ਸੁਰਿੰਦਰ ਸਿੰਘ ਸਿੰਦਾ, ਮਨਜੀਤ ਸਿੰਘ ਚੱਕ , ਦਰਸ਼ਨ ਸਿੰਘ , ਬਲਜੀਤ ਸਿੰਘ ਚੰਨੀ ਨੰਦ ਸਿੰਘ , ਸਤਨਾਮ ਸਿੰਘ, ਠਾਕੁਰ ਅਸੋਕ ਕੁਮਾਰ ਗੁਰਚਰਨ ਸਿੰਘ , ਜਸਵਿੰਦਰ ਸਿੰਘ ਅਤੇ ਰਣਦੀਪ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪਾਰਟੀ ਸਮਰਥਕ ਹਾਜ਼ਰ ਸਨ ।

## ਫੋਟੋਗ੍ਰਾਫਰਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਡੀ.ਸੀ. ਨੂੰ ਸੌਂਪਿਆ ਮੰਗ-ਪੱਤਰ



**ਮਲੇਰਕੋਟਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

‘ਦਿ ਪੰਜਾਬ ਫੋਟੋਗ੍ਰਾਫਰਜ਼ ਐਸੋਸੀਏਸ਼ਨ’ ਦੀ ਜ਼ਿਲ੍ਹਾ ਮਾਲੇਰਕੋਟਲਾ ਇਕਾਈ ਵੱਲੋਂ ਪੰਜਾਬ ਐਸੋਸੀਏਸ਼ਨ ਦੇ ਪ੍ਰਧਾਨ ਜੁਝਾਰ ਸਿੰਘ ਅਤੇ ਜਨਰਲ ਸਕੱਤਰ ਜਸਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਪੰਜਾਬ ਦੇ ਜੁਆਇੰਟ ਸਕੱਤਰ ਲਖਵੀਰ ਸਿੰਘ ਸੋਨੀ ਢੀਂਡਸਾ, ਸਾਊਥ ਜ਼ੋਨ ਸਕੱਤਰ ਇੰਦਰਜੀਤ ਸਿੰਘ, ਸਾਊਥ ਜ਼ੋਨ ਜੁਆਇੰਟ ਸਕੱਤਰ ਬਲਵਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਮਾਲੇਰਕੋਟਲਾ ਤਪਿੰਦਰ ਸਿੰਘ ਸੇਖੋਂ, ਜ਼ਿਲ੍ਹਾ ਜੁਆਇੰਟ ਸਕੱਤਰ ਬਲਜੀਤ ਕੁਮਾਰ, ਸਕੱਤਰ ਤਰਵਿੰਦਰ ਸਿੰਘ ਅਤੇ ਪੀ.ਆਰ.ਓ.-ਕਮ-ਪ੍ਰੈੱਸ ਸਕੱਤਰ ਸੰਦੀਪ ਸ਼ੁਕਲਾ ਸਮੇਤ ਹੋਰ ਮੈਂਬਰਾਂ ਵੱਲੋਂ ਡੀ.ਸੀ. ਮਾਲੇਰਕੋਟਲਾ ਸ੍ਰੀ ਵਿਰਾਜ ਸ਼ਿਆਮਕਰਨ ਤਿੜਕੇ, ਆਈ.ਏ.ਐਸ. ਨੂੰ ਸ਼ਾਲ ਅਤੇ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਫੋਟੋਗ੍ਰਾਫਰ ਭਾਈਚਾਰੇ ਦੀਆਂ ਸਮੱਸਿਆਵਾਂ ਸਬੰਧੀ ਮੰਗ ਪੱਤਰ ਸੌਂਪਿਆ ਗਿਆ। ਇਸ ਉਪਰੰਤ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਕਈ ਬਾਰ ਫੋਟੋਗ੍ਰਾਫਰ ਭਾਈਚਾਰੇ ਨੂੰ ਵਿਆਹ ਸਮਾਗਮਾਂ ਦੌਰਾਨ ਅਤੇ ਆਉਣ-ਜਾਣ ਵੇਲੇ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਆਹ ਸਮਾਗਮਾਂ ਵਿੱਚ ਦੇਰ ਰਾਤ ਤੱਕ ਡੀ.ਜੇ. ਸਾਊਂਡ ਚੱਲਣ ਕਾਰਨ ਫੋਟੋਗ੍ਰਾਫਰਾਂ ਨੂੰ ਆਪਣਾ ਕੰਮ ਕਰਨ ਵਿੱਚ ਮੁਸ਼ਕਲਾਂ ਆਉਂਦੀਆਂ ਹਨ ਅਤੇ ਸਮਾਗਮ ਦੇ ਦੇਰ ਨਾਲ ਖ਼ਤਮ ਹੋਣ ਤੋਂ ਬਾਅਦ ਵਾਪਸੀ ਸਮੇਂ ਲੁੱਟ-ਖੋਹ ਆਦਿ ਦੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਇਸ ਲਈ ਫੋਟੋਗ੍ਰਾਫਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਯੋਗ ਕਦਮ ਚੁੱਕਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਕਈ ਬਾਰ ਵਿਆਹ ਸਮਾਗਮਾਂ ਵਿੱਚ ਹਥਿਆਰਾਂ ਆਦਿ ਦੀ ਵਰਤੋਂ ਨਾਲ ਹੋ ਸਕਦੇ ਜਾਨੀ-ਮਾਲੀ ਨੁਕਸਾਨ ਦੇ ਖ਼ਤਰੇ ਵੱਲ ਵੀ ਧਿਆਨ ਦੇਣ ਦੀ ਮੰਗ ਕੀਤੀ ਗਈ। ਐਸੋਸੀਏਸ਼ਨ ਦੇ ਅਹੁਦੇਦਾਰਾਂ ਅਨੁਸਾਰ ਡੀ.ਸੀ. ਸ੍ਰੀ ਵਿਰਾਜ ਸ਼ਿਆਮਕਰਨ ਤਿੜਕੇ ਵੱਲੋਂ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਕਿ ਫੋਟੋਗ੍ਰਾਫਰ ਭਾਈਚਾਰੇ ਦੀ ਸੁਰੱਖਿਆ ਅਤੇ ਉਨ੍ਹਾਂ ਦੀਆਂ ਮੰਗਾਂ ‘ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ ਅਤੇ ਯੋਗ ਕਦਮ ਚੁੱਕੇ ਜਾਣਗੇ।

ਇਸ ਮੌਕੇ ਮਾਲੇਰਕੋਟਲਾ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ, ਅਮਰਗੜ੍ਹ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ, ਸਕੱਤਰ ਸੋਹਣ ਸਿੰਘ, ਹਰਵੀਰ ਸਿੰਘ ਅਤੇ ਦੇਵਿੰਦਰ ਸਿੰਘ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

## ਮੈਸ਼ ਪ੍ਰੋ-ਲਾਈਫ ਹਸਪਤਾਲ ਵੱਲੋਂ ਪਿੱਤੇ ਦੀ ਪੱਥਰੀ ਲਈ ਵਿਸ਼ੇਸ਼ ਸਰਜਰੀ ਕੈਂਪ 17 ਅਕਤੂਬਰ ਨੂੰ

**ਲੁਧਿਆਣਾ, 15 ਅਕਤੂਬਰ/ਦੁੱਗਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੈਸ਼ ਪ੍ਰੋ-ਲਾਈਫ ਹਸਪਤਾਲ, ਪਿੰਡ ਗਿੱਲ, ਮਲੇਰਕੋਟਲਾ ਰੋਡ, ਲੁਧਿਆਣਾ ਵੱਲੋਂ ਪਿੱਤੇ ਦੀ ਪੱਥਰੀ ਤੋਂ ਪੀੜਤ ਮਰੀਜ਼ਾਂ ਲਈ 17 ਅਕਤੂਬਰ 2026 ਨੂੰ ਵਿਸ਼ੇਸ਼ ਸਰਜਰੀ ਕੈਂਪ ਲਗਾਇਆ ਜਾਵੇਗਾ। ਕੈਂਪ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ, ਸਲਾਹ-ਮਸ਼ਵਰਾ ਅਤੇ ਢੁਕਵੇਂ ਇਲਾਜ ਤੇ ਸਰਜਰੀ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ।



ਹਸਪਤਾਲ ਪ੍ਰਬੰਧਕਾਂ ਨੇ ਲੋਕਾਂ ਨੂੰ ਪਿੱਤੇ ਦੀ ਪੱਥਰੀ ਦੇ ਲੱਛਣਾਂ ਨੂੰ ਨਜ਼ਰਅੰਦਾਜ਼ ਨਾ ਕਰਨ ਅਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਦੀ ਅਪੀਲ ਕੀਤੀ ਹੈ। ਕੈਂਪ ਲਈ ਪਹਿਲੀਆਂ 50 ਰਜਿਸਟ੍ਰੇਸ਼ਨਾਂ ਵਾਸਤੇ ਵਿਸ਼ੇਸ਼ ਸਹੂਲਤ ਦਿੱਤੀ ਜਾਵੇਗੀ। ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 16 ਅਕਤੂਬਰ ਹੈ।

ਵਧੇਰੇ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਲਈ 80553-39904 ਅਤੇ 70096-72300 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਆਰੰਭ: ਕੈਬਨਿਟ ਮੰਤਰੀ



**ਸੁਨਾਮ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਦੇ ਆਰੰਭ ਮੌਕੇ ਨਤਮਸਤਕ ਹੋ ਕੇ ਸੇਵਾ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਪਵਿੱਤਰ ਅਸਥਾਨ ਵਿਖੇ ਕਾਰ ਸੇਵਾ ਦਾ ਹਿੱਸਾ ਬਣਨਾ ਉਨ੍ਹਾਂ ਅਤੇ ਇਲਾਕੇ ਦੀਆਂ ਸੰਗਤਾਂ ਲਈ ਵੱਡੇ ਸੁਭਾਗ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਸੰਗਤ ਵੱਲੋਂ ਸ਼ਰਧਾ, ਨਿਮਰਤਾ ਅਤੇ ਸਮਰਪਣ ਨਾਲ ਕੀਤੀ ਜਾ ਰਹੀ ਸੇਵਾ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਨਿਸ਼ਕਾਮ ਸੇਵਾ ਦੇ ਸੰਦੇਸ਼ ਦੀ ਸੁੰਦਰ ਮਿਸਾਲ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਗੁਰੂ ਘਰ ਮਨੁੱਖ ਨੂੰ ਆਤਮਿਕ ਸਕੂਨ ਦੇਣ ਦੇ ਨਾਲ-ਨਾਲ ਕਿਰਤ ਕਰਨ, ਵੰਡ ਛਕਣ ਅਤੇ ਦੂਜਿਆਂ ਦੀ ਭਲਾਈ ਲਈ ਅੱਗੇ ਆਉਣ ਦੀ ਪ੍ਰੇਰਨਾ ਦਿੰਦੇ ਹਨ। ਕਾਰ ਸੇਵਾ ਦੀ ਪਰੰਪਰਾ ਆਪਸੀ ਸਾਂਝ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ, ਜਿੱਥੇ ਹਰ ਵਿਅਕਤੀ ਬਿਨਾਂ ਕਿਸੇ ਭੇਦਭਾਵ ਦੇ ਸੇਵਾ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਸਮਾਜ ਵਿੱਚ ਏਕਤਾ, ਭਾਈਚਾਰੇ ਅਤੇ ਸਰਬੱਤ ਦੇ ਭਲੇ ਦੀ ਸੋਚ ਨੂੰ ਹੋਰ ਪੱਕਾ ਕਰਦੇ ਹਨ।

ਨੌਜਵਾਨਾਂ ਦੀ ਭਰਵੀਂ ਸ਼ਮੂਲੀਅਤ ਦਾ ਜ਼ਿਕਰ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੀ ਨੌਜਵਾਨੀ ਅੰਦਰ ਮਿਹਨਤ, ਸੇਵਾ ਅਤੇ ਸਮਾਜ ਲਈ ਕੁਝ ਚੰਗਾ ਕਰਨ ਦੀ ਅਥਾਹ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਹਵਾਲੇ ਨਾਲ ਸਮੁੱਚੀ ਨੌਜਵਾਨ ਪੀੜ੍ਹੀ ਬਾਰੇ ਨਕਾਰਾਤਮਕ ਧਾਰਨਾ ਬਣਾਉਣਾ ਉਚਿਤ ਨਹੀਂ ਹੈ। ਅੱਜ ਕਾਰ ਸੇਵਾ ਵਿੱਚ ਨੌਜਵਾਨਾਂ ਦਾ ਉਤਸ਼ਾਹ ਇਹ ਦਰਸਾਉਂਦਾ ਹੈ ਕਿ ਸਹੀ ਸੇਧ ਅਤੇ ਉਸਾਰੂ ਮੌਕੇ ਮਿਲਣ ’ਤੇ ਉਹ ਸਮਾਜ ਦੀ ਭਲਾਈ ਲਈ ਅੱਗੇ ਹੋ ਕੇ ਜ਼ਿੰਮੇਵਾਰੀ ਨਿਭਾਉਂਦੇ ਹਨ।

ਉਨ੍ਹਾਂ ਕਿਹਾ ਕਿ ਸਮਾਜ ਨੂੰ ਸੇਧ ਦੇਣ ਵਾਲਿਆਂ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਗ਼ਲਤ ਪ੍ਰਭਾਵ ਨੌਜਵਾਨਾਂ ਨੂੰ ਕੁਰਾਹੇ ਪਾ ਸਕਦੇ ਹਨ, ਜਦਕਿ ਗੁਰੂ ਘਰ ਦਾ ਸੰਦੇਸ਼ ਉਨ੍ਹਾਂ ਨੂੰ ਸੇਵਾ, ਅਨੁਸ਼ਾਸਨ ਅਤੇ ਪਰਮਾਰਥ ਦੇ ਰਾਹ ਤੋਰਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਦੀਆਂ ਸਿੱਖਿਆਵਾਂ ਨਾਲ ਜੁੜ ਕੇ ਅਤੇ ਨਿਸ਼ਕਾਮ ਸੇਵਾ ਨੂੰ ਜੀਵਨ ਦਾ ਹਿੱਸਾ ਬਣਾ ਕੇ ਨੌਜਵਾਨ ਆਪਣੇ ਜੀਵਨ ਦੇ ਨਾਲ-ਨਾਲ ਸਮਾਜ ਵਿੱਚ ਵੀ ਸਕਾਰਾਤਮਕ ਬਦਲਾਅ ਲਿਆ ਸਕਦੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਗੁਰਦੁਆਰਾ ਅੰਗੀਠਾ ਸਾਹਿਬ ਨਾਲ ਇਲਾਕੇ ਦੇ ਪਰਿਵਾਰਾਂ ਦੀ ਡੂੰਘੀ ਸ਼ਰਧਾ ਅਤੇ ਭਾਵਨਾਤਮਕ ਸਾਂਝ ਜੁੜੀ ਹੋਈ ਹੈ। ਉਨ੍ਹਾਂ ਖੁਸ਼ੀ ਪ੍ਰਗਟਾਈ ਕਿ ਤੜਕਸਾਰ ਤੋਂ ਹੀ ਵੱਡੀ ਗਿਣਤੀ ਵਿੱਚ ਬਜ਼ੁਰਗ, ਨੌਜਵਾਨ, ਬੱਚੇ ਅਤੇ ਮਾਈਆਂ-ਭੈਣਾਂ ਪੂਰੀ ਸ਼ਰਧਾ ਨਾਲ ਕਾਰ ਸੇਵਾ ਵਿੱਚ ਜੁਟੇ ਹੋਏ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਪੀੜ੍ਹੀਆਂ ਦਾ ਇਕੱਠੇ ਸੇਵਾ ਕਰਨਾ ਬੱਚਿਆਂ ਅਤੇ ਨੌਜਵਾਨਾਂ ਨੂੰ ਸੇਵਾ ਦੀ ਪਰੰਪਰਾ ਨਾਲ ਜੋੜਨ ਦਾ ਵੀ ਅਹਿਮ ਮਾਧਿਅਮ ਹੈ।

ਸ੍ਰੀ ਅਮਨ ਅਰੋੜਾ ਨੇ ਸੰਗਤ ਦੇ ਸਮਰਪਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਾਰ ਸੇਵਾ ਵਿੱਚ ਹਰ ਸ਼ਰਧਾਲੂ ਦਾ ਯੋਗਦਾਨ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਜਦੋਂ ਸੰਗਤ ਇਕ ਸਾਂਝੇ ਉਦੇਸ਼ ਲਈ ਇਕਜੁੱਟ ਹੋ ਕੇ ਸੇਵਾ ਕਰਦੀ ਹੈ ਤਾਂ ਆਪਸੀ ਪਿਆਰ, ਸਤਿਕਾਰ ਅਤੇ ਸਾਂਝ ਹੋਰ ਮਜ਼ਬੂਤ ਹੁੰਦੀ ਹੈ। ਇਹੀ ਭਾਵਨਾ ਸਮਾਜ ਦੇ ਹੋਰ ਭਲਾਈ ਕਾਰਜਾਂ ਵਿੱਚ ਵੀ ਲੋਕਾਂ ਨੂੰ ਮਿਲ ਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਦੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਾਰ ਸੇਵਾ ਵਿੱਚ ਸ਼ਾਮਲ ਸਮੂਹ ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਸਭਨਾਂ ਨੂੰ ਚੜ੍ਹਦੀ ਕਲਾ, ਤੰਦਰੁਸਤੀ ਅਤੇ ਸੇਵਾ ਕਰਨ ਦਾ ਬਲ ਬਖ਼ਸ਼ਣ, ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਅਤੇ ਸਮੁੱਚੀ ਲੋਕਾਈ ਉੱਤੇ ਆਪਣੀ ਮਿਹਰ ਬਣਾਈ ਰੱਖਣ।

## ਚੰਡੀਗੜ੍ਹ ਵਿੱਚ ਸਪੈਸ਼ਲ ਵੋਟਰ ਰਜਿਸਟ੍ਰੇਸ਼ਨ ਕੈਂਪ ਸੰਪੰਨ; ਫਾਰਮ 6 ਦੀਆਂ ਲਗਭਗ 4,000 ਅਰਜ਼ੀਆਂ ਪ੍ਰਾਪਤ ਹੋਈਆਂ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ 7 ਤੋਂ 11 ਅਕਤੂਬਰ, 2026 ਤੱਕ ਆਯੋਜਿਤ ਸਪੈਸ਼ਲ ਵੋਟਰ ਰਜਿਸਟ੍ਰੇਸ਼ਨ ਕੈਂਪ ਅੱਜ ਸਫ਼ਲਤਾਪੂਰਵਕ ਸੰਪੰਨ ਹੋ ਗਏ। ਅੰਤਿਮ ਦਿਨ ਫਾਰਮ 6 ਦੀਆਂ ਲਗਭਗ 880 ਅਰਜ਼ੀਆਂ ਪ੍ਰਾਪਤ ਹੋਈਆਂ।

ਇਸ ਦੇ ਨਾਲ ਹੀ ਪੰਜ ਦਿਨਾਂ ਦੀ ਇਸ ਮੁਹਿੰਮ ਦੌਰਾਨ ਅਰਜ਼ੀਆਂ ਦੀ ਕੁੱਲ ਸੰਖਿਆ 3,963 ਹੋ ਗਈ। ਇਨ੍ਹਾਂ ਕੈਂਪਾਂ ਦਾ ਉਦੇਸ਼ ਪਾਤਰ ਨਾਗਰਿਕਾਂ, ਵਿਸ਼ੇਸ਼ ਕਰਕੇ ਲੈਫਟ-ਆਊਟ, ਯੰਗ ਅਤੇ ਫਸਟ ਟਾਇਮ ਵੋਟਰਸ ਦੀ ਇਨਰੋਲਮੈਂਟ ਨੂੰ ਅਸਾਨ ਬਣਾਉਣਾ ਸੀ।

ਮੁਹਿੰਮ ਦੇ ਦੌਰਾਨ, ਵਿਭਿੰਨ ਇਲੈਕਟੋਰਲ ਸੇਵਾਵਾਂ ਲਈ ਕੁੱਲ 5,497 ਅਰਜ਼ੀਆਂ ਪ੍ਰਾਪਤ ਹੋਈਆਂ। ਇਨ੍ਹਾਂ ਵਿੱਚ ਨਵੀਂ ਵੋਟਰ ਰਜਿਸਟ੍ਰੇਸ਼ਨ ਲਈ ਫਾਰਮ 6 ਦੀਆਂ 3,963 ਅਰਜ਼ੀਆਂ; ਵੇਰਵਿਆਂ ਵਿੱਚ ਸੁਧਾਰ, ਹਲਕੇ ਦੇ ਅੰਦਰ ਰਿਹਾਇਸ਼ ਵਿੱਚ ਤਬਦੀਲੀ ਅਤੇ ਹੋਰ ਮਨਜ਼ੂਰਸ਼ੁਦਾ ਬਦਲਾਅ ਲਈ ਫਾਰਮ 8 ਦੀਆਂ 1,452 ਅਰਜ਼ੀਆਂ; ਅਤੇ ਇਤਰਾਜ਼ਾਂ ਤੇ ਇਲੈਕਟੋਰਲ ਰੋਲ ਵਿੱਚੋਂ ਨਾਮ ਹਟਾਉਣ ਨਾਲ ਸਬੰਧਿਤ ਫਾਰਮ 7 ਦੀਆਂ 82 ਅਰਜ਼ੀਆਂ ਸ਼ਾਮਲ ਸਨ।

ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, 01-ਚੰਡੀਗੜ੍ਹ ਸੰਸਦੀ ਹਲਕੇ ਲਈ ਫਾਇਨਲ ਫੋਟੋ ਇਲੈਕਟੋਰਲ ਰੋਲ-2026 ਦਾ ਪ੍ਰਕਾਸ਼ਨ 22 ਸਤੰਬਰ, 2026 ਨੂੰ ਕੀਤਾ ਗਿਆ ਸੀ।

ਮੁਹਿੰਮ ਦੇ ਤਹਿਤ ਬੂਥ ਲੈਵਲ ਅਧਿਕਾਰੀਆਂ (ਬੀਐੱਲਓਜ਼) ਨੇ ਗਣਨਾ ਪੜਾਅ ਦੇ ਦੌਰਾਨ ਐਬਸੈਂਟ, ਸ਼ਿਫਟਡ, ਡੈੱਡ ਅਤੇ ਡੁਪਲੀਕੇਟ (ਏਐੱਸਡੀਡੀ) ਵਜੋਂ ਸ਼ਨਾਖ਼ਤ ਕੀਤੇ ਗਏ ਇਲੈਕਟਰਸ ਦੀਆਂ ਲਿਸਟਾਂ ਆਪਣੇ ਸਬੰਧਿਤ ਪੋਲਿੰਗ ਸਟੇਸ਼ਨਾਂ ’ਤੇ ਪ੍ਰਦਰਸ਼ਿਤ ਕੀਤੀਆਂ। ਇਸ ਨਾਲ ਨਾਗਰਿਕਾਂ ਨੂੰ ਲਿਸਟਾਂ ਦੀ ਤਸਦੀਕ ਕਰਨ ਅਤੇ ਕਿਸੇ ਵੀ ਤਰ੍ਹਾਂ ਦੀਆਂ ਖਾਮੀਆਂ ਦੀ ਜਾਣਕਾਰੀ ਦੇਣ ਵਿੱਚ ਸਹਾਇਤਾ ਮਿਲੀ।

ਚੋਣ ਵਿਭਾਗ ਨੇ ਦੁਹਰਾਇਆ ਕਿ ਵੋਟਰ ਰਜਿਸਟ੍ਰੇਸ਼ਨ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ ਸਪੈਸ਼ਲ ਕੈਂਪਾਂ ਦੇ ਸਮਾਪਨ ਤੋਂ ਬਾਅਦ ਵੀ ਜਾਰੀ ਰਹੇਗੀ। ਜਿਨ੍ਹਾਂ ਪਾਤਰ ਨਾਗਰਿਕਾਂ ਦੇ ਨਾਮ ਇਲੈਕਟੋਰਲ ਰੋਲ ਵਿੱਚ ਸ਼ਾਮਲ ਨਹੀਂ ਹਨ, ਉਹ ਚੋਣ ਦਫ਼ਤਰ, ਸਬੰਧਿਤ ਅਸਿਸਟੈਂਟ ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ (ਏਈਆਰਓ) ਦੇ ਦਫ਼ਤਰ, ਆਪਣੇ ਬੀਐੱਲਓ ਦੇ ਜ਼ਰੀਏ, ਜਾਂ ਈਸੀਆਈ ਨੈੱਟ (539©5“) ਪੋਰਟਲ ਜਾਂ ਐਪ ਦੇ ਜ਼ਰੀਏ ਔਨਲਾਇਨ ਫਾਰਮ 6 ਜਮ੍ਹਾਂ ਕਰਕੇ ਇਸ ਲਈ ਅਰਜ਼ੀ ਦੇ ਸਕਦੇ ਹਨ।

ਨਾਗਰਿਕ ਈਸੀਆਈ ਨੈੱਟ (539©5“) ਪਲੈਟਫਾਰਮ ’ਤੇ ਉਪਲਬਧ ਬੀਐੱਲਓ ਨਾਲ ਕਾਲ ਬੁੱਕ ਕਰੋ ਸੁਵਿਧਾ ਦੇ ਜ਼ਰੀਏ ਵੀ ਆਪਣੇ ਸਬੰਧਿਤ ਬੀਐੱਲਓਜ਼ ਤੋਂ ਮਦਦ ਲੈ ਸਕਦੇ ਹਨ। ਅਧਿਕ ਜਾਣਕਾਰੀ ਜਾਂ ਵੋਟਰ-ਸਬੰਧਿਤ ਸਹਾਇਤਾ ਲਈ, ਨਾਗਰਿਕ ਵੋਟਰ ਹੈਲਪਲਾਇਨ ਨੰਬਰ 1950 ’ਤੇ ਕਾਲ ਕਰ ਸਕਦੇ ਹਨ।

ਚੋਣ ਵਿਭਾਗ ਨੇ ਸਾਰੇ ਪਾਤਰ ਨਾਗਰਿਕਾਂ ਨੂੰ ਇਲੈਕਟੋਰਲ ਰੋਲ ਵਿੱਚ ਆਪਣੇ ਨਾਵਾਂ ਦੀ ਤਸਦੀਕ ਕਰਨ ਅਤੇ ਲੋਕਤੰਤਰੀ ਪ੍ਰਕਿਰਿਆ ਵਿੱਚ ਆਪਣੀ ਭਾਗੀਦਾਰੀ ਸੁਨਿਸ਼ਚਿਤ ਕਰਨ ਤਾਕੀਦ ਕੀਤੀ ਹੈ।

## ਪ੍ਰਗਟ ਸਿੰਘ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਹੋਵੇਗੀ ਹੋਰ ਮਜ਼ਬੂਤ : ਪਾਲ ਸਿੰਘ ਗਰੇਵਾਲ

**ਲੁਧਿਆਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਸੀਨੀਅਰ ਕਾਂਗਰਸੀ ਆਗੂ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਸੀਨੀਅਰ ਕੌਂਸਲਰ ਪਾਲ ਸਿੰਘ ਗਰੇਵਾਲ ਨੇ ਸਾਬਕਾ ਜੱਜ ਹਰਦੀਪ ਸਿੰਘ ਗਰੇਵਾਲ ਅਤੇ ਹੋਰ ਸਾਥੀਆਂ ਸਮੇਤ ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਪ੍ਰਗਟ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।

ਇਸ ਦੌਰਾਨ ਉਨ੍ਹਾਂ ਨੇ ਪ੍ਰਗਟ ਸਿੰਘ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੰਭਾਲਣ ’ਤੇ ਨਿੱਘੀ ਮੁਬਾਰਕਬਾਦ ਦਿੱਤੀ ਅਤੇ ਉਮੀਦ ਜਤਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਪਾਰਟੀ ਨੂੰ ਨਵੀਂ ਦਿਸ਼ਾ, ਨਵੀਂ ਊਰਜਾ ਅਤੇ ਹੋਰ ਮਜ਼ਬੂਤੀ ਮਿਲੇਗੀ।

ਪਾਲ ਸਿੰਘ ਗਰੇਵਾਲ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਵੱਲੋਂ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕਰਨ ਅਤੇ ਪ੍ਰਗਟ ਸਿੰਘ ਨੂੰ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪਣ ਦੇ ਫ਼ੈਸਲੇ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਦੋਵੇਂ ਆਗੂ ਤਜਰਬੇਕਾਰ, ਇਮਾਨਦਾਰ ਅਤੇ ਸੂਝਵਾਨ ਹਨ, ਜੋ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਰੱਖਦੇ ਹਨ।

ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪ੍ਰਗਟ ਸਿੰਘ ਆਪਣੇ ਤਜਰਬੇ ਅਤੇ ਦ੍ਰਿੜ੍ਹ ਅਗਵਾਈ ਨਾਲ ਪਾਰਟੀ ਦੇ ਸਮੂਹ ਆਗੂਆਂ, ਵਰਕਰਾਂ ਅਤੇ ਸਮਰਥਕਾਂ ਨੂੰ ਇਕਜੁੱਟ ਕਰਨਗੇ ਅਤੇ ਕਾਂਗਰਸ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੀ ਮਜ਼ਬੂਤੀ ਲਈ ਸਾਰੇ ਆਗੂਆਂ ਅਤੇ ਵਰਕਰਾਂ ਦਾ ਇਕਜੁੱਟ ਹੋ ਕੇ ਕੰਮ ਕਰਨਾ ਸਮੇਂ ਦੀ ਲੋੜ ਹੈ।

ਪਾਲ ਸਿੰਘ ਗਰੇਵਾਲ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਨਵੀਂ ਅਗਵਾਈ ਹੇਠ ਪੰਜਾਬ ਕਾਂਗਰਸ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਜ਼ਬੂਤੀ ਨਾਲ ਆਪਣਾ ਦਾਅਵਾ ਪੇਸ਼ ਕਰੇਗੀ ਅਤੇ ਲੋਕਾਂ ਦਾ ਭਰੋਸਾ ਜਿੱਤ ਕੇ ਮੁੜ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਹਾਸਲ ਕਰਨ ਲਈ ਯਤਨਸ਼ੀਲ ਰਹੇਗੀ।

## ਹਸਰਤ ਵੈਲਫੇਅਰ ਸੋਸਾਇਟੀ ਵੱਲੋਂ ਮੁਫ਼ਤ ਅੱਖਾਂ ਤੇ ਦੰਦਾਂ ਦੀ ਜਾਂਚ ਕੈਂਪ 26 ਅਕਤੂਬਰ ਨੂੰ

**ਲੁਧਿਆਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਸਰਤ ਵੈਲਫੇਅਰ ਸੋਸਾਇਟੀ ਵੱਲੋਂ 26 ਅਕਤੂਬਰ ਨੂੰ ਗੁਰਦੁਆਰਾ ਗੁਰੂ ਨਿਰਵਾਣ ਸਰਬਜੋਤ ਸਾਹਿਬ, ਫੌਜੀ ਮਾਰਕੀਟ, ਜੱਸੀਆਂ ਰੋਡ, ਹੈਬੋਵਾਲ ਕਲਾਂ ਵਿਖੇ ਮੁਫ਼ਤ ਅੱਖਾਂ ਤੇ ਦੰਦਾਂ ਦੀ ਜਾਂਚ ਲਈ ਕੈਂਪ ਲਗਾਇਆ ਜਾਵੇਗਾ।



ਸੋਸਾਇਟੀ ਦੀ ਪ੍ਰਧਾਨ ਸਵਿਤਾ ਸ਼ਰਮਾ ਨੇ ਦੱਸਿਆ ਕਿ ਕੈਂਪ ਦੌਰਾਨ ਸੋਹਾਣਾ ਹਸਪਤਾਲ ਦੀ ਮੈਡੀਕਲ ਟੀਮ ਵੱਲੋਂ ਅੱਖਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ ਅਤੇ ਮੋਤੀਆ ਬਿੰਦ ਤੋਂ ਪੀੜਤ ਲੋੜਵੰਦ ਮਰੀਜ਼ਾਂ ਦੇ ਆਪ੍ਰੇਸ਼ਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਅਰੋੜਾ ਡੈਂਟਲ ਕਲੀਨਿਕ ਵੱਲੋਂ ਦੰਦਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ।

ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਕੈਂਪ ਵਿੱਚ ਪਹੁੰਚ ਕੇ ਸਿਹਤ ਸੇਵਾਵਾਂ ਦਾ ਲਾਭ ਲੈਣ ਦੀ ਅਪੀਲ ਕੀਤੀ।

ਕੌਮੀ ਪੱਤ੍ਰਿਕਾ

# ਸਿੱਖਿਆ ਸਕੱਤਰ ਪ੍ਰੇਰਣਾ ਪੁਰੀ ਨੇ ਜੀਸੀਈ-20 ਵਿਖੇ ਆਈਸੀਟੀ ਸਕਿੱਲ ਟ੍ਰੇਨਿੰਗ ਵਰਕਸ਼ਾਪ ਦੇ ਸਮਾਪਨ ਸੈਸ਼ਨ ਦੀ ਸ਼ੋਭਾ ਵਧਾਈ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਹਿਲੇ ਵਰ੍ਹੇ ਦੇ ਬੀ.ਐੱਡ. ਵਿਦਿਆਰਥੀਆਂ ਲਈ ਪੰਜ ਦਿਨਾਂ ਦੀ ਆਈਸੀਟੀ ਸਕਿੱਲ ਟ੍ਰੇਨਿੰਗ ਵਰਕਸ਼ਾਪ ਗਵਰਨਮੈਂਟ ਕਾਲਜ ਆਵ? ਐਜੂਕੇਸ਼ਨ (ਜੀਸੀਈ), ਸੈਕਟਰ 20-ਡੀ, ਚੰਡੀਗੜ੍ਹ ਵਿਖੇ ਸੰਪੰਨ ਹੋਈ। ਪੰਜ (5) ਤੋਂ 9 ਅਕਤੂਬਰ, 2026 ਤੱਕ ਆਯੋਜਿਤ ਇਸ ਵਰਕਸ਼ਾਪ ਦੇ ਸਮਾਪਨ ਸੈਸ਼ਨ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਦੇ ਸਿੱਖਿਆ ਸਕੱਤਰ ਸੁਸ਼੍ਰੀ ਪ੍ਰੇਰਣਾ ਪੁਰੀ, ਆਈਏਐੱਸ, ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋਏ। ਸ੍ਰੀ ਸੱਤਿਆ ਸਾਈ ਵਿਦਿਆ ਵਾਹਿਨੀ, ਪ੍ਰਸ਼ਾਂਤਿ ਨਿਲਯਮ, ਆਂਧਰ ਪ੍ਰਦੇਸ਼ ਦੇ ਸਹਿਯੋਗ ਨਾਲ ਆਯੋਜਿਤ ਇਸ ਵਰਕਸ਼ਾਪ ਦਾ ਉਦੇਸ਼ ਭਾਵੀ ਅਧਿਆਪਕਾਂ ਦੇ ਡਿਜੀਟਲ ਕੌਸ਼ਲ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਨੂੰ ਅਧਿਆਪਨ- ਸਿੱਖਿਆ ਪ੍ਰਕਿਰਿਆ ਵਿੱਚ ਤਕਨੀਕ ਦਾ ਪ੍ਰਭਾਵੀ ਉਪਯੋਗ ਕਰਨ ਲਈ ਤਿਆਰ ਕਰਨਾ ਸੀ।

ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸੁਸ਼੍ਰੀ ਪ੍ਰੇਰਣਾ ਪੁਰੀ ਨੇ ਸਿੱਖਿਆ ਦੇ ਖੇਤਰ ਵਿੱਚ ਡਿਜੀਟਲ ਸਕਿੱਲਸ ਅਤੇ ਤਕਨੀਕ ਦੇ ਜ਼ਿੰਮੇਦਾਰ ਉਪਯੋਗ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਵੀ ਅਧਿਆਪਕਾਂ ਨੂੰ ਇਨੋਵੇਟਿਵ ਅਤੇ ਵਿਦਿਆਰਥੀਆਂ 'ਤੇ ਕੇਂਦ੍ਰਿਤ ਅਧਿਆਪਨ ਪੱਧਤੀਆਂ ਅਪਣਾਉਣ ਅਤੇ ਡਿਜੀਟਲ ਸਾਧਨਾਂ ਦਾ ਸਾਰਥਕ ਉਪਯੋਗ ਕਰਨ ਲਈ ਪ੍ਰੋਤਸਾਹਿਤ ਕੀਤਾ, ਤਾਕਿ ਕਲਾਸ ਵਿੱਚ ਪੜ੍ਹਾਈ ਨੂੰ ਅਧਿਕ ਪ੍ਰਭਾਵੀ ਅਤੇ ਰੋਚਕ ਬਣਾਇਆ ਜਾ ਸਕੇ ਅਤੇ ਵਿੱਦਿਅਕ ਨਤੀਜਿਆਂ ਵਿੱਚ ਸੁਧਾਰ ਹੋਵੇ।

ਇਸ ਤੋਂ ਪਹਿਲਾਂ, ਸੁਆਗਤੀ ਸੰਬੋਧਨ ਵਿੱਚ, ਗਵਰਨਮੈਂਟ ਕਾਲਜ ਆਵ? ਐਜੂਕੇਸ਼ਨ (ਜੀਸੀਈ) ਚੰਡੀਗੜ੍ਹ ਦੇ ਪ੍ਰਿੰਸੀਪਲ ਡਾ. ਸਪਨਾ ਨੰਦਾ ਨੇ ਸਿੱਖਿਆ ਸਕੱਤਰ, ਸੰਸਾਧਨ ਵਿਅਕਤੀਆਂ, ਪ੍ਰਤੀਨਿਧੀਆਂ, ਵਲੰਟੀਅਰਾਂ ਅਤੇ ਵਰਕਸ਼ਾਪ ਦੇ ਸਫ਼ਲ ਆਯੋਜਨ ਨਾਲ ਜੁੜੇ ਸਾਰੇ ਲੋਕਾਂ ਦੇ ਪ੍ਰਤੀ ਆਭਾਰ ਵਿਅਕਤ ਕੀਤਾ। ਸ਼੍ਰੀ ਸੱਤਿਆ ਸਾਈਂ ਵਿਦਿਆ ਵਾਹਿਨੀ ਦੇ ਚੰਡੀਗੜ੍ਹ ਪ੍ਰਤੀਨਿਧ ਅਤੇ ਹਰਿਆਣਾ ਸਟੇਟ ਕੋਆਰਡੀਨੇਟਰ ਸੁਸ਼੍ਰੀ ਪ੍ਰਿਯਾ ਟੰਡਨ ਨੇ ਕੋਰਸ ਦੀ ਰੂਪ-ਰੇਖਾ ਪ੍ਰਸਤੁਤ ਕੀਤੀ ਅਤੇ ਕਾਲਜ ਪੱਧਰ 'ਤੇ ਇਸ ਦੇ ਲਾਗੂਕਰਨ ਅਤੇ ਤਾਲਮੇਲ ਬਣਾਉਣ ਦੀਆਂ ਰਣਨੀਤੀਆਂ ਦੀ ਜਾਣਕਾਰੀ ਦਿੱਤੀ।

ਵਰਕਸ਼ਾਪ ਵਿੱਚ ਐੱਮਐੱਸ ਪਾਵਰ ਪੁਆਇੰਟ ਦੀ ਕਸਟਮਾਇਜ਼ੇਸ਼ਨ, ਐੱਚ5ਪੀ ਦੇ ਜ਼ਰੀਏ ਇੰਟਰਐਕਟਿਵ ਈ-ਕੰਟੈਂਟ ਤਿਆਰ ਕਰਨਾ, ਆਡੀਓ-ਵੀਡੀਓ ਨਿਰਮਾਣ, ਯੂਟਿਊਬ ਅਤੇ ਵੈੱਬ ਹੋਸਟਿੰਗ, ਬਲੌਗਿੰਗ, ਵਰਚੁਅਲ ਕਾਨਫਰੰਸਿੰਗ, ਏਆਈ- ਅਧਾਰਿਤ ਅਧਿਆਪਨ ਸੰਸਾਧਨ ਅਤੇ ਸਿੱਖਿਆ ਵਿੱਚ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਦੇ ਜ਼ਿੰਮੇਦਾਰ ਉਪਯੋਗ ਜਿਹੇ ਵਿਸ਼ਿਆਂ 'ਤੇ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ ਗਈ। ਇਨ੍ਹਾਂ ਸੈਸ਼ਨਾਂ ਨਾਲ ਵਿਦਿਆਰਥੀਆਂ ਦਾ ਡਿਜੀਟਲ ਸਾਧਨਾਂ, ਮਲਟੀਮੀਡੀਆ ਸੰਸਾਧਨਾਂ ਅਤੇ ਆਰਟੀਫਿਸ਼ਲ ਇੰਟੈਲੀਜੈਂਸ ਦੇ ਉਪਯੋਗ ਨੂੰ ਲੈਕੇ ਆਤਮਵਿਸ਼ਵਾਸ ਵਧਿਆ। ਸਮਾਪਨ ਸੈਸ਼ਨ ਵਿੱਚ ਵਿਦਿਆਰਥੀਆਂ ਨੇ ਟ੍ਰੇਨਿੰਗ ਦੀ ਪ੍ਰੈਕਟੀਕਲ ਉਪਯੋਗਤਾ 'ਤੇ ਸਕਾਰਾਤਮਕ ਪ੍ਰਤੀਕਿਰਿਆ ਸਾਂਝੀ ਕੀਤੀ।

ਵਰਕਸ਼ਾਪ ਦਾ ਸੰਚਾਲਨ ਸ਼੍ਰੀਮਤੀ ਕਰੁਣਾ ਮੁਨਸ਼ੀ, ਡਾਇਰੈਕਟਰ, ਸ੍ਰੀ ਸੱਤਿਆ ਸਾਈ ਵਿਦਿਆ ਵਾਹਿਨੀ ਦੇ ਮਾਰਗਦਰਸ਼ਨ ਵਿੱਚ ਕੀਤਾ ਗਿਆ। ਇਸ ਰਿਸੋਰਸ ਟੀਮ ਵਿੱਚ ਕੇਸ਼ਬਾ ਮਿਸ਼ਰਾ, ਰਾਧਿਕਾ ਬਾਲਾਚੰਦਰਨ, ਨੰਦਿਨੀ ਨਾਗੇਸ਼ ਅਤੇ ਮੁਤਯਾ ਵੱਲੀ ਦੇਵੀ ਸ਼ਾਮਲ ਸਨ। ਸ੍ਰੀ ਸੱਤਿਆ ਸਾਈ ਸੰਗਠਨ, ਚੰਡੀਗੜ੍ਹ ਦੇ ਵਲੰਟੀਅਰਾਂ ਸ਼ਾਲਿਨੀ ਜਟਾਨਾ, ਰੁਚੀ ਧੀਰ ਅਤੇ ਗਜੇਂਦਰ ਸਿੰਘ ਨੇ ਵੀ ਸਹਿਯੋਗ ਦਿੱਤਾ। ਕਾਲਜ ਪੱਧਰ 'ਤੇ ਇਸ ਪ੍ਰੋਗਰਾਮ ਦਾ ਤਾਲਮੇਲ ਡਾ. ਸੁਮਨ ਖੋਖਰ, ਆਈਸੀਟੀ ਵਿਭਾਗ, ਜੀਸੀਈ, ਚੰਡੀਗੜ੍ਹ ਨੇ ਪ੍ਰਿੰਸੀਪਲ ਡਾ. ਸਪਨਾ ਨੰਦਾ ਦੇ ਮਾਰਗਦਰਸ਼ਨ ਵਿੱਚ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਡੀਨ ਡਾ. ਏ.ਕੇ. ਸ੍ਰੀਵਾਸਤਵ ਨੇ ਧੰਨਵਾਦ ਪ੍ਰਸਤਾਵ ਪ੍ਰਸਤੁਤ ਕੀਤਾ ਅਤੇ ਵਰਕਸ਼ਾਪ ਦੇ ਸਫ਼ਲ ਆਯੋਜਨ ਵਿੱਚ ਯੋਗਦਾਨ ਦੇਣ ਲਈ ਸਿੱਖਿਆ ਸਕੱਤਰ, ਸ੍ਰੀ ਸੱਤਿਆ ਸਾਈ ਵਿਦਿਆ ਵਾਹਿਨੀ ਦੇ ਪ੍ਰਤੀਨਿਧੀਆਂ, ਸੰਸਾਧਨ ਵਿਅਕਤੀਆਂ, ਕਾਲਜ ਪ੍ਰਸ਼ਾਸਨ, ਵਲੰਟੀਅਰਾਂ ਅਤੇ ਪ੍ਰਤੀਭਾਗੀਆਂ ਦਾ ਆਭਾਰ ਵਿਅਕਤ ਕੀਤਾ।

# ਹਰਜੀਤ ਸਿੰਘ ਗਰੇਵਾਲ ਦਾ ਗਿੱਲ ਵਿੱਚ ਨਿੱਘਾ ਸਵਾਗਤ; ਘੱਟ ਗਿਣਤੀਆਂ ਨੂੰ ਨਿਆਂ ਅਤੇ ਸਮਰਥਨ ਦਾ ਭਰੋਸਾ ਦਿੱਤਾ

**ਲੁਧਿਆਣਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਹਿਲੇ ਨਵਰਾਤਰੇ ਦੇ ਸ਼ੁਭ ਮੌਕੇ 'ਤੇ, ਭਾਰਤ ਸਰਕਾਰ ਦੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਹਰਜੀਤ ਸਿੰਘ ਗਰੇਵਾਲ ਨੇ ਹਰਮਨ ਰਿਜ਼ੋਰਟ, ਲੱਡੂਵਾਲ, ਲੁਧਿਆਣਾ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਦਾ ਗਿੱਲ ਹਲਕੇ ਦੇ ਲੋਕਾਂ ਅਤੇ ਸੀਨੀਅਰ ਭਾਜਪਾ ਨੇਤਾਵਾਂ ਵੱਲੋਂ ਇਸ ਵੱਕਾਰੀ ਰਾਸ਼ਟਰੀ ਅਹੁਦੇ 'ਤੇ ਨਿਯੁਕਤੀ ਤੋਂ ਬਾਅਦ ਪਹਿਲੀ ਫੇਰੀ 'ਤੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਸਵਾਗਤ ਸਮਾਰੋਹ ਦੀ ਅਗਵਾਈ ਸ੍ਰੀ ਐਸ.ਆਰ. ਲੱਧੜ, ਆਈ.ਏ.ਐਸ. (ਸੇਵਾਮੁਕਤ), ਹਲਕਾ ਇੰਚਾਰਜ, ਗਿੱਲ ਨੇ ਕੀਤੀ, ਜਿਸ ਵਿੱਚ ਸੀਨੀਅਰ ਭਾਜਪਾ ਆਗੂਆਂ, ਪਾਰਟੀ ਵਰਕਰਾਂ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਦਾ ਇੱਕ ਵੱਡਾ ਇਕੱਠ ਸ਼ਾਮਲ ਸੀ। ਇਸ ਮੌਕੇ ਸ੍ਰੀ ਹੌਬੀ ਧਾਲੀਵਾਲ, ਸ੍ਰੀਮਤੀ ਰਾਸ਼ੀ ਅਗਰਵਾਲ, ਸ੍ਰੀ ਰਮਿੰਦਰ ਸਿੰਘ ਸੰਗੋਵਾਲ, ਸ੍ਰੀ ਸੁਰਿੰਦਰ ਕੁਮਾਰ ਮਹਿਸਮਪੁਰ, ਸ੍ਰੀ
ਸ੍ਰੀ ਪਵਨ ਟਿੰਕੂ, ਸ੍ਰੀ ਰਾਜਾ ਅਟਵਾਲ, ਸ੍ਰੀ ਅਸੀਮ ਕੱਕੜ, ਸ੍ਰੀ ਡੇਨੀਅਲ, ਸ੍ਰੀ ਥਾਮਸ ਮਸੀਹ, ਸ੍ਰੀ ਕੁਲਦੀਪ ਸਿੰਘ ਸਿੱਧੂਪੁਰ, ਸ੍ਰੀ ਮੇਜਰ ਅੰਜੂ ਬਾਲਾ, ਸ੍ਰੀਮਤੀ ਪਰਮਿੰਦਰ ਕੌਰ, ਸ੍ਰੀ ਮੇਜਰ ਸਿੰਘ ਦੇਤਵਾਲ, ਸ੍ਰੀ ਵਿਭੋਰ ਗਰਗ, ਸ੍ਰੀ ਸ਼ੰਟੀ ਅਤੇ ਹੋਰ ਕਈ ਪ੍ਰਮੁੱਖ ਆਗੂ ਹਾਜ਼ਰ ਸਨ। ਸ਼੍ਰੀ ਗਰੇਵਾਲ ਨੇ ਪ੍ਰੋਗਰਾਮ ਦੀ ਸ਼ੁਰੂਆਤ ਮਾਤਾ ਦੁਰਗਾ ਦੀ ਪਵਿੱਤਰ ਜੋਤੀ ਨੂੰ ਪ੍ਰਕਾਸ਼ਿਤ ਕਰਕੇ ਅਤੇ ਨਵਰਾਤਰੇ ਦੇ ਸ਼ੁੱਭ ਮੌਕੇ 'ਤੇ ਉਨ੍ਹਾਂ ਦਾ ਆਸ਼ੀਰਵਾਦ ਲੈ ਕੇ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ ਅਤੇ ਮੀਡੀਆ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ।

**ਗਰੇਵਾਲ ਨੇ ਘੱਟ ਗਿਣਤੀਆਂ ਨੂੰ ਨਿਆਂ ਅਤੇ ਮੁਆਵਜ਼ੇ ਦਾ ਭਰੋਸਾ ਦਿੱਤਾ**

ਇਕੱਠ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਹਰਜੀਤ ਸਿੰਘ ਗਰੇਵਾਲ ਨੇ ਰਾਸ਼ਟਰੀ ਪੱਧਰ 'ਤੇ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਗੱਲ ਕੀਤੀ ਅਤੇ ਭਾਰਤ ਭਰ ਦੇ ਘੱਟ ਗਿਣਤੀ ਭਾਈਚਾਰਿਆਂ ਦੇ ਲਗਭਗ 30 ਕਰੋੜ ਮੈਂਬਰਾਂ ਦੀਆਂ ਨਿਆਂ ਨੂੰ ਯਕੀਨੀ ਬਣਾਉਣ, ਅਧਿਕਾਰਾਂ ਦੀ ਰੱਖਿਆ ਕਰਨ ਅਤੇ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਸੌਂਪਣ ਲਈ ਧੰਨਵਾਦ ਕੀਤਾ। ਉਨ੍ਹਾਂ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਚਿੰਤਾਵਾਂ 'ਤੇ ਢੁਕਵਾਂ ਧਿਆਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਦਿੱਲੀ ਵਿੱਚ ਉਨ੍ਹਾਂ ਨਾਲ ਸੰਪਰਕ ਕਰਨ ਜਾਂ ਢੁਕਵੇਂ ਨਿਪਟਾਰੇ ਲਈ ਆਪਣੀਆਂ ਸ਼ਿਕਾਇਤਾਂ ਪੇਸ਼ ਕਰਨ ਦਾ ਸੱਦਾ ਦਿੱਤਾ।

ਸ਼੍ਰੀ ਗਰੇਵਾਲ ਨੇ ਸਵਾਗਤ ਸਮਾਰੋਹ ਦੇ ਆਯੋਜਨ ਲਈ ਸ਼੍ਰੀ ਐਸ.ਆਰ. ਲੱਧੜ ਦਾ ਧੰਨਵਾਦ ਕੀਤਾ ਅਤੇ ਜਨਤਕ ਸੇਵਾ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਗਿੱਲ ਹਲਕੇ ਦੇ ਲੋਕਾਂ ਨੂੰ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਹੀ ਪ੍ਰਤੀਨਿਧੀ ਚੁਣਨ ਦੀ ਅਪੀਲ ਕੀਤੀ ਤਾਂ ਜੋ ਸੂਬਾ ਪਾਰਦਰਸ਼ੀ, ਜਵਾਬਦੇਹ ਅਤੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਵੱਲ ਵਧ ਸਕੇ।

ਸ੍ਰੀ ਲੱਧੜ ਦੀ ਪ੍ਰਸ਼ੰਸਾ ਕਰਦੇ ਹੋਏ, ਸ੍ਰੀ ਗਰੇਵਾਲ ਨੇ ਉਨ੍ਹਾਂ ਨੂੰ ਭਾਜਪਾ ਲਈ ਇੱਕ ਸੰਪਤੀ ਦੱਸਿਆ, ਉਨ੍ਹਾਂ ਦੇ ਲੰਬੇ ਪ੍ਰਸ਼ਾਸਕੀ ਤਜਰਬੇ, ਸੇਵਾ ਦੇ ਇਮਾਨਦਾਰ ਰਿਕਾਰਡ ਅਤੇ ਜਨਤਾ ਲਈ ਨਿਰੰਤਰ ਉਪਲਬਧਤਾ ਦਾ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਲੱਧੜ ਦੇ ਸਮਰਪਣ ਅਤੇ ਪਹੁੰਚਯੋਗਤਾ ਨੇ ਉਨ੍ਹਾਂ ਨੂੰ ਇੱਕ ਕੀਮਤੀ ਜਨਤਕ ਸੇਵਕ ਅਤੇ ਰਾਜਨੀਤਿਕ ਪ੍ਰਤੀਨਿਧੀ ਬਣਾਇਆ।

**ਗਰੇਵਾਲ ਨੇ ਸਾਊਦੀ ਅਰਬ ਵਿੱਚ ਫਾਂਸੀ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਨੂੰ ਮਦਦ ਦਾ ਭਰੋਸਾ ਦਿੱਤਾ**

ਪ੍ਰੋਗਰਾਮ ਦੇ ਸਭ ਤੋਂ ਮਹੱਤਵਪੂਰਨ ਪਲਾਂ ਵਿੱਚੋਂ ਇੱਕ ਸ਼੍ਰੀ ਗਰੇਵਾਲ ਦੀ ਸ਼੍ਰੀ ਚਮਕੌਰ ਸਾਹਿਬ ਦੇ ਦੋ ਪਰਿਵਾਰਾਂ ਨਾਲ ਗੱਲਬਾਤ ਸੀ ਜਿਨ੍ਹਾਂ ਦੇ ਪੁੱਤਰਾਂ ਨੂੰ ਸਾਊਦੀ ਅਰਬ ਦੀਆਂ ਅਦਾਲਤਾਂ ਦੁਆਰਾ ਮੌਤ ਦੀ ਸਜ਼ਾ ਸੁਣਾਈ ਗਈ ਹੈ। ਪਰਿਵਾਰਾਂ ਦੀਆਂ ਚਿੰਤਾਵਾਂ ਸੁਣਨ ਤੋਂ ਬਾਅਦ, ਸ਼੍ਰੀ ਗਰੇਵਾਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਭਾਰਤ ਸਰਕਾਰ ਕੋਲ ਉਠਾਉਣਗੇ ਅਤੇ ਢੁਕਵੇਂ ਕੂਟਨੀਤਕ ਚੈਨਲਾਂ ਦੀ ਪੈਰਵੀ ਕਰਨਗੇ, ਜਿਸ ਵਿੱਚ ਸਾਊਦੀ ਅਰਬ ਦੇ ਅਧਿਕਾਰੀਆਂ ਨਾਲ ਗੱਲਬਾਤ ਵੀ ਸ਼ਾਮਲ ਹੈ, ਤਾਂ ਜੋ ਰਾਹਤ ਅਤੇ ਉਨ੍ਹਾਂ ਦੇ ਪੁੱਤਰਾਂ ਦੀ ਰਿਹਾਈ ਲਈ ਹਰ ਸੰਭਵ ਰਸਤਾ ਲੱਭਿਆ ਜਾ ਸਕੇ।

ਉਨ੍ਹਾਂ ਨੇ ਪਰਿਵਾਰਾਂ ਨੂੰ ਆਪਣੀ ਭੂਮਿਕਾ ਦੇ ਦਾਇਰੇ ਵਿੱਚ ਹਰ ਸੰਭਵ ਸਹਾਇਤਾ ਦਾ ਭਰੋਸਾ ਵੀ ਦਿੱਤਾ। ਮੇਜਰ ਅੰਜੂ ਬਾਲਾ ਮੀਟਿੰਗ ਦੌਰਾਨ ਪਰਿਵਾਰਾਂ ਦੇ ਨਾਲ ਸਨ। ਪਰਿਵਾਰਾਂ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਦਖਲ ਉਨ੍ਹਾਂ ਦੀ ਅਪੀਲ ਨੂੰ ਅੱਗੇ ਵਧਾਉਣ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਨੂੰ ਰਾਹਤ ਦੇਣ ਵਿੱਚ ਮਦਦ ਕਰੇਗਾ।

**ਪੰਜਾਬ ਦੀ ਭਾਈਚਾਰਕ ਸਾਂਝ ਦਾ ਪ੍ਰਤੀਕ**

ਇਸ ਇਕੱਠ ਵਿੱਚ ਸਿੱਖ, ਮੁਸਲਿਮ ਅਤੇ ਈਸਾਈ ਭਾਈਚਾਰਿਆਂ ਦੇ ਮੈਂਬਰਾਂ ਨੇ ਭਾਗ ਲਿਆ, ਜੋ ਪੰਜਾਬ ਦੀ ਫਿਰਕੂ ਸਦਭਾਵਨਾ, ਆਪਸੀ ਸਤਿਕਾਰ ਅਤੇ ਸਮਾਜਿਕ ਭਾਈਚਾਰੇ ਦੀ ਅਮੀਰ ਪਰੰਪਰਾ ਨੂੰ ਦਰਸਾਉਂਦਾ ਹੈ।

ਨਵਰਾਤਿਆਂ ਦੇ ਸ਼ੁਭ ਮੌਕੇ 'ਤੇ ਆਯੋਜਿਤ ਇਸ ਪ੍ਰੋਗਰਾਮ ਨੇ ਧਾਰਮਿਕ ਭਾਈਚਾਰਿਆਂ ਵਿੱਚ ਏਕਤਾ ਅਤੇ ਸਤਿਕਾਰ ਦਾ ਸੰਦੇਸ਼ ਦਿੱਤਾ। ਵੱਖ-ਵੱਖ ਪਿਛੋਕੜਾਂ ਦੇ ਲੋਕਾਂ ਦੀ ਭਾਗੀਦਾਰੀ ਨੇ ਸਰਬੱਤ ਦਾ ਭਲਾ - ਸਭ ਦੀ ਭਲਾਈ - ਦੀ ਭਾਵਨਾ ਨੂੰ ਉਜਾਗਰ ਕੀਤਾ।

ਪ੍ਰੋਗਰਾਮ ਦੀ ਸਮਾਪਤੀ ਕਰਦੇ ਹੋਏ, ਸ਼੍ਰੀ ਐਸ.ਆਰ. ਲੱਧੜ ਨੇ ਸਾਰੇ ਵਿਸ਼ੇਸ਼ ਮਹਿਮਾਨਾਂ, ਭਾਜਪਾ ਆਗੂਆਂ, ਪਾਰਟੀ ਵਰਕਰਾਂ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਕਿ ਉਹ ਸ਼੍ਰੀ ਹਰਜੀਤ ਸਿੰਘ ਗਰੇਵਾਲ ਦਾ ਸਵਾਗਤ ਕਰਨ ਲਈ ਵੱਡੀ ਗਿਣਤੀ ਵਿੱਚ ਪਹੁੰਚੇ, ਜਿਨ੍ਹਾਂ ਨੂੰ ਉਨ੍ਹਾਂ ਨੇ ਧਰਤੀ ਦਾ ਪੁੱਤਰ ਦੱਸਿਆ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਸ਼੍ਰੀ ਗਰੇਵਾਲ ਦੀ ਨਵੀਂ ਰਾਸ਼ਟਰੀ ਜ਼ਿੰਮੇਵਾਰੀ ਘੱਟ ਗਿਣਤੀ ਭਾਈਚਾਰਿਆਂ ਦੀਆਂ ਚਿੰਤਾਵਾਂ ਨੂੰ ਉਠਾਉਣ ਅਤੇ ਨਿਆਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕਰੇਗੀ।

# ਰਾਸ਼ਟਰੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਹਰਜੀਤ ਸਿੰਘ ਗਰੇਵਾਲ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ



**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਰਾਸ਼ਟਰੀ ਘੱਟਗਿਣਤੀ ਕਮਿਸ਼ਨ (ਐੱਨਸੀਐੱਮ) ਦੇ ਚੇਅਰਮੈਨ ਸ਼੍ਰੀ ਹਰਜੀਤ ਸਿੰਘ ਗਰੇਵਾਲ ਨੇ ਅੱਜ ਯੂਟੀ ਗੈਸਟ ਹਾਊਸ, ਚੰਡੀਗੜ੍ਹ ਵਿਖੇ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਮੀਟਿੰਗ ਵਿੱਚ ਘੱਟਗਿਣਤੀ ਭਾਈਚਾਰਿਆਂ ਨਾਲ ਜੁੜੇ ਵਿਭਿੰਨ ਮੁੱਦਿਆਂ, ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ, ਸੰਵਿਧਾਨਕ ਅਤੇ ਕਾਨੂੰਨੀ ਅਧਿਕਾਰਾਂ ਦੀ ਸੁਰੱਖਿਆ ਅਤੇ ਸਰਕਾਰੀ ਕਲਿਆਣਕਾਰੀ ਯੋਜਨਾਵਾਂ ਦੇ ਪ੍ਰਭਾਵੀ ਲਾਗੂਕਰਨ ਦੀ ਸਮੀਖਿਆ ਕੀਤੀ ਗਈ। ਇਸ ਦੌਰਾਨ ਪ੍ਰਸ਼ਾਸਨਿਕ ਵਿਭਾਗਾਂ ਦੇ ਦਰਮਿਆਨ ਬਿਹਤਰ ਤਾਲਮੇਲ ਸਥਾਪਿਤ ਕਰਨ ਅਤੇ ਘੱਟਗਿਣਤੀ ਭਾਈਚਾਰਿਆਂ ਨਾਲ ਸਬੰਧਿਤ ਸ਼ਿਕਾਇਤਾਂ ਦਾ ਸਮਾਂਬੱਧ ਸਮਾਧਾਨ ਸੁਨਿਸ਼ਚਿਤ ਕਰਨ 'ਤੇ ਵੀ ਚਰਚਾ ਹੋਈ।

ਚੇਅਰਮੈਨ ਸ਼੍ਰੀ ਗਰੇਵਾਲ ਨੇ ਘੱਟਗਿਣਤੀ ਭਾਈਚਾਰਿਆਂ ਦੀ ਭਲਾਈ, ਸਿੱਖਿਆ, ਸਮਾਜ ਭਲਾਈ, ਮਹਿਲਾ ਤੇ ਬਾਲ ਵਿਕਾਸ ਨਾਲ ਜੁੜੇ ਵਿਸ਼ਿਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਘੱਟਗਿਣਤੀ ਭਾਈਚਾਰਿਆਂ ਦੇ ਸਮਾਜਿਕ ਤੇ ਆਰਥਿਕ ਵਿਕਾਸ ਲਈ ਸਬੰਧਿਤ ਵਿਭਾਗਾਂ ਦੁਆਰਾ ਚਲਾਈਆਂ ਜਾ ਰਹੀਆਂ ਵਿਭਿੰਨ ਯੋਜਨਾਵਾਂ ਅਤੇ ਪਹਿਲਾਂ ਦੀ ਜਾਣਕਾਰੀ ਵੀ ਲਈ।

ਸ਼੍ਰੀ ਗਰੇਵਾਲ ਨੇ ਕਿਹਾ ਕਿ ਘੱਟਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ, ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਸਮੇਂ 'ਤੇ ਸਮਾਧਾਨ ਕਰਨਾ ਅਤੇ ਸਰਕਾਰੀ ਕਲਿਆਣਕਾਰੀ ਯੋਜਨਾਵਾਂ ਦਾ ਲਾਭ ਪਾਤਰ ਵਿਅਕਤੀਆਂ ਤੱਕ ਪਹੁੰਚਾਉਣਾ ਸਬੰਧਿਤ ਅਧਿਕਾਰੀਆਂ ਦੀਆਂ ਪ੍ਰਮੁੱਖ ਪ੍ਰਾਥਮਿਕਤਾਵਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਘੱਟਗਿਣਤੀ ਭਾਈਚਾਰਿਆਂ ਨਾਲ ਜੁੜੇ ਮੁੱਦਿਆਂ ਦੇ ਸਮਾਧਾਨ ਵਿੱਚ ਸੰਵੇਦਨਸ਼ੀਲ, ਜ਼ਿੰਮੇਦਾਰ ਅਤੇ ਜਵਾਬਦੇਹ ਦ੍ਰਿਸ਼ਟੀਕੋਣ ਅਪਣਾਉਣ ਦੀ ਅਪੀਲ ਕੀਤੀ।

ਮੀਟਿੰਗ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਹਿੱਸਾ ਲਿਆ ਅਤੇ ਘੱਟਗਿਣਤੀ ਭਾਈਚਾਰਿਆਂ ਦੇ ਕਲਿਆਣ ਲਈ ਵਿਭਿੰਨ ਵਿਭਾਗਾਂ ਦੁਆਰਾ ਕੀਤੇ ਜਾ ਰਹੇ ਕਾਰਜਾਂ, ਸੰਚਾਲਿਤ ਯੋਜਨਾਵਾਂ ਅਤੇ ਸਬੰਧਿਤ ਮਾਮਲਿਆਂ ਵਿੱਚ ਕੀਤੀ ਜਾ ਰਹੀ ਕਾਰਵਾਈ ਦੀ ਜਾਣਕਾਰੀ ਸਾਂਝੀ ਕੀਤੀ।

ਰਾਸ਼ਟਰੀ ਘੱਟਗਿਣਤੀ ਕਮਿਸ਼ਨ ਨੇ ਘੱਟਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਹਿਤਾਂ ਦੀ ਰੱਖਿਆ ਕਰਨ ਅਤੇ ਸਬੰਧਿਤ ਕਲਿਆਣਕਾਰੀ ਯੋਜਨਾਵਾਂ ਦੇ ਪ੍ਰਭਾਵੀ ਲਾਗੂਕਰਨ ਨੂੰ ਸੁਨਿਸ਼ਚਿਤ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਤਾਲਮੇਲ ਬਣਾ ਕੇ ਕਾਰਜ ਕਰਨ ਦੀ ਆਪਣੀ ਪ੍ਰਤੀਬੱਧਤਾ ਦੁਹਰਾਈ।

# ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲੀ ਘਟਨਾ ਦੀ ਸਖ਼ਤ ਨਿਖੇਧੀ: ਕਾਲਕਾ, ਕਾਹਲੋਂ

**ਨਵੀਂ ਦਿੱਲੀ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੀ ਪਵਿੱਤਰ ਹਦੂਦ ਵਿੱਚ ਕਥਿਤ ਤੌਰ 'ਤੇ ਸਿਆਸੀ ਨਾਅਰੇਬਾਜ਼ੀ ਕਰਨ ਅਤੇ ਜਾਣਬੁੱਝ ਕੇ ਵਿਘਨ ਪੈਦਾ ਕਰਨ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਵੇਂ ਆਗੂਆਂ ਨੇ ਕਿਹਾ ਕਿ ਗੁਰੂ ਘਰ ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਕਿਸੇ ਵੀ ਸਿਆਸੀ ਪ੍ਰਚਾਰ ਜਾਂ ਗਤੀਵਿਧੀ ਲਈ ਵਰਤਣਾ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਅਤੇ ਅਤਿ ਨਿੰਦਣਯੋਗ ਕੋਝਾ ਉਪਰਾਲਾ ਹੈ।

ਸਰਦਾਰ ਕਾਲਕਾ ਅਤੇ ਕਾਹਲੋਂ ਨੇ ਕਿਹਾ ਕਿ ਸ਼ਿਕਾਇਤ ਵਿੱਚ ਦਰਜ ਵੇਰਵਿਆਂ ਅਨੁਸਾਰ ਇਹ ਕਿਸੇ ਸੋਚੀ-ਸਮਝੀ ਅਤੇ ਯੋਜਨਾਬੱਧ ਕਾਰਵਾਈ ਦਾ ਨਤੀਜਾ ਜਾਪਦੀ ਹੈ, ਜਿਸ ਰਾਹੀਂ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੀ ਪਵਿੱਤਰਤਾ ਨੂੰ ਸਿਆਸੀ ਮਨੋਰਥਾਂ ਲਈ ਦੁਰਵਰਤਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਗੁਰੂ ਘਰ ਹਰ ਧਰਮ ਅਤੇ ਹਰ ਵਰਗ ਦੇ ਲੋਕਾਂ ਲਈ ਸ਼ਰਧਾ, ਸ਼ਾਂਤੀ ਅਤੇ ਆਤਮਿਕਤਾ ਦਾ ਕੇਂਦਰ ਹੈ, ਇਸ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਮਰਿਆਦਾ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਰਨਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਡੀਸੀਪੀ ਨਵੀਂ ਦਿੱਲੀ ਕੋਲ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤ ਵਿੱਚ ਘਟਨਾ ਦੀ ਪੂਰੀ ਜਾਂਚ, ਇਸ ਪਿੱਛੇ ਮੌਜੂਦ ਸਾਜ਼ਿਸ਼ ਅਤੇ ਤਾਲਮੇਲ ਦੀ ਪੜਤਾਲ ਕਰਨ ਅਤੇ ਗੁਰਦੁਆਰਾ ਸਾਹਿਬ ਦੀ ਪਵਿੱਤਰਤਾ ਨੂੰ ਸਿਆਸੀ ਗਤੀਵਿਧੀਆਂ ਲਈ ਵਰਤਣ ਵਾਲੇ ਜ਼ਿੰਮੇਂਵਾਰ ਵਿਅਕਤੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਸਿਆਸੀ ਵਿਚਾਰਾਂ ਦੇ ਪ੍ਰਚਾਰ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਕਰਨਾ ਨਾ ਸਿਰਫ਼ ਧਾਰਮਿਕ ਮਰਿਆਦਾਵਾਂ ਦੀ ਉਲੰਘਣਾ ਹੈ, ਸਗੋਂ ਸਮਾਜਕ ਸਦਭਾਵਨਾ ਅਤੇ ਲੋਕਤੰਤਰੀ ਜ਼ਿੰਮੇਵਾਰੀ ਦੇ ਵੀ ਵਿਰੁੱਧ ਹੈ।

ਉਨ੍ਹਾਂ ਕਿਹਾ ਕਿ ਕਿਸੇ ਵੀ ਪਾਰਟੀ ਜਾਂ ਆਗੂ ਨੂੰ ਇਹ ਅਧਿਕਾਰ ਨਹੀਂ ਕਿ ਉਹ ਆਪਣੇ ਸਿਆਸੀ ਲਾਭ ਲਈ ਗੁਰੂ ਘਰ ਦੀ ਪਵਿੱਤਰਤਾ ਅਤੇ ਸੰਗਤ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰੇ।

ਸਰਦਾਰ ਕਾਲਕਾ ਨੇ ਦਿੱਲੀ ਪੁਲਿਸ ਅਤੇ ਸਬੰਧਤ ਜਾਂਚ ਏਜੰਸੀਆਂ ਤੋਂ ਮੰਗ ਕੀਤੀ ਕਿ ਮਾਮਲੇ ਦੀ ਨਿਰਪੱਖ ਅਤੇ ਸਮਾਂਬੱਧ ਜਾਂਚ ਕਰਵਾਈ ਜਾਵੇ, ਘਟਨਾ ਨਾਲ ਜੁੜੇ ਸਾਰੇ ਵਿਅਕਤੀਆਂ ਦੀ ਭੂਮਿਕਾ ਦੀ ਪੜਤਾਲ ਕੀਤੀ ਜਾਵੇ ਅਤੇ ਜ਼ਿੰਮੇਵਾਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੀ ਮਰਿਆਦਾ ਅਤੇ ਪਵਿੱਤਰਤਾ ਦੀ ਰਾਖੀ ਕਰਨਾ ਹਰ ਜ਼ਿੰਮੇਵਾਰ ਨਾਗਰਿਕ ਅਤੇ ਪ੍ਰਸ਼ਾਸਨ ਦੀ ਸਾਂਝੀ ਜ਼ਿੰਮੇਵਾਰੀ ਹੈ।

# ਸਿਹਤ ਮੰਤਰੀ ਵੱਲੋਂ ਥਾਪਰ ਯੂਨੀਵਰਸਿਟੀ ਵਿਖੇ 'ਯੰਗ ਮਾਈਂਡ ਫੈਸਟੀਵਲ 2026' ਵਿੱਚ ਸ਼ਿਰਕਤ



**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਥਾਪਰ ਯੂਨੀਵਰਸਿਟੀ ਪਟਿਆਲਾ ਵਿਖੇ ਨੌਜਵਾਨ ਵਿਦਿਆਰਥੀਆਂ ਲਈ ਕਰਵਾਏ ਜਾ ਰਹੇ ਦੋ ਰੋਜ਼ਾ 'ਯੰਗ ਮਾਈਂਡ ਫੈਸਟੀਵਲ 2026' ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ, ਉਨ੍ਹਾਂ ਵਿੱਚ ਸਿਰਜਣਾਤਮਕ ਸੋਚ ਵਿਕਸਿਤ ਕਰਨ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵੱਖ-ਵੱਖ ਪਿਛੋਕੜਾਂ ਤੋਂ ਆਏ ਵਿਦਿਆਰਥੀਆਂ ਨੂੰ ਇੱਕ ਮੰਚ 'ਤੇ ਇਕੱਠੇ ਹੋ ਕੇ ਸਿੱਖਣ, ਨਵੇਂ ਹੁਨਰ ਹਾਸਲ ਕਰਨ ਅਤੇ ਇੱਕ-ਦੂਜੇ ਦੇ ਤਜਰਬਿਆਂ ਤੋਂ ਸਿੱਖਣ ਦਾ ਮੌਕਾ ਪ੍ਰਦਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਵਿਗਿਆਨ, ਗਣਿਤ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣਾ ਵੀ ਬਹੁਤ ਮਹੱਤਵਪੂਰਨ ਹੈ।

# ਗੜੇਮਾਰੀ ਅਤੇ ਮੀਹ ਕਾਰਨ ਖੇਤਾਂ ਅਤੇ ਮੰਡੀਆਂ ਵਿੱਚ ਪਈ ਫਸਲ ਦਾ ਭਾਰੀ ਨੁਕਸਾਨ

## ਪੰਜਾਬ ਤੇ ਕੇਂਦਰ ਸਰਕਾਰ ਕਿਸਾਨਾ ਅਤੇ ਆੜਤੀਆਂ ਨੂੰ ਤਰੁੰਤ ਮੁਆਵਜਾਂ ਦੇਣ: ਮਿਸਲ ਸਤਲੁਜ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਥ,ਪੰਜਾਬ ਦੇ ਹਿੱਤਾ ਦੀ ਪਹਿਰੇਦਾਰ ਧਿਰ ਮਿਸਲ ਸਤਲੁਜ਼ ਨੇ ਬੇਮੌਸਮੀ ਮੀਹ ਅਤੇ ਗੜੇਮਾਰੀ ਹੋਣ ਕਾਰਨ ਝੋਨੇ ਦੀ ਫਸਲ ਤੇ ਹੋਏ ਨੁਕਸਾਨ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਮਿਸਲ ਸਤਲੁਜ਼ ਹਲਕਾ ਪਟਿਆਲਾ ਦਿਹਾਤੀ ਤੋ ਉਮੀਦਵਾਰ ਮਨਜੀਤ ਸਿੰਘ ਚਾਹਲ ਨੇ ਕਿਹਾ ਕਿ ਖੇਤਾ ਵਿੱਚ ਖੜੇ ਝੋਨੇ ਅਤੇ ਮੰਡੀਆਂ ਵਿੱਚ ਪਹੁੰਚੇ ਝੋਨੇ ਨੂੰ ਵੱਡਾ ਨੁਕਸਾਨ ਪਹੁੰਚਿਆਂ ਹੈ।ਜਿਸ ਕਾਰਨ ਕਿਸਾ ?ਨਾ ਅਤੇ ਆੜਤੀਆਂ ਦੀਆਂ ਮੁਸਕਲਾ ਵੱਧ ਗਈਆਂ ਹਨ।ਉਨਾਂ ਕਿਹਾ ਕਿ ਕਿਸਾ ?ਨਾ ਦੀ 6 ਮਹੀਨੇ ਦੀ ਮਹਿਨਤ ਨੂੰ ਕੁਦਰਤ ਦੀ ਮਾਰ ਦਾ ਸਿਕਾਰ ਹੋਣਾ ਪਿਆਂ ਹੈ।ਉਨਾਂ ਕਿਹਾ ਕਿ ਕੁਦਰਤੀ ਆਫਤਾ ਕਾਰਨ ਫਸਲਾਂ ਦਾ ਨੁਕਸਾਨ ਹੋਣ ਕਾਰਨ ਕਿਸਾ ?ਨਾਂ ਨੂੰ ਭਾਰੀ ਆਰਥਿਕ ਸੱਟ ਵੱਜਦੀ ਹੈ,ਉਨਾਂ ਕਿਹਾ ਕਿ ਮੀਹ ਪੈਣ ਨਾਲ ਝੋਨੇ ਦੀ ਕਟਾਈ ਦਾ ਕੰਮ ਵੀ ਪਛੜ ਗਿਆ ਹੈ,ਜਿਸ ਕਾਰਨ ਹੋਰ ਕਈ ਮੁਸਕਲਾ ਕਿਸਾਨਾ ਨੂੰ ਦਰਪੇਸ਼ ਆਉਣਗੀਆਂ।ਮਿਸਲ ਸਤਲੁਜ਼ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋ ਮੰਗ ਕੀਤੀ ਕਿ ਉਹ ਕਿਸਾ ?ਨਾ ਅਤੇ ਆੜਤੀਆਂ ਨੂੰ ਵਿਸੇਸ਼ ਆਰਥਿਕ ਸਹਾਇਤਾ ਦਾ ਐਲਾਨ ਕਰੇ,ਉਨਾਂ ਮੰਗ ਕੀਤੀ ਕਿ ਕਿਸਾ ?ਨਾਂ ਦੀਆਂ ਫਸਲਾਂ ਦਾ ਬੀਮਾ ਸਰਕਾਰ ਨੂੰ ਆਪਣੇ ਖਰਚ ਤੇ ਕਰਨਾ ਚਾਹੀਦਾ ਹੈ।

# ਹਲਕਾ ਸਮਰਾਲਾ ਤੋਂ ਅਕਾਲੀ ਦਲ ਵਾਰਿਸ ਪੰਜਾਬ ਨੇ ਬਰਜਿੰਦਰ ਸਿੰਘ ਬਬਲੂ ਲੋਪੋਂ ਨੂੰ ਉਮੀਦਵਾਰ ਬਣਾਇਆ

**ਮਾਛੀਵਾੜਾ ਸਾਹਿਬ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਮਰਾਲਾ ਅੰਦਰ ਅਕਾਲੀ ਦਲ ਵਾਰਿਸ ਪੰਜਾਬ ਦੇ ਉਮੀਦਵਾਰ ਦੀਆਂ ਚਰਚਾਵਾਂ ਨੂੰ ਵਿਰਾਮ ਲਾਉਂਦਿਆਂ ਪਾਰਟੀ ਵੱਲੋਂ ਬਰਜਿੰਦਰ ਸਿੰਘ ਬਬਲੂ ਲੋਪੋਂ ਨੂੰ ਉਮੀਦਵਾਰ ਬਣਾਇਆ ਹੈ।ਪੰਜਾਬ ਵਿਚ ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦਕ ਢਾਂਚੇ ਦਾ ਵਿਸਥਾਰ ਕਰਦੇ ਹੋਏ 4 ਹਲਕਿਆਂ ਤੋਂ ਇੰਚਾਰਜ ਨਿਯੁਕਤ ਕੀਤੇ ਗਏ ਹਨ। ਇਸ ਵਿਚ ਹਲਕਾ ਸਮਰਾਲਾ ਤੋਂ ਬਰਜਿੰਦਰ ਸਿੰਘ ਬਬਲੂ ਲੋਪੋਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਜਾਣਕਾਰੀ ਅਨੁਸਾਰ, ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਦਫ਼ਤਰ ਤੋਂ ਸਕੱਤਰ ਪਰਗਟ ਸਿੰਘ ਮਿਆਂਵਿੰਡ ਵਲੋਂ ਜਾਰੀ ਪੱਤਰ ਅਨੁਸਾਰ ਬਰਜਿੰਦਰ ਸਿੰਘ ਬਬਲੂ ਲੋਪੋਂ ਦੀਆਂ ਵਧੀਆ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਦੀ ਨਿਯੁਕਤੀ ਕੀਤੀ ਗਈ ਹੈ, ਜਦਕਿ ਪਾਰਟੀ ਦੇ ਕੁਝ ਮੈਂਬਰਾਂ ਵੱਲੋਂ ਪਾਰਟੀ ਦੇ ਟਕਸਾਲੀ ਆਗੂਆਂ ਨੂੰ ਟਿਕਟਾਂ ਦੇਣ ਦੀ ਗੱਲ ਕੀਤੀ ਜਾ ਰਹੀ ਸੀ। ਨਵ-ਨਿਯੁਕਤ ਹਲਕਾ ਇੰਚਾਰਜ ਬਬਲੂ ਲੋਪੋਂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੱਧ ਤੋਂ ਵੱਧ ਨੌਜਵਾਨਾਂ ਨੂੰ ਲਾਮਬੰਦ ਕਰ ਪਾਰਟੀ ਨਾਲ ਜੋੜਿਆ ਜਾਵੇਗਾ।

# ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੇ ਵਾਤਾਵਰਣ ਸੁਰੱਖਿਆ ਉਪਾਵਾਂ ਬਾਰੇ ਕਰਵਾਇਆ ਸਿਖਲਾਈ ਪ੍ਰੋਗਰਾਮ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿਭਾਗ ਵੱਲੋਂ ਅੱਜ ਜਲ ਸਪਲਾਈ ਅਤੇ ਸੈਨੀਟੇਸ਼ਨ ਪ੍ਰਾਜੈਕਟਾਂ ਵਿੱਚ ਵਾਤਾਵਰਣ ਸੁਰੱਖਿਆ ਸਬੰਧੀ ਉਪਾਵਾਂ ਦੇ ਪ੍ਰਭਾਵੀ ਲਾਗੂਕਰਨ ਲਈ ਖੇਤਰੀ ਅਮਲੇ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਫੇਜ਼-2, ਐਸ.ਏ.ਐਸ. ਨਗਰ ਸਥਿਤ ਮੁੱਖ ਦਫ਼ਤਰ ਵਿਖੇ ਜਲ ਅਤੇ ਸੈਨੀਟੇਸ਼ਨ ਪ੍ਰਾਜੈਕਟ ਵਿੱਚ ਵਾਤਾਵਰਣ ਸੁਰੱਖਿਆ ਬਾਰੇ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਇਸ ਦੌਰਾਨ ਈ.ਈ.-ਕਮ-ਐਸ.ਈ.ਐਸ. ਇੰਜੀਨੀਅਰ ਸਰਬਜੀਤ ਸਿੰਘ; ਐਸ.ਈ.ਐਸ. ਡਾ. ਪ੍ਰਦੀਪ ਸ਼ਰਮਾ ਅਤੇ ਵਾਤਾਵਰਣ ਪ੍ਰਬੰਧਨ ਮਾਹਰ ਸ੍ਰੀ ਸਾਜ਼ਿਦ ਅਲੀ ਨੇ ਜਲ ਅਤੇ ਸੈਨੀਟੇਸ਼ਨ ਪ੍ਰਾਜੈਕਟਾਂ ਵਾਲੇ ਸਥਾਨਾਂ 'ਤੇ ਅਪਣਾਏ ਜਾਣ ਵਾਲੇ ਵਾਤਾਵਰਣ ਸੁਰੱਖਿਆ ਸਬੰਧੀ ਉਪਾਵਾਂ ਬਾਰੇ ਅਹਿਮ ਪੇਸ਼ਕਾਰੀਆਂ ਦਿੱਤੀਆਂ।

ਪੇਸ਼ਕਾਰੀਆਂ ਵਿੱਚ ਵਾਤਾਵਰਣ ਪ੍ਰਬੰਧਨ ਦੇ ਮੁੱਖ ਪਹਿਲੂਆਂ ਬਾਰੇ ਚਰਚਾ ਕੀਤੀ ਗਈ, ਜਿਸ ਵਿੱਚ ਸਾਈਟ ਦੀ ਸਫ਼ਾਈ ਅਤੇ ਹਾਊਸਕੀਪਿੰਗ, ਟ੍ਰੀਟਮੈਂਟ ਰਸਾਇਣਾਂ ਦੇ ਸੁਰੱਖਿਅਤ ਭੰਡਾਰਨ ਅਤੇ ਪ੍ਰਬੰਧਨ, ਰਹਿੰਦ-ਖੂੰਹਦ ਨੂੰ ਵੱਖ ਕਰਨਾ ਤੇ ਨਿਪਟਾਰਾ ਕਰਨਾ, ਪਾਣੀ ਤੇ ਮਿੱਟੀ ਪ੍ਰਦੂਸ਼ਣ ਦੀ ਰੋਕਥਾਮ, ਪੌਦੇ ਲਾ ਕੇ ਹਰਿਆਵਲ ਵਿੱਚ ਵਾਧਾ ਕਰਨਾ, ਕੰਮ ਦੌਰਾਨ ਸਿਹਤ ਅਤੇ ਸੁਰੱਖਿਆ, ਨਿੱਜੀ ਸੁਰੱਖਿਆ ਉਪਕਰਣਾਂ ਦੀ ਵਰਤੋਂ, ਅੱਗ ਸਬੰਧੀ ਸੁਰੱਖਿਆ, ਐਮਰਜੈਂਸੀ ਸਬੰਧੀ ਤਿਆਰੀ ਅਤੇ ਨਹਿਰੀ ਪਾਣੀ ਨਾਲ ਜੁੜੇ ਪ੍ਰਾਜੈਕਟਾਂ ਦੇ ਨਿਰਮਾਣ ਤੇ ਅਮਲ ਦੌਰਾਨ ਵਰਤੇ ਜਾਣ ਵਾਲੇ ਵਾਤਾਵਰਣ ਸੁਰੱਖਿਆ ਸਬੰਧੀ ਉਪਾਅ ਸ਼ਾਮਲ ਹਨ।

# ਨਸ਼ਾ ਇੱਕ ਸਮਾਜਿਕ ਬੁਰਾਈ ਹੈ ਜੋ ਨਾ ਸਿਰਫ ਵਿਅਕਤੀ ਨੂੰ ਹੀ ਨਹੀਂ ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਤਬਾਹ ਕਰ ਦਿੰਦੀ ਹੈ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪਟਿਆਲਾ ਦੀਆਂ ਪ੍ਰਮੁੱਖ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਅਤੇ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਪਟਿਆਲਾ ਅਤੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਦੇ ਸਹਿਯੋਗ ਨਾਲ ਭਾਰਤ ਸਰਕਾਰ ਦੇ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਵਿਰੁੱਧ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਪਟਿਆਲਾ ਵਿਖੇ ਕੀਤਾ ਗਿਆ। ਇਸ ਮੌਕੇ ਡੀ.ਏ.ਵੀ. ਮਾਡਲ ਸਕੂਲ ਦੇਵੀਗੜ੍ਹ ਦੇ ਵਿਦਿਆਰਥੀਆਂ ਨੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਪਰਮਜੀਤ ਕੌਰ ਜੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ ਅਤੇ ਨਸ਼ਾ ਵਿਰੋਧੀ ਸੰਦੇਸ਼ ਨੂੰ ਅੱਗੇ ਪਹੁੰਚਾਇਆ।

ਇਸ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ ਅਤੇ ਮੈਂਬਰ ਵੂਮੈਨ ਕੌਂਸਲਿੰਗ ਸੈੱਲ ਪਟਿਆਲਾ ਪੁਲਿਸ ਵਜੋਂ ਵਲੰਟੀਅਰ ਸੇਵਾਵਾਂ ਨਿਭਾ ਰਹੇ ਹਨ, ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਇੱਕ ਸਮਾਜਿਕ ਬੁਰਾਈ ਹੈ ਜੋ ਨਾ ਸਿਰਫ਼ ਵਿਅਕਤੀ ਨੂੰ ਸਗੋਂ ਪੂਰੇ ਪਰਿਵਾਰ ਅਤੇ ਸਮਾਜ ਨੂੰ ਤਬਾਹ ਕਰ ਦਿੰਦੀ ਹੈ। ਅੱਜ ਲੋੜ ਹੈ ਕਿ ਅਸੀਂ ਖੇਡਾਂ, ਸਿੱਖਿਆ ਅਤੇ ਸਮਾਜ ਸੇਵਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ ਅਤੇ ਨਸ਼ਿਆਂ ਤੋਂ ਦੂਰ ਰਹੀਏ। ਉਨ੍ਹਾਂ ਨੇ ਪੰਜਾਬ ਪੁਲਿਸ ਦੇ ਸਾਂਝ ਕੇਂਦਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਿਰਫ਼ ਇੱਕ ਸਰਕਾਰੀ ਮੁਹਿੰਮ ਨਹੀਂ, ਸਗੋਂ ਇੱਕ ਜਨ ਅੰਦੋਲਨ ਹੈ।

ਇਸ ਨੂੰ ਸਫਲ ਬਣਾਉਣ ਲਈ ਹਰ ਨਾਗਰਿਕ, ਖਾਸ ਕਰਕੇ ਨੌਜਵਾਨਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਵਾਇਸ ਪ੍ਰਿੰਸੀਪਲ ਹਰਜੀਤ ਸਿੰਘ, ਨਵਨੀਤ ਕੌਰ, ਮਨਦੀਪ ਕੌਰ, ਆਰਤੀ ਸ਼ਰਮਾ, ਸਰਕਾਰੀ ਬਿਕਰਮ ਕਾਲਜ ਆਫ ਕਾਮਰਸ ਦੇ ਬੀ.ਸੀ.ਏ. ਵਿਦਿਆਰਥੀ ਰੁਦਰਪ੍ਰਤਾਪ ਸਿੰਘ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਗੁਰਸਾਹਿਬ ਸਿੰਘ, ਗੁਰਕੀਰਤ ਸਿੰਘ, ਗੁਰਮਨਜੋਤ ਕੌਰ, ਗਗਨਪ੍ਰੀਤ ਕੌਰ, ਖੁਸ਼ਪ੍ਰੀਤ ਕੌਰ, ਭਿੰਦਰ ਜਲਵੇੜਾ ਅਤੇ ਤੇਜਿੰਦਰ ਸਿੰਘ ਮੰਡੋੜ ਨੇ ਵੀ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਸਫਲ ਬਣਾਇਆ।

ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਵਿਦਿਆਰਥੀਆਂ ਅਤੇ ਹਾਜ਼ਰ ਪਤਵੰਤਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਦੂਜਿਆਂ ਨੂੰ ਵੀ ਇਸ ਤੋਂ ਦੂਰ ਰੱਖਣ ਲਈ ਸਹੁੰ ਚੁਕਾਈ ਗਈ। ਸੰਸਥਾਵਾਂ ਦੇ ਆਗੂਆਂ ਨੇ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਲਗਾਤਾਰ ਜਾਰੀ ਰਹਿਣਗੇ ਤਾਂ ਜੋ ਪਟਿਆਲਾ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਨੇ ਸਾਰੇ ਵਿਦਿਆਰਥੀਆਂ ਨੂੰ ਡਰੱਗ ਫਰੀ ਵਲੱਡ ਕੈਲਫੋਰਨੀਆ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਪ੍ਰਚਾਰ ਸਮੱਗਰੀ ਮੁਫ਼ਤ ਵੰਡੀ ਗਈ।

# ਫਾਜ਼ਿਲਕਾ ਦੇ ਵਿਧਾਇਕ ਨੇ ਝੁੱਗੇ ਗੁਲਾਬ ਸਿੰਘ ਵਿਖੇ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਵਿੱਚ ਬਣਾਏ ਗਏ ਯਾਦਗਾਰੀ ਗੇਟ ਦਾ ਕੀਤਾ ਉਦਘਾਟਨ



**ਫਾਜ਼ਿਲਕਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਵਲੋਂ ਅੱਜ ਫਾਜ਼ਿਲਕਾਦੇ ਪਿੰਡ ਝੁੱਗੇ ਗੁਲਾਬ ਸਿੰਘ (ਅਬਾਦੀ ਬਹਿਕ ਖਾਸ) ਵਿਖੇ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਵਿੱਚ ਬਣਾਏ ਗਏ ਯਾਦਗਾਰੀ ਗੇਟ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਗੁਰੂ ਘਰ ਪ੍ਰਤੀ ਸ਼ਰਧਾ, ਸੇਵਾ ਭਾਵਨਾ ਅਤੇ ਭਗਤੀ ਦੀ ਲਸਾਨੀ ਮਿਸਾਲ ਨੂੰ ਅਸੀਂ ਸਿਜਦਾ ਕਰਦੇ ਹਾਂ!

ਉਹਨਾਂ ਪਿੰਡ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿੰਡ ਵਾਸੀਆਂ ਦਾ ਇਹ ਬਹੁਤ ਵਧੀਆ ਉਪਰਾਲਾ ਹੈ ਤੇ ਅੱਜ ਉਹ ਆਪਣੇ ਆਪ ਵਿੱਚ ਮਾਣ ਮਹਿਸੂਸ ਕਰਦੇ ਹਨ ਕਿ ਧੰਨ ਧੰਨ ਬਾਬਾ ਬੁੱਢਾ ਜੀ ਯਾਦ ਵਿੱਚ ਚੱਲ ਰਹੇ ਸਲਾਨਾ ਜੋੜ ਮੇਲੇ ਵਾਲੇ ਦਿਨ ਹੀ ਉਹਨਾਂ ਨੂੰ ਬਾਬਾ ਬੁੱਢਾ ਜੀ ਦੀ ਯਾਦ ਵਿੱਚ ਬਣਾਏ ਗਏ ਯਾਦਗਾਰੀ ਗੇਟ ਦਾ ਉਦਘਾਟਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਉਹਨਾਂ ਕਿਹਾ ਕਿ ਸਾਡੇ ਦੇਸ਼ ਵਿੱਚ ਅਨੇਕਾਂ ਧਰਮਾਂ ਦੇ ਲੋਕ ਆਪਸ ਵਿੱਚ ਮਿਲ ਜੁਲ ਕੇ ਰਹਿੰਦੇ ਹਨ।

ਉਹਨਾਂ ਕਿਹਾ ਕਿ ਆਓ ਸਾਰੇ ਅਸੀਂ ਗੁਰੂ ਸਾਹਿਬ ਦੀ ਪਰਮਾਤਮਾ ਪ੍ਰਤੀ ਭਗਤੀ ਤੋਂ ਸੇਧ ਲਈਏ ਅਤੇ ਆਪਣੇ ਹਲਕੇ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਪਰਮਾਤਮਾ ਅੱਗੇ ਅਰਦਾਸ ਕਰੀਏ!

# ਸਭ ਤੋਂ ਵੱਡੀ ਅਨਮੋਲ ਦਾਤ ਹੈ ਮਾਂ ਦਾ ਦੁੱਧ



ਮਾਂ ਦਾ ਦੁੱਧ ਕੁਦਰਤ ਦੀ ਵੱਡਮੁਲੀ ਦਾਤ ਹੈ ਜੋ ਨਵਜਨਮੇ ਬਾਲ ਨੂੰ ਪੌਸ਼ਟਿਕਤਾ ਪ੍ਰਦਾਨ ਕਰਦਾ ਹੈ ਅਤੇ ਛੂਤ ਦੀਆਂ ਬਿਮਾਰੀਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਜਨਮ ਤੋਂ ਬਾਅਦ ਜੀਵਨ ਦੇ ਪਹਿਲੇ ਕੁਝ ਮਹੀਨਿਆਂ ਵਿਚ ਬੱਚੇ ਦੇ ਸਰੀਰ ਦਾ ਵਿਕਾਸ ਬਹੁਤ ਤੇਜ਼ੀ ਨਾਲ ਹੁੰਦਾ ਹੈ। ਇਹ ਵਿਕਾਸ ਠੀਕ ਤਰ੍ਹਾਂ ਹੋਣ ਲਈ ਜ਼ਰੂਰੀ ਹੈ ਕਿ ਬੱਚੇ ਨੂੰ ਚੰਗੀ ਪੌਸ਼ਟਿਕ ਖੁਰਾਕ ਦਿੱਤੀ ਜਾਵੇ। ਜਨਮ ਤੋਂ ਬਾਅਦ ਪਹਿਲੇ ਛੇ ਮਹੀਨੇ ਮਾਂ ਦਾ ਦੁੱਧ ਹੀ ਬੱਚੇ ਦੀ ਸੰਪੂਰਨ ਖੁਰਾਕ ਹੈ। ਬੱਚੇ ਦੇ ਜਨਮ ਤੋਂ ਬਾਅਦ ਮਾਂ ਨੂੰ ਹਲਕੇ ਪੀਲੇ ਰੰਗ ਦਾ ਗਾੜ੍ਹਾ ਦੁੱਧ ਉਤਰਦਾ ਹੈ ਜਿਸ ਨੂੰ ਕੋਲੈਸਟ੍ਰੋਮ ਜਾਂ ਬਹੁਲਾ ਦੁੱਧ ਆਖਦੇ ਹਨ। ਪ੍ਰਸੂਤ ਤੋਂ ਬਾਅਦ ਪਹਿਲੇ ਹਫ਼ਤੇ ਨਿਕਲਣ ਵਾਲਾ ਦੁੱਧ, ਬਾਅਦ ਦੇ ਦੁੱਧ ਨਾਲੋਂ ਵੱਧ ਪੌਸ਼ਟਿਕ ਹੁੰਦਾ ਹੈ। ਗਰਭ ਅਵਸਥਾ ਦੇ ਦੌਰਾਨ ਬੱਚਾ ਮਾਂ ਦੇ ਪੇਟ ਵਿਚ ਸੁਰੱਖਿਅਤ ਵਾਤਾਵਰਣ ਵਿਚ ਪਲਦਾ ਹੈ ਪਰ ਜਨਮ ਤੋਂ ਬਾਅਦ ਬੱਚੇ ਨੂੰ ਕਈ ਤਰ੍ਹਾਂ ਦੀਆਂ ਲਾਗ ਦੀਆਂ ਬਿਮਾਰੀਆਂ ਅਤੇ ਐਲਰਜੀ ਹੋਣ ਦਾ ਡਰ ਹੁੰਦਾ ਹੈ। ਕੋਲੈਸਟ੍ਰੋਮ ਬੱਚੇ ਨੂੰ ਜਨਮ ਤੋਂ ਬਾਅਦ ਦੀਆਂ ਖਤਰਨਾਕ ਬਿਮਾਰੀਆਂ ਜਿਵੇਂ ਕਿ ਨਮੂਨੀਆਂ, ਦਸਤ ਆਦਿ ਤੋਂ ਬਚਾਉਂਦਾ ਹੈ। ਇਸ ਵਿਚ ਵਿਟਾਮਿਨ ਏ ਦੀ ਮਾਤਰਾ ਵੀ ਵੱਧ ਹੁੰਦੀ ਹੈ।

ਆਮ ਤੌਰ 'ਤੇ ਰਿਵਾਜ਼ ਹੈ ਕਿ ਬੱਚੇ ਨੂੰ ਜਨਮ ਤੋਂ ਬਾਅਦ ਚੀਨੀ ਦਾ ਪਾਣੀ, ਸ਼ਹਿਦ ਜਾਂ ਕੁਝ ਹੋਰ ਗੁੜ੍ਹਤੀ ਦੇ ਰੂਪ ਵਿਚ ਦਿੱਤਾ ਜਾਂਦਾ ਹੈ ਇਹ ਠੀਕ ਆਦਤ ਨਹੀਂ ਸਗੋਂ ਗੁੜ੍ਹਤੀ ਤੋਂ ਵੀ ਜ਼ਿਆਦਾ ਜ਼ਰੂਰੀ ਹੈ ਕਿ ਬੱਚੇ ਨੂੰ ਕੋਲੈਸਟ੍ਰੋਮ ਦਿੱਤਾ ਜਾਵੇ। ਆਮ ਤੌਰ 'ਤੇ ਇਸ ਦੁੱਧ ਨੂੰ ਖਰਾਬ ਜਾਂ ਜੰਮਿਆ ਹੋਇਆ ਸਮਝ ਕੇ ਬਾਹਰ ਕੱਢ ਦਿੱਤਾ ਜਾਂਦਾ ਹੈ। ਇਸ ਦੁੱਧ ਵਿਚ ਗਲੋਬੂਲਿਨ ਪ੍ਰੋਟੀਨ ਹੁੰਦੀ ਹੈ। ਇਸ ਦੁੱਧ ਨੂੰ ਪੀ ਕੇ ਬੱਚੇ ਦੀ ਪਾਚਨ ਕ੍ਰਿਆ ਤੇਜ਼ ਹੁੰਦੀ ਹੈ ਅਤੇ ਗੰਦਗੀ ਬਾਹਰ ਨਿਕਲਦੀ ਹੈ। ਇਸ ਦੇ ਨਾਲ ਬੱਚੇ ਵਿਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਵੀ ਵੱਧਦੀ ਹੈ। ਮਾਂ ਦਾ ਦੁੱਧ ਇਕ ਸੰਪੂਰਨ ਸੰਤੁਲਿਤ ਆਹਾਰ ਹੈ ਅਤੇ ਜਨਮ ਤੇ ਪਹਿਲੇ ਕੁਝ ਮਹੀਨਿਆਂ ਵਿਚ ਬੱਚੇ ਲਈ ਜ਼ਰੂਰੀ ਸਾਰੇ ਪੋਸ਼ਕ ਤੱਤ ਪ੍ਰਦਾਨ ਕਰਦਾ ਹੈ। ਇਸ ਲਈ ਪਹਿਲੇ 6 ਮਹੀਨੇ ਬੱਚੇ ਨੂੰ ਕੇਵਲ ਮਾਂ ਦਾ ਦੁੱਧ ਪਿਲਾਓ। ਮਾਂ ਦੇ ਦੁੱਧ ਨਾਲ ਬੱਚੇ ਨੂੰ ਪਾਣੀ ਪਿਲਾਉਣ ਦੀ ਵੀ ਲੋੜ ਨਹੀਂ ਹੁੰਦੀ। ਜਨਮ ਤੋਂ ਇਕ ਘੰਟੇ ਦੌਰਾਨ ਹੀ ਬੱਚੇ ਨੂੰ ਮਾਂ ਦਾ ਦੁੱਧ ਪਿਲਾਓ।

ਨਵਜਨਮੇ ਬਾਲ ਨੂੰ ਮਾਂ ਦੇ ਨਾਲ ਹੀ ਪਾਓ ਇਸ ਤਰ੍ਹਾਂ ਬੱਚੇ ਨੂੰ ਮਾਂ ਦਾ ਨਿੱਘ ਪ੍ਰਾਪਤ ਹੁੰਦਾ ਹੈ ਅਤੇ ਉਹ ਵਾਰ-ਵਾਰ ਮਾਂ ਦਾ ਦੁੱਧ ਚੁੰਘ ਸਕਦਾ ਹੈ ਕਿਉਂਕਿ ਬੱਚੇ ਦੁਆਰਾ ਵਾਰ-ਵਾਰ ਛਾਤੀ ਚੁੰਘਣ ਨਾਲ ਦੁੱਧ ਦੀ ਮਾਤਰਾ ਵੱਧ ਨਿਕਲਦੀ ਹੈ। ਗਰਭ ਅਵਸਥਾ ਦੇ ਦੌਰਾਨ ਅਤੇ ਬੱਚੇ ਦੇ ਜਨਮ ਤੋਂ ਬਾਅਦ ਮਾਂ ਦੁਆਰਾ ਖਾਧੀ ਗਈ ਖੁਰਾਕ ਦੁੱਧ ਦੀ ਪੌਸ਼ਟਿਕਤਾ ਅਤੇ ਮਾਤਰਾ ਨੂੰ ਪੂਰਾ ਰੱਖਣ ਵਿਚ ਮਦਦ ਦਿੰਦੀ ਹੈ।

***ਮਾਂ ਦੇ ਦੁੱਧ ਦੇ ਲਾਭ :***

1. ਬੱਚੇ ਦੇ ਦੁੱਧ ਪੀਣ ਨਾਲ ਮਾਂ ਦੀ ਛਾਤੀ ਉਤੇਜਿਤ ਹੁੰਦੀ ਹੈ ਅਤੇ ਬੱਚੇਦਾਨੀ ਆਪਣੇ ਆਪ ਸੁੰਗੜਨ ਲੱਗਦੀ ਹੈ। ਇਸ ਤਰ੍ਹਾਂ ਮਾਂ ਦੇ ਸਰੀਰ ਦਾ ਆਕਾਰ ਛੇਤੀ ਹੀ ਨਾਰਮਲ ਸਥਿਤੀ ਵਿਚ ਆ ਜਾਂਦਾ ਹੈ।
2. ਦੁੱਧ ਚੁੰਘਾਉਣ ਨਾਲ ਮਾਂ ਦੀਆਂ ਛਾਤੀਆਂ ਬੇਡੌਲ ਨਹੀਂ ਹੁੰਦੀਆਂ।
3. ਗਰਭ ਅਵਸਥਾ ਦੌਰਾਨ ਵਾਧੂ ਜਮ੍ਹਾ ਹੋਏ ਊਰਜਾ ਬੱਚੇ ਦੁਆਰਾ ਖਿੱਚੀ ਜਾਂਦੀ ਹੈ ਜਿਸ ਕਰਕੇ ਮਾਂ ਦੀ ਸਹਿਤ ਠੀਕ ਰਹਿੰਦੀ ਹੈ ਅਤੇ ਉਹ ਮੋਟਾਪੇ ਤੋਂ ਬਚ ਜਾਂਦੀ ਹੈ।
3. ਖੋਜਕਾਰਾਂ ਨੇ ਇਹ ਸਾਬਤ ਕੀਤਾ ਹੈ ਕਿ ਆਪਣਾ ਦੁੱਧ ਪਿਆਉਣ ਨਾਲ ਛਾਤੀ ਅਤੇ ਅੰਡਕੋਸ਼ ਦੇ ਕੈਂਸਰ ਤੋਂ ਬਚਾਅ ਹੋ ਸਕਦਾ ਹੈ।
4. ਬੱਚੇ ਨੂੰ ਮਾਂ ਦਾ ਦੁੱਧ ਪਿਲਾਉਣਾ ਬਾਕੀ ਦੁੱਧ ਵਿਕਲਪਾਂ ਤੋਂ ਜ਼ਿਆਦਾ ਸਸਤਾ ਪੈਂਦਾ ਹੈ। ਇਸ ਨੂੰ ਤਿਆਰ ਕਰਨ ਲਈ ਕੋਈ ਸਮਾਂ ਨਹੀਂ ਲੱਗਦਾ ਇਸ ਕਾਰਨ ਮਾਂ ਦੇ ਸਮੇਂ ਅਤੇ ਸ਼ਕਤੀ ਦੀ ਬੱਚਤ ਹੁੰਦੀ ਹੈ।
5. ਬੱਚੇ ਨੂੰ ਦੁੱਧ ਪਿਲਾ ਕੇ ਮਾਂ ਨੂੰ ਸੰਤੁਸ਼ਟੀ ਹੁੰਦੀ ਹੈ ਕਿਉਂਕਿ ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਹ ਆਪਣੇ ਦੁੱਧ ਰਾਹੀਂ ਬੱਚੇ ਨੂੰ ਉਹ ਚੀਜ਼ ਦੇ ਸਕਦੀ ਹੈ ਜੋ ਕੋਈ ਹੋਰ ਨਹੀਂ ਦੇ ਸਕਦਾ।
6. ਮਾਂ ਦਾ ਦੁੱਧ ਪੀਣ ਵਾਲੇ ਬੱਚਿਆਂ ਨੂੰ ਪੇਟ ਦੀਆਂ ਬਿਮਾਰੀਆਂ ਜਿਵੇਂ ਕਿ ਉਲਟੀਆਂ, ਟੱਟੀਆਂ ਘੱਟ ਲੱਗਦੀਆਂ ਹਨ।

# ਅੱਖਾਂ ਦੀ ਤੇਜ਼ ਰੌਸ਼ਨੀ ਲਈ ਲਾਭਕਾਰੀ ਹੈ ਖ਼ੁਰਾਕ

ਅਸੀਂ ਜ਼ਿਆਦਾਤਰ ਬਜ਼ੁਰਗ ਔਰਤਾਂ ਨੂੰ ਇਹ ਕਹਿੰਦੇ ਹੋਏ ਸੁਣਦੇ ਹਾਂ ਕਿ ਗਾਜਰ ਖਾਣ ਨਾਲ ਅਸੀਂ ਹਨੇਰੇ ਵਿੱਚ ਵੀ ਦੇਖ ਸਕਦੇ ਹਾਂ ਪਰ ਵਧੀਆ ਨਜ਼ਰ ਪ੍ਰਾਪਤ ਕਰਨ ਲਈ ਗਾਜਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਖੁਰਾਕਾਂ ਹਨ, ਜੋ ਸਾਡੀ ਨਜ਼ਰ ਨੂੰ ਵਧਾਉਣ 'ਚ ਮਦਦਗਾਰ ਹੁੰਦੀਆਂ ਹਨ।



ਆਓ ਜਾਣਦੇ ਹਾਂ ਅਜਿਹੀਆਂ ਹੀ ਕੁਝ ਖੁਰਾਕਾਂ ਬਾਰੇ :-

ਪਾਲਕ : ਪਾਲਕ ਵਿੱਚ ਹਰੀ ਫ਼ੁੱਲਗੋਭੀ ਵਾਂਗ ਜੈਕਸਾਂਥਿਨ ਅਤੇ ਲਿਊਟੀਨ ਨਾਮੀ ਤੱਤ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ, ਜੋ ਮੋਤੀਆਬਿੰਦ ਪੈਦਾ ਹੋਣ ਦੇ ਖਤਰੇ ਨੂੰ ਘੱਟ ਕਰਦੇ ਹਨ। ਲਿਊਟੀਨ ਸਾਡੀਆਂ ਅੱਖਾਂ ਦੀ ਰੱਖਿਆ ਮੈਕਿਊਲਾ 'ਚ ਪਿਗਮੈਂਟਸ ਦਾ ਨਿਰਮਾਣ ਕਰਕੇ ਕਰਦਾ ਹੈ, ਜੋ ਨੁਕਸਾਨਦਾਇਕ ਨੀਲੀ ਰੋਸ਼ਨੀ ਦੀਆਂ ਕਿਰਨਾਂ ਨੂੰ ਫ਼ਿਲਟਰ ਕਰਦਾ ਹੈ। ਇਹ ਕਿਰਨਾਂ ਸਾਡੀਆਂ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਰੋਜ਼ਾਨਾ 100 ਗ੍ਰਾਮ ਪਾਲਕ ਦਾ ਸੇਵਨ ਕਰਨਾ ਚਾਹੀਦਾ ਹੈ।

ਸੰਤਰਾ : ਸੰਤਰੇ ਵਿੱਚ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ। ਇੱਕ ਅਧਿਐਨ 'ਚ ਪਾਇਆ ਗਿਆ ਹੈ ਕਿ ਜੋ ਔਰਤਾਂ 10 ਸਾਲ ਜਾਂ ਜ਼ਿਆਦਾ ਲਈ ਵਿਟਾਮਿਨ-ਸੀ ਸਪਲੀਮੈਂਟ ਦਾ ਸੇਵਨ ਕਰਦੀਆਂ ਸਨ, ਉਨ੍ਹਾਂ ਵਿੱਚ ਮੋਤੀਆਬਿੰਦ ਪੈਦਾ ਹੋਣ ਦਾ ਖਤਰਾ 64 ਫ਼ੀਸਦੀ ਤਕ ਘੱਟ ਦੇਖਿਆ ਗਿਆ ਸੀ। ਰੋਜ਼ਾਨਾ ਇੱਕ ਸੰਤਰਾ ਜ਼ਰੂਰ ਖਾਣਾ ਚਾਹੀਦਾ ਹੈ।

ਡਾਰਕ ਬੇਰੀਜ਼ : ਇਸ ਨੂੰ ਖਾਣ ਨਾਲ ਸਾਡੀ ਨਜ਼ਰ ਬਿਹਤਰ ਬਣਦੀ ਹੈ। ਦੂਸਰੀ ਵਿਸ਼ਵ ਜੰਗ ਦੇ ਪਾਇਲਟਾਂ ਵਲੋਂ ਇਨ੍ਹਾਂ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਸੀ ਤਾਂ ਜੋ ਰਾਤ ਨੂੰ ਮਿਸ਼ਨ ਲਈ ਉਨ੍ਹਾਂ ਦੀ ਨਜ਼ਰ ਤੇਜ਼ ਹੋ ਸਕੇ।

ਅਧਿਐਨਾਂ ਨਾਲ ਇਹ ਪ੍ਰਮਾਣਿਤ ਹੋ ਚੁੱਕਾ ਹੈ ਕਿ ਬਿਲ ਬੇਰੀਜ਼ ਅਤੇ ਬਲੈਕ ਬੇਰੀਜ਼ ਵਿੱਚ ਐਂਥੋਸਾਯਾਨਿਸ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ, ਜੋ ਮੋਤੀਆਬਿੰਦ ਤੇ ਮੈਕਿਊਲਰ ਡੀਜੈਨਰੇਸ਼ਨ ਕਾਰਨ ਪੈਦਾ ਹੋਣ ਵਾਲੀ ਨਜ਼ਰ ਦੀ ਕਮਜ਼ੋਰੀ ਨੂੰ ਰੋਕਦਾ ਹੈ। ਆਪਣੇ ਨਾਸ਼ਤੇ 'ਚ ਮੁੱਠੀ ਭਰ ਡਾਰਕ ਬੇਰੀਜ਼ ਸ਼ਾਮਲ ਕਰੋ।

ਬਦਾਮ : ਬਦਾਮਾਂ ਵਿੱਚ ਵਿਟਾਮਿਨ-ਈ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਕਈ ਖੋਜਾਂ ਤੋਂ ਪਤਾ ਲੱਗਾ ਹੈ ਕਿ ਬਦਾਮ ਅੱਖਾਂ ਨੂੰ ਫ਼੍ਰੀ ਰੈਡੀਕਲਸ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ। ਇਸ ਦਾ ਅਰਥ ਇਹ ਹੈ ਕਿ ਇਹ ਸਰੀਰ ਵਿੱਚ ਮੌਜੂਦ ਕੋਸ਼ਿਕਾਵਾਂ ਨੂੰ ਆਕਸੀਡੇਸ਼ਨ ਤੋਂ ਬਚਾਉਣ 'ਚ ਮਦਦਗਾਰ ਹੁੰਦੇ ਹਨ, ਜੋ ਮੋਤੀਆਬਿੰਦ ਦੇ ਇਲਾਜ ਨੂੰ ਮੱਠਾ ਕਰਦਾ ਹੈ। ਮੁੱਠੀ ਭਰ ਕੁਤਰੇ ਹੋਏ ਬਦਾਮ ਆਪਣੇ ਸੀਰੀਅਲ 'ਤੇ ਛਿੜਕੋ ਤੇ ਸਨੈਕ ਦੇ ਤੌਰ 'ਤੇ ਇਨ੍ਹਾਂ ਨੂੰ ਖਾਓ।

# ਖਤਰਨਾਕ ਸਿੱਧ ਹੋ ਸਕਦੀ ਹੈ ਗੁਰਦੇ ਦੀ ਪਥਰੀ



ਅੱਜਕੱਲ੍ਹ ਗੁਰਦੇ ਦੀ ਪੱਥਰੀ ਆਮ ਹੀ ਲੋਕਾਂ ਵਿਚ ਦੇਖਣ ਨੂੰ ਮਿਲਦੀ ਹੈ। ਇਸ ਦਾ ਪ੍ਰਮੁੱਖ ਕਾਰਨ ਸਾਡਾ ਖਾਣ-ਪੀਣ ਤੇ ਰਹਿਣ-ਸਹਿਣ ਹੈ। ਨਿਰੰਤਰ ਦੌੜ ਰਹੀ ਜ਼ਿੰਦਗੀ ਵਿਚ ਅਸੀਂ ਆਪਣੇ ਖਾਣ-ਪੀਣ ਤੇ ਰਹਿਣ-ਸਹਿਣ ਵੱਲ ਸੁਚੱਜਾ ਧਿਆਨ ਨਹੀਂ ਦਿੰਦੇ ਜਿਸ ਕਾਰਨ ਬਿਮਾਰੀਆਂ ਵੱਧਦੀਆਂ ਜਾ ਰਹੀਆਂ ਹਨ।

***ਪੱਥਰੀ ਬਣਨ ਦੇ ਕਾਰਨ :***

1. ਪਾਚਨ ਸ਼ਕਤੀ ਦਾ ਬੰਦ ਹੋਣਾ : ਜਿਸ ਕਾਰਨ ਮਿਟਾਬਲੋਸਿਮ ਠੀਕ ਨਹੀਂ ਹੋ ਪਾਉਂਦਾ ਤੇ ਪਿਸ਼ਾਬ ਵਿਚ ਔਕਸਅਲਾਟਸ, ਯੂਰਾਟਸ, ਫਾਸਫੇਟਸ ਜ਼ਿਆਦਾ ਆਉਣ ਲੱਗਦੇ ਹਨ।
2. ਥਾਈਰਾਈਡ ਦਾ ਵੱਧਣਾ
3. ਯੂਰਿਕ ਐਸਿਡ ਦੀ ਮਾਤਰਾ ਵਧਣ ਕਾਰਨ
4. ਪਰਿਵਾਰਕ ਪਿਛੋਕੜ ਹੋਣ ਕਾਰਨ
5. ਭੋਜਨ ਵਿਚ ਕੈਲਸ਼ੀਅਮ ਦੀ ਕਮੀ ਕਾਰਨ, ਹੱਡੀਆਂ ਵਿਚੋਂ ਕੈਲਸ਼ੀਅਮ ਫ਼ਾਸਫ਼ੇਟ ਖ਼ੂਨ ਵਿਚ ਜ਼ਿਆਦਾ ਆਉਂਦਾ ਹੈ ਜੋ ਕਿ ਪੱਥਰੀ ਦਾ ਕਾਰਨ ਬਣਦਾ ਹੈ।

ਪਿਸ਼ਾਬ ਅੰਦਰ ਕੈਲਸ਼ੀਅਮ ਔਕਸ਼ਟਕੀ, ਯੂਰਿਕ ਐਸਿਡ, ਯੂਰੇਟਸ ਆਦਿ ਦੇ ਪਿਸ਼ਾਬ ਅੰਦਰ ਬੈਠਣ ਕਾਰਨ, ਗੁਰਦੇ ਅੰਦਰ ਕਿਸੇ ਇਨਫੈਕਸ਼ਨ ਦੇ ਪ੍ਰਭਾਵ ਕਾਰਨ ਇਹ ਪੱਥਰੀਆਂ ਬਣ ਜਾਂਦੀਆਂ ਹਨ। ਘੱਟ ਪਾਣੀ ਪੀਣ ਕਾਰਨ ਪਿਸ਼ਾਬ ਗਾੜ੍ਹਾ ਹੋ ਜਾਂਦਾ ਹੈ ਜਾਂ ਪਸੀਨਾ ਜ਼ਿਆਦਾ ਆਉਣ ਨਾਲ ਪਿਸ਼ਾਬ ਘੱਟ ਆਉਂਦਾ ਹੈ। ਇਸ ਨਾਲ ਵੀ ਪੱਥਰੀਆਂ ਬਣ ਜਾਂਦੀਆਂ ਹਨ।

***ਲੱਛਣ :-***

1. ਗੁਰਦੇ ਅੰਦਰ ਪੱਥਰੀ ਹੋਣ 'ਤੇ ਗੁਰਦੇ ਵਾਲੀ ਥਾਂ 'ਤੇ ਹਲਕਾ-ਹਲਕਾ ਜਿਹਾ ਚੁੰਭਣ ਵਰਗਾ ਦਰਦ ਮਹਿਸੂਸ ਹੁੰਦਾ ਹੈ, ਜੋ ਜ਼ਿਆਦਾ ਥਕਾਵਟ, ਮਿਹਨਤ ਨਾਲ ਵੱਧ ਜਾਂਦਾ ਹੈ।
2. ਜਦੋਂ ਪਥਰੀ ਪੈਲਵਿਸ-ਯੂਰੇਟਰ ਦੇ ਜੋੜ ਵਿਚ ਫਸ ਜਾਂਦੀ ਹੈ ਤਦ ਬਹੁਤ ਹੀ ਤਿੱਖਾ ਤੇਜ਼ ਦਰਦ ਉਠਦਾ ਹੈ।
3. ਇਹ ਇਕਦਮ ਹੀ ਉਠਦਾ ਹੈ ਤੇ ਰੋਗੀ ਬੇਚੈਨ ਹੋ ਜਾਂਦਾ ਹੈ।
4. ਜੀ ਮਚਲਣਾ ਜਾਂ ਉਲਟੀ ਵੀ ਹੋ ਸਕਦੀ ਹੈ।
5. ਸਰੀਰ ਦਾ ਤਾਪਮਾਨ ਘੱਟ ਜਾਂਦਾ ਹੈ।
6. ਨਾੜੀ ਧੀਮੀ ਤੇ ਤੇਜ਼ ਮਹਿਸੂਸ ਹੁੰਦੀ ਹੈ।
7. ਇਹ ਦਰਦ ਕੁਝ ਮਿੰਟਾਂ ਤੱਕ ਲੈ ਕੇ ਕੁ ਘੰਟੇ ਤੱਕ ਹੋ ਸਕਦਾ ਹੈ।
8. ਹੱਥ-ਪੈਰ ਠੰਢੇ ਹੋ ਜਾਂਦੇ ਹਨ।

***ਧਿਆਨ ਰੱਖਣ ਯੋਗ ਗੱਲਾਂ***

ਰੋਗੀ ਨੂੰ ਜ਼ਿਆਦਾ ਤੋਂ ਜ਼ਿਆਦਾ ਪੀਣ ਵਾਲੇ ਪਦਾਰਥ ਦੇਣੇ ਚਾਹੀਦੇ ਹਨ। ਦੁੱਧ, ਲੱਸੀ, ਪਾਣੀ, ਸੂਪ, ਜੂਸ ਆਦਿ

ਹਲਕਾ-ਛੇਤੀ ਪਚਣ ਵਾਲਾ ਭੋਜਨ ਦੇਣਾ ਚਾਹੀਦਾ ਹੈ।

ਕਬਜ਼ ਹੋਣ ਤੋਂ ਬਚਣਾ ਚਾਹੀਦਾ ਹੈ।

ਹਰੀਆਂ ਸਬਜ਼ੀਆਂ-ਫਲਾਂ ਦਾ ਜ਼ਿਆਦਾ ਸੇਵਨ ਕਰਨਾ ਚਾਹੀਦਾ ਹੈ।

ਤੇਜ਼ ਮਿਰਚ ਮਸਾਲੇ ਆਦਿ ਤੋਂ ਬਚਣਾ ਚਾਹੀਦਾ ਹੈ।

***ਇਲਾਜ :-***

ਸਭ ਤੋਂ ਪਹਿਲਾਂ ਜੇਕਰ ਰੋਗੀ ਦਰਦ ਵਾਲੀ ਅਵਸਥਾ ਵਿਚ ਹੈ ਤੇ ਉਸ ਨੂੰ ਦਰਦ ਨਿਵਾਰਕ ਚਿਕਿੱਤਸਾ ਦੇਣੀ ਚਾਹੀਦੀ ਹੈ।

ਪਿਸ਼ਾਬ ਨੂੰ ਸਾਫ਼ ਲਿਆਉਣ ਵਾਸਤੇ, ਜਲਨ ਤੋਂ ਰਹਿਤ ਕਰਨ ਵਾਸਤੇ ਯੋਗ ਦੇਣੇ ਚਾਹੀਦੇ ਹਨ।

ਤਰਲ ਪਦਾਰਥਾਂ ਦਾ ਸੇਵਨ ਕਰਵਾਉਣਾ ਚਾਹੀਦਾ ਹੈ।

ਪੱਥਰੀ ਨੂੰ ਬਾਹਰ ਕੱਢਣ ਵਾਸਤੇ ਲੋੜੀਂਦੀ ਚਿਕਿੱਤਸਾ ਕਰਨੀ ਚਾਹੀਦੀ ਹੈ।

ਨਿਰੰਤਰ ਵਾਰ-ਵਾਰ ਹੋਣ ਵਾਲੀਆਂ ਪਥਰੀਆਂ ਦੀ ਰੋਕਥਾਮ ਵਾਸਤੇ ਚਿਕਿੱਤਸਾ ਕਰਨੀ ਚਾਹੀਦੀ ਹੈ।

ਗੁਰਦੇ ਦੀ ਪੱਥਰੀਆਂ ਆਮ ਹੀ ਸਾਡੇ ਖਾਣ-ਪੀਣ ਦੇ ਫਲ-ਸਵਰੂਪ ਬਣਦੀਆਂ ਹਨ। ਇਨ੍ਹਾਂ ਦਾ ਇਲਾਜ ਬੜਾ ਹੀ ਸਰਲ ਹੈ। ਪਰ ਇਲਾਜ ਦੇ ਨਾਲ-ਨਾਲ ਪਰਹੇਜ਼ ਬੜਾ ਹੀ ਜ਼ਰੂਰੀ ਹੈ।

ਆਯੂਰਵੇਦ ਵਿਚ ਲਿਖਿਆ ਹੈ - ਜੋ ਪਰਹੇਜ਼ ਕਰਦਾ ਹੈ, ਉਸ ਨੂੰ ਚਿਕਿੱਤਸਾ ਦੇਣ ਦਾ ਕੀ ਲਾਭ ? ਅਤੇ ਜੋ ਪਰਹੇਜ਼ ਨਹੀਂ ਕਰਦਾ, ਉਸ ਨੂੰ ਚਕਿਤਸਾ ਦੇਣ ਦਾ ਕੀ ਲਾਭ ? ***ਭਾਵ*** - ਪਰਹੇਜ਼ ਕਰਨ ਵਾਲਾ ਆਪਣੀ ਸਿਹਤ ਦਾ ਚੰਗੀ ਤਰ੍ਹਾਂ ਧਿਆਨ ਰੱਖ ਸਕਦਾ ਹੈ। ਬਿਮਾਰੀ ਉਤਪੰਨ ਕਰਨ ਵਾਲੇ ਨਿਦਾਨਾਂ ਤੋਂ ਦੂਰ ਰਹਿ ਸਕਦਾ ਹੈ ਅਤੇ ਪਰਹੇਜ਼ ਨਾ ਕਰਨ ਵਾਲੇ ਦਾ ਜਿੰਨਾਂ ਵੀ ਇਲਾਜ ਕਰੋ ਉਸ ਨੂੰ ਆਪਣੀ ਹੀ ਆਦਤ ਕਾਰਨ ਦੁਬਾਰਾ ਰੋਗ ਘੇਰ ਲੈਂਦੇ ਹਨ, ਉਸ ਦੀ ਜਿੰਨੀ ਵੀ ਚਿਕਿਤਸਾ ਕਰੋ, ਕੁਝ ਪ੍ਰਾਪਤ ਨਹੀਂ ਹੋ ਸਕਦਾ।

ਅੰਤ ਕਹਿਣ ਦਾ ਭਾਵ ਇਲਾਜ ਤੇ ਪਰਹੇਜ਼ ਦੋਵਾਂ ਨੂੰ ਮਿਲਾ ਕੇ ਹੀ ਸੰਪੂਰਨ ਚਿਕਿੱਤਸਾ ਬਣਦੀ ਹੈ।

ਸੰਪੂਰਨ ਚਿਕਿੱਤਸਾ ਦਾ ਲਾਭ ਉਠਾ ਕੇ ਹੀ ਅਸੀਂ ਆਪਣੇ ਆਪ ਨੂੰ ਤੰਦਰੁਸਤ ਤੇ ਨਿਰੋਗੀ ਰੱਖ ਸਕਦੇ ਹਾਂ।

# ਸੈਰ ਕਰਨ ਦੇ ਫ਼ਾਇਦੇ



ਤੁਰਨਾ-ਫ਼ਿਰਨਾ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਨੂੰ ਤਾਜ਼ਗੀ ਅਤੇ ਮਜ਼ਬੂਤੀ ਪ੍ਰਦਾਨ ਕਰਨ ਤੋਂ ਇਲਾਵਾ ਸਵੈ-ਵਿਸ਼ਵਾਸ ਵੀ ਪੈਦਾ ਕਰਦਾ ਹੈ ਪਰ ਅੱਜ-ਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਸਾਡੇ ਲਈ ਆਪਣੀ ਸਿਹਤ ਲਈ ਸਮਾਂ ਕੱਢਣਾ ਬਹੁਤ ਔਖਾ ਹੋ ਗਿਆ ਹੈ, ਜਿਸ ਕਰਕੇ ਸਰੀਰ 'ਤੇ ਤਣਾਅ-ਚਿੰਤਾ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਮਨੁੱਖ ਅਨੇਕਾਂ ਬਿਮਾਰੀਆਂ ਵਿੱਚ ਘਿਰਦਾ ਜਾ ਰਿਹਾ ਹੈ। ਬਹੁਤੀਆਂ ਬਿਮਾਰੀਆਂ ਦੀ ਜੜ੍ਹ ਚਿੰਤਾ ਹੀ ਹੈ। ਚਿੰਤਾ ਤੰਦਰੁਸਤ ਸਰੀਰ ਨੂੰ ਵੀ ਖੋਖਲਾ ਬਣਾ ਦਿੰਦੀ ਹੈ ਤੇ ਮਰੀਜ਼ ਤਣਾਅ ਦਾ ਸ਼ਿਕਾਰ ਹੋ ਜਾਂਦਾ ਹੈ। ਇਨ੍ਹਾਂ ਸਭ ਨਤੀਜਿਆਂ ਤੋਂ ਬਚਣ ਵਾਸਤੇ ਸੈਰ ਕਰਨੀ ਬੇਹੱਦ ਜ਼ਰੂਰੀ ਹੈ। ਰੋਜ਼ਾਨਾ ਅੱਧੇ ਘੰਟੇ ਦੀ ਸੈਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਲਾਭਦਾਇਕ ਸਿੱਧ ਹੋਈ ਹੈ।

ਸੈਰ ਕਰਨ ਦੇ ਫ਼ਾਇਦੇ

➢ ਰੋਜ਼ਾਨਾ ਸੈਰ ਕਰਨ ਨਾਲ ਮਨ ਖਿੜਿਆ ਰਹਿੰਦਾ ਹੈ। ਇਸ ਨਾਲ ਸਰੀਰ ਦੇ ਸੈੱਲ ਵੀ ਤਰੋ-ਤਾਜ਼ਾ ਹੋ ਜਾਂਦੇ ਹਨ ਅਤੇ ਮੁੜ ਊਰਜਾਵਾਨ ਹੋ ਕੇ ਆਪਣੇ ਕੰਮਾਂ ਵਿੱਚ ਜੁਟ ਜਾਂਦੇ ਹਨ।

➢ ਹਫ਼ਤੇ ਵਿੱਚ ਤਿੰਨ ਵਾਰੀ ਕੀਤੀ 30 ਮਿੰਟਾਂ ਦੀ ਸੈਰ ਦਿਲ ਲਈ ਫ਼ਾਇਦੇਮੰਦ ਸਾਬਤ ਹੋਈ ਹੈ। ਇਹ ਦਿਲ ਅਤੇ ਫ਼ੇਫ਼ੜਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਹੌਲੀ- ਹੌਲੀ ਸਰੀਰ ਦੀ ਸੈਰ ਕਰਨ ਅਤੇ ਬਿਨਾਂ ਥਕਾਵਟ ਤੋਂ ਕੰਮ ਕਰਨ ਦੀ ਸਮਰੱਥਾ ਵਧਦੀ ਹੈ।

➢ ਸੈਰ ਕਰਨ ਨਾਲ ਕੋਲੈਸਟ੍ਰੋਲ ਵੀ ਘਟਦਾ ਹੈ, ਜਿਸ ਨਾਲ ਦਿਲ ਜਵਾਨ ਰਹਿੰਦਾ ਹੈ ਅਤੇ ਦਿਲ ਦੇ ਦੌਰੇ ਦਾ ਖ਼ਤਰਾ ਵੀ ਘਟ ਜਾਂਦਾ ਹੈ।

➢ ਸੈਰ ਕਰਨ ਨਾਲ ਚਿੰਤਾ ਵਧਾਉਣ ਵਾਲੇ ਹਾਰਮੋਨ ਘਟ ਜਾਂਦੇ ਹਨ ਅਤੇ 'ਬੀਟਾ ਐਂਡੋਰਫ਼ਿਨ' ਨਾਮਕ ਚਿੰਤਾ ਘਟਾਉਣ ਵਾਲੇ ਹਾਰਮੋਨ ਵਧ ਜਾਂਦੇ ਹਨ। ਇਸ ਤਰ੍ਹਾਂ ਸੈਰ ਤਣਾਅਗ੍ਰਸਤ ਰੋਗੀਆਂ ਲਈ ਕਾਫ਼ੀ ਕਾਰਗਰ ਸਾਬਤ ਹੋਈ ਹੈ।

➢ ਤਕਰੀਬਨ 20 ਮਿੰਟਾਂ ਦੀ ਤੇਜ਼ ਸੈਰ ਕਰਨ ਤੋਂ ਬਾਅਦ ਹੌਲੀ-ਹੌਲੀ ਰਫ਼ਤਾਰ ਘਟਾ ਦੇਣੀ ਚਾਹੀਦੀ ਹੈ। ਇਸ ਨਾਲ ਸਰੀਰ ਦੇ ਵੱਖ-ਵੱਖ ਅੰਗਾਂ ਅਤੇ ਮਾਸਪੇਸ਼ੀਆਂ ਦੀ ਲਚਕਤਾ ਵਧਦੀ ਹੈ।

➢ ਉਮਰ ਦੇ ਨਾਲ ਹੱਡੀਆਂ ਕਮਜ਼ੋਰ ਹੋ ਕੇ ਭੁਰਨ ਲੱਗ ਜਾਂਦੀਆਂ ਹਨ। ਇਸ 'ਓਸਟੀਓਪੋਰੋਸਿਸ' ਨਾਮਕ ਬਿਮਾਰੀ ਤੋਂ ਬਚਣ ਲਈ ਹਫ਼ਤੇ ਵਿੱਚ ਚਾਰ ਵਾਰੀ ਅੱਧਾ ਘੰਟਾ ਸੈਰ ਲਈ ਜ਼ਰੂਰ ਜਾਣਾ ਚਾਹੀਦਾ ਹੈ।

➢ ਸੈਰ ਮਾਨਸਿਕ ਤੌਰ 'ਤੇ ਵੀ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਸੈਰ ਕਰਨ ਤੋਂ ਬਾਅਦ ਸਰੀਰ ਥਕਾਵਟ ਮਹਿਸੂਸ ਕਰਦਾ ਹੈ ਅਤੇ ਇਸ ਤਰ੍ਹਾਂ ਨੀਂਦ ਵੀ ਵਧੀਆ ਆਉਂਦੀ ਹੈ।

➢ ਸਰੀਰ ਦਾ ਸੁਰੱਖਿਆਤੰਤਰ ਵੀ ਸੈਰ ਕਰਨ ਨਾਲ ਮਜ਼ਬੂਤ ਹੁੰਦਾ ਹੈ ਅਤੇ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧ ਜਾਂਦੀ ਹੈ।

➢ ਸ਼ੂਗਰ ਦੇ ਮਰੀਜ਼ਾਂ ਲਈ ਰੋਜ਼ਾਨਾ ਅੱਧੇ ਘੰਟੇ ਦੀ ਸੈਰ ਬਹੁਤ ਜ਼ਰੂਰੀ ਹੈ। ਰੋਜ਼ਾਨਾ ਸੈਰ ਕਰਨ ਨਾਲ ਕੈਂਸਰ ਦਾ ਖ਼ਤਰਾ ਵੀ ਘਟ ਜਾਂਦਾ ਹੈ। ਸੈਰ ਕਰਨ ਨਾਲ ਭਾਰ ਘਟਦਾ ਹੈ ਅਤੇ ਬਲੱਡ-ਪ੍ਰੈਸ਼ਰ ਵੀ ਠੀਕ ਰਹਿੰਦਾ ਹੈ। ਇਸ ਕਰਕੇ ਬਲੱਡ-ਪ੍ਰੈਸ਼ਰ ਜ਼ਿਆਦਾ ਰਹਿਣ ਵਾਲੇ ਮਰੀਜ਼ਾਂ ਲਈ ਸੈਰ ਬਹੁਤ ਜ਼ਰੂਰੀ ਹੈ।

# ਅਨੇਕਾਂ ਰੋਗਾਂ ਦਾ ਵਿਨਾਸ਼ਕਾਰੀ ਨਿੰਮ

ਧਰਤੀ ਉਪਰ ਜਿੰਨੇ ਵੀ ਪੇੜ-ਪੌਦੇ ਅਤੇ ਜਿੰਨੀਆਂ ਵੀ ਜੜ੍ਹੀ-ਬੂਟੀਆਂ ਹਨ, ਕੁਦਰਤ ਨੇ ਸਭ ਵਿਚ ਹੀ ਕੋਈ ਨਾ ਕੋਈ ਗੁਣ ਪਾਇਆ ਹੈ, ਭਾਵ ਕਿ ਸਾਨੂੰ ਵਿਖਾਈ ਦੇਣ ਵਾਲੀ ਸਮੂਹ ਹਰਿਆਲੀ ਕੁਦਰਤੀ ਔਸ਼ਧੀ ਹੈ। ਅੱਜ ਅਸੀਂ ਗੱਲ ਕਰਾਂਗੇ ਨਿੰਮ ਵਰਗੇ ਅਤਿ ਗੁਣਕਾਰੀ ਦਰੱਖਤ ਦੀ, ਜਿਸ ਵਿਚ ਹੇਠਾਂ ਤੋਂ ਲੈ ਕੇ ਉਪਰ ਤੱਕ ਗੁਣ ਹੀ ਗੁਣ ਹਨ। ਨਿੰਮ ਦੇ ਫਲ, ਪੱਤੇ-ਫੁੱਲ, ਜੜ੍ਹ ਆਦਿ ਸਾਰੀਆਂ ਚੀਜ਼ਾਂ ਹੀ ਆਯੂਰਵੈਦ ਗੁਣਾਂ ਨਾਲ ਭਰਪੂਰ ਹਨ। ਅਮਰੀਕੀ ਡਾਕਟਰਾਂ ਨੇ ਤਾਂ ਇਥੋਂ ਤੱਕ ਸਿੱਧ ਕਰ ਦਿੱਤਾ ਹੈ ਕਿ ਨਿੰਮ ਅੰਦਰ ਸਾਡੇ ਸਰੀਰ ਵਿਚਲੇ 200 ਤਰ੍ਹਾਂ ਦੇ ਕੀਟਾਣੂਆਂ ਨੂੰ ਖ਼ਤਮ ਕਰਨ ਦੀ ਸ਼ਕਤੀ ਮੌਜੂਦ ਹੈ। ਨਿੰਮ ਚਮੜੀ ਰੋਗਾਂ ਲਈ ਮਹਾਂ ਵਿਨਾਸ਼ਕਾਰੀ ਸਾਬਤ ਹੋਇਆ ਹੈ। ਖ਼ੂਨ ਵਿਚ ਸ਼ੁੱਧਤਾ ਲਈ ਇਹ ਮਹਾਂ ਦਵਾਈ ਹੈ। ਪੁਰਾਤਨ ਗ੍ਰੰਥਾਂ ਵਿਚ ਤਾਂ ਨਿੰਮ ਨੂੰ ਅੰਮ੍ਰਿਤ ਦੇ ਸਮਾਨ ਦੱਸਿਆ ਗਿਆ ਹੈ। ਨਿੰਮ ਜਿਥੇ ਸਰੀਰ ਦੇ ਖ਼ੂਨ ਦੀ ਸਫਾਈ ਕਰਦੀ ਹੈ, ਉਥੇ ਹੀ ਬਵਾਸੀਰ, ਧਾਤੂ ਰੋਗ, ਦਮਾ, ਕਫ਼, ਖਾਂਸੀ, ਛਾਤੀ ਵਿਚਲਾ ਦਰਦ, ਇਥੋਂ ਤੱਕ ਕਿ ਕੋਹੜ ਨੂੰ ਮਿਟਾਉਣ ਦੀ ਸਮਰੱਥਾ ਵੀ ਰੱਖਦੀ ਹੈ। ਹੋਰ ਤਾਂ ਹੋਰ ਜਿਸ ਘਰ ਵਿਚ ਨਿੰਮ ਦਾ ਦਰੱਖ਼ਤ ਲੱਗਿਆ ਹੁੰਦਾ ਹੈ, ਉਸ ਘਰ ਦਾ ਆਲਾ-ਦੁਆਲਾ ਸਾਫ ਰਹਿੰਦਾ ਹੈ। ਆਓ! ਨਿੰਮ ਤੋਂ ਆਯੂਰਵੈਦਿਕ ਤਰੀਕਿਆਂ ਰਾਹੀਂ ਕੁਝ ਨੁਸਖ਼ੇ ਤਿਆਰ ਕਰ ਕੇ ਸਰੀਰਕ ਰੋਗਾਂ ਤੋਂ ਮੁਕਤੀ ਪਾਈਏ। **ਸਿਰ ਦੀਆਂ ਜੂੰਆਂ** : ਨਿੰਮ ਦੇ ਪੱਤਿਆਂ ਨੂੰ ਪਾਣੀ ਵਿਚ ਉਬਾਲ ਕੇ ਉਸ ਨਾਲ ਸਿਰ ਧੋਣ ਨਾਲ ਸਿਰ ਦੀਆਂ ਜੂੰਆਂ ਖ਼ਤਮ ਹੋ ਜਾਂਦੀਆਂ ਹਨ।



**ਅੱਧਾ ਸਿਰ ਦਾ ਦਰਦ** : ਨਿੰਮ ਦੀਆਂ ਪੱਤੀਆਂ 25 ਗ੍ਰਾਮ, ਕਾਲੀ ਮਿਰਚ 25 ਗ੍ਰਾਮ, ਚਾਵਲ 25 ਗ੍ਰਾਮ। ਤਿੰਨਾਂ ਨੂੰ ਘੋਟ ਕੇ ਪੀਸ ਕੇ ਨਸਵਾਰ ਬਣਾ ਲਉ। ਸਵੇਰੇ-ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ 1-1 ਚੁਟਕੀ ਨਸਵਾਰ ਨੱਕ ਰਾਹੀਂ ਅੰਦਰ ਨੂੰ ਖਿੱਚੋ। ਆਯੂਰਵੈਦ ਮੁਤਾਬਕ ਇਕ ਹਫ਼ਤੇ ਦੇ ਅੰਦਰ ਹੀ ਅੱਧਾ ਸਿਰ ਦਾ ਦਰਦ ਬਿਲਕੁਲ ਬੰਦ ਹੋ ਜਾਵੇਗਾ।

**ਸਰੀਰਕ ਦਾਗ ਆਦਿ ਲਈ** : ਇਕ ਕਿਲੋ ਨਿੰਮ ਦੇ ਪੱਤਿਆਂ ਦਾ ਰਸ, 250 ਗ੍ਰਾਮ ਸਰ੍ਹੋਂ ਦਾ ਤੇਲ, ਅੱਕ ਦਾ ਦੁੱਧ, ਲਾਲ ਕਨੇਰ ਦੀ ਜੜ੍ਹ ਅਤੇ ਕਾਲੀ ਮਿਰਚ 5-5 ਗ੍ਰਾਮ ਲੈ ਕੇ ਹਲਕੀ ਅੱਗ 'ਤੇ ਪਕਾਉ। ਫਿਰ ਬਰਤਨ ਵਿਚ ਠੰਢਾ ਕਰ ਕੇ ਰੱਖੋ। ਇਸ ਦੀ ਕੁਝ ਦਿਨਾਂ ਬਾਅਦ ਵਰਤੋਂ ਕਰਨ ਨਾਲ ਸਰੀਰਕ ਦਾਗ ਦੂਰ ਹੋ ਜਾਂਦੇ ਹਨ ਅਤੇ ਸਰੀਰਕ ਚਮੜੀ ਨਿੱਕੀਆਂ ਮੋਟੀਆਂ ਫਿਨਸੀਆਂ ਤੋਂ ਮੁਕਤ ਹੋ ਜਾਂਦੀ ਹੈ। **ਖ਼ਾਰਿਸ਼ ਤੇ ਖੁਜ਼ਲੀ ਆਦਿ ਲਈ** : ਗੰਧਕ ਅਤੇ ਨਿੰਮ ਦੇ ਪੱਤਿਆਂ ਨੂੰ ਉਬਾਲ ਕੇ ਉਸ ਪਾਣੀ ਨਾਲ ਹਰ ਰੋਜ਼ ਨਹਾਉਣ ਨਾਲ ਚਮੜੀ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ।

**ਪੇਟ ਦੇ ਕੀੜੇ** : ਨਿੰਮ ਦੇ ਪੱਤਿਆਂ ਦਾ ਰਸ ਕੱਢ ਕੇ ਪੀਣ ਨਾਲ ਪੇਟ ਦੇ ਸਾਰੇ ਕੀੜੇ ਮਰ ਜਾਂਦੇ ਹਨ।

**ਚਿਹਰੇ ਦੇ ਮੁਹਾਸੇ** : ਨਿੰਮ ਦੇ ਬੀਜ ਨੂੰ ਲੱਸੀ ਵਿਚ ਚੰਗੀ ਤਰ੍ਹਾਂ ਰਗੜ ਕੇ ਕੁਝ ਦਿਨ ਚਿਹਰੇ 'ਤੇ ਲੇਪ ਕਰੋ। ਇਸ ਤਰ੍ਹਾਂ ਕਰਨ ਨਾਲ ਮੁਹਾਸੇ ਦੂਰ ਹੋ ਜਾਂਦੇ ਹਨ।

**ਜ਼ਖਮਾਂ ਲਈ** : ਨਿੰਮ ਦੀਆਂ ਪੱਤੀਆਂ ਦਾ ਰਸ 10 ਗ੍ਰਾਮ, ਸਰ੍ਹੋਂ ਦਾ ਤੇਲ 10 ਗ੍ਰਾਮ, ਦੋਵਾਂ ਨੂੰ ਲੈ ਕੇ ਅੱਗ 'ਤੇ ਰੱਖ ਦਿਉ। ਇਸ ਨੂੰ ਉਦੋਂ ਤੱਕ ਅੱਗ 'ਤੇ ਰੱਖੋ ਜਦ ਤੱਕ ਕਿ ਰਸ ਬਿਲਕੁੱਲ ਉਡ ਜਾਵੇ ਅਤੇ ਸਿਰਫ਼ ਤੇਲ ਹੀ ਬਾਕੀ ਰਹੇ। ਇਸ ਨੂੰ ਸ਼ੀਸ਼ੀ ਵਿਚ ਪਾ ਕੇ ਰੱਖ ਲਵੋ। ਕਿਸੇ ਵੀ ਤਰ੍ਹਾਂ ਦੇ ਜ਼ਖਮ 'ਤੇ ਲਗਾਉਣ ਨਾਲ ਜ਼ਖਮ ਬਹੁਤ ਜਲਦ ਠੀਕ ਹੋ ਜਾਂਦਾ ਹੈ।

**ਅੱਖਾਂ ਦੇ ਰੋਗ ਲਈ** : ਅੱਖਾਂ ਦੇ ਦੁੱਖਣ ਅਤੇ ਜਲਨ ਹੋਣ 'ਤੇ ਨਿੰਮ ਦੇ ਪੱਤਿਆਂ ਦਾ ਰਸ ਲੈ ਕੇ 1-1 ਬੂੰਦ ਅੱਖਾਂ ਵਿਚ ਟਪਕਾਉ। ਆਰਾਮ ਮਿਲੇਗਾ। ਜੇਕਰ ਬੱਚਿਆਂ ਦੀਆਂ ਅੱਖਾਂ ਦੁੱਖਦੀਆਂ ਹੋਣ ਤਾਂ ਬੱਚਿਆਂ ਦੇ ਕੰਨਾਂ ਵਿਚ ਨਿੰਮ ਦੇ ਪੱਤਿਆਂ ਦਾ ਰਸ ਦੋ-ਦੋ ਬੂੰਦਾਂ ਪਾ ਦਿਉ। ਜੇਕਰ ਬੱਚੇ ਦੀ ਇਕ ਅੱਖ ਦੁੱਖ ਰਹੀ ਹੋਵੇ ਤਾਂ ਨਿੰਮ ਦੇ ਪੱਤਿਆਂ ਦੇ ਰਸ ਦੀਆਂ ਦੋ ਬੂੰਦਾਂ ਦੁੱਖ ਰਹੀ ਅੱਖ ਦੇ ਉਲਟੇ ਪਾਸੇ ਕੰਨ ਵਿਚ ਪਾਉ। ਫਾਇਦਾ ਜ਼ਰੂਰ ਹੋਵੇਗਾ।

**ਚਮੜੀ ਦੇ ਨਿੱਕੇ ਮੋਟੇ ਰੋਗਾਂ ਲਈ** : ਹਰ ਰੋਜ਼ ਸਵੇਰ ਵੇਲੇ ਨਿੰਮ ਦੀਆਂ ਕੋਮਲ ਪੱਤੀਆਂ ਨੂੰ ਚਬਾ ਕੇ ਅੰਦਰ ਲੰਘਾਉ, ਲਗਾਤਾਰ ਵਰਤੋਂ ਨਾਲ ਸਰੀਰਕ ਚਮੜੀ ਦੇ ਰੋਗਾ, ਜਿਵੇਂ ਨਿੱਕੀਆਂ-ਮੋਟੀਆਂ ਫਿਨਸੀਆਂ, ਫੋੜੇ, ਖ਼ਾਰਸ਼, ਖੁਜਲੀ ਆਦਿ ਖ਼ਤਮ ਹੋ ਜਾਂਦੇ ਹਨ।

**ਦੰਦਾਂ ਦੇ ਰੋਗਾਂ ਲਈ** : ਹਰ ਰੋਜ਼ ਨਿੰਮ ਦੀ ਦਾਤਣ ਕਰਨ ਨਾਲ, ਜਿਥੇ ਦੰਦਾਂ ਦੇ ਅਨੇਕਾਂ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ, ਉਥੇ ਹੀ ਦੰਦਾਂ ਨੂੰ ਕੀੜਾ ਆਦਿ ਲੱਗਣ ਦਾ ਖ਼ਤਰਾ ਟਲ ਜਾਂਦਾ ਹੈ ਅਤੇ ਦੰਦ ਮਜ਼ਬੂਤ ਤੇ ਸਫ਼ੈਦ ਹੋ ਜਾਂਦੇ ਹਨ।

**ਮੱਛਰ ਆਦਿ ਤੇ ਵਾਤਾਵਰਣ ਦੀ ਸ਼ੁੱਧਤਾ ਲਈ** : ਨਿੰਮ ਦੇ ਸੁੱਕੇ ਪੱਤੇ, ਥੋੜ੍ਹਾ ਜਿਹਾ ਗੰਧਕ ਚੂਰਨ, ਕਪੂਰ ਥੋੜ੍ਹਾ ਜਿਹਾ, ਅਗਰ ਅਤੇ ਥੋੜ੍ਹਾ ਜਿਹਾ ਚੰਦਨ ਚੂਰਨ ਸਭ ਨੂੰ ਮਿਲਾ ਕੇ ਧੁਖਾ ਦੇਣ ਨਾਲ, ਜਿਥੇ ਵਾਤਾਵਰਣ ਦੀ ਸ਼ੁੱਧਤਾ ਵਧੇਗੀ, ਉਥੇ ਹੀ ਮੱਛਰ ਆਦਿ ਜੀਵ ਭੱਜ ਜਾਣਗੇ।

**ਸੁਸਰੀ ਅਤੇ ਹੋਰ ਕੀੜੇ ਤੋਂ ਰਾਖੀ ਲਈ**: ਨਿੰਮ ਦੇ ਸੁੱਕੇ ਪੱਤੇ ਲੈ ਕੇ ਕਣਕ ਵਿਚ ਪਾ ਦਿਉ। ਇਸ ਤਰ੍ਹਾਂ ਨਾਲ ਸੁਸਰੀ ਆਦਿ ਤੋਂ ਕਣਕ ਦਾ ਬਚਾਅ ਹੋ ਜਾਂਦਾ ਹੈ। ਕਿਤਾਬਾਂ ਆਦਿ ਨੂੰ ਕੀੜਿਆਂ ਤੋਂ ਬਚਾਉਣ ਲਈ ਨਿੰਮ ਦੇ ਸੁੱਕੇ ਪੱਤੇ ਪਾ ਕੇ ਰੱਖੋ।

# ਛੋਟੀਆਂ-ਛੋਟੀਆਂ ਤਕਲੀਫ਼ਾਂ ਨੂੰ ਇਨ੍ਹਾਂ ਘਰੇਲੂ ਨੁਸਖਿਆਂ ਨਾਲ ਕਰੋ ਦੂਰ

ਛੋਟੀਆਂ-ਛੋਟੀਆਂ ਸਰੀਰਿਕ ਤਕਲੀਫ਼ਾਂ ਸਾਰਿਆਂ ਨੂੰ ਕਦੇ ਨਾ ਕਦੇ ਹੁੰਦੀਆਂ ਹਨ। ਜੇਕਰ ਤੁਸੀਂ ਘਰ 'ਚ ਹੀ ਅਜਿਹੀਆਂ ਤਕਲੀਫ਼ਾਂ ਦਾ ਇਲਾਜ ਕਰਨਾ ਚਾਹੁੰਦੇ ਹਨ ਤਾਂ ਅੱਜ ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਅਜਿਹੇ ਮਹੱਤਵਪੂਰਨ ਘਰੇਲੂ ਘਰੇਲੂ ਨੁਸਖੇ ਜਿਨ੍ਹਾਂ ਦਾ ਪਤਾ ਹੋਣ 'ਤੇ ਤੁਸੀਂ ਕੁਝ ਰੋਗਾਂ ਦਾ ਇਲਾਜ ਖੁਦ ਕਰ ਸਕਦੇ ਹੋ।

ਪੇਟ ਦਰਦ:- ਅੱਧਾ ਚਮਚ ਹਲਦੀ ਅਤੇ ਅੱਧਾ ਚਮਚ ਨਮਕ ਮਿਲਾ ਕੇ ਠੰਡੇ ਪਾਣੀ ਨਾਲ ਖਾ ਲਓ। ਪੇਟ ਦਰਦ 'ਚ ਤੁਰੰਤ ਆਰਾਮ ਮਿਲੇਗਾ।

ਵਾਲਾਂ ਦਾ ਝੜਨਾ:- ਜੇਕਰ ਤੁਹਾਡੇ ਵਾਲਾਂ 'ਚ ਰੂਸੀ ਹੈ ਜਾਂ ਫ਼ਿਰ ਤੁਹਾਡੇ ਵਾਲ ਝੜ ਰਹੇ ਹਨ ਤਾਂ ਤੁਸੀਂ ਕੱਚੇ ਪਪੀਤੇ ਦਾ ਪੇਸਟ ਬਣਾ ਕੇ ਵਾਲਾਂ ਦੀਆਂ ਜੜ੍ਹਾਂ 'ਤੇ 10 ਮਿੰਟ ਤੱਕ ਲਗਾਓ। ਉਸ ਤੋਂ ਬਾਅਦ ਵਾਲ ਧੋ ਲਓ। ਅਜਿਹਾ ਕਰਨ ਨਾਲ ਤੁਹਾਡੇ ਵਾਲਾ ਨਹੀਂ ਝੜਣਗੇ।

ਖ਼ੂਨ ਦੀ ਖਰਾਬੀ:- ਖ਼ੂਨ ਸਾਫ਼ ਨਹੀਂ ਹੈ ਤਾਂ 1 ਚਮਚ ਸ਼ਹਿਦ ਨੂੰ ਅੱਧੇ ਗਿਲਾਸ ਪਾਲਕ ਦੇ ਰਸ 'ਚ ਮਿਲਾ ਕੇ 1 ਮਹੀਨੇ ਤੱਕ ਵਰਤੋਂ ਕਰੋ। ਇਹ ਤੁਹਾਡੇ ਖ਼ੂਨ ਵਿਕਾਰ ਨੂੰ ਦੂਰ ਕਰੇਗਾ ਅਤੇ ਖ਼ੂਨ ਨੂੰ ਸਾਫ਼ ਰੱਖੇਗਾ।

ਚਮੜੀ ਪ੍ਰਾਬਲਮ:- ਨਾਰੀਅਲ ਪਾਣੀ 'ਚ ਕੱਚਾ ਦੁੱਧ, ਨਿੰਬੂ ਦਾ ਰਸ, ਬੇਸਨ ਅਤੇ ਚੰਦਨ ਪਾਊਡਰ ਮਿਲਾ ਕੇ ਲੇਪ ਤਿਆਰ ਕਰੋ। ਨਹਾਉਣ ਤੋਂ 15 ਮਿੰਟ ਪਹਿਲਾਂ ਇਹ ਲੇਪ ਚਿਹਰੇ 'ਤੇ ਲਗਾਓ। ਉਸ ਤੋਂ ਬਾਅਦ ਚਿਹਰੇ ਨੂੰ ਧੋ ਲਓ। ਇਹ ਨੁਸਕਾ ਸਕਿੰਮ ਪ੍ਰਾਬਲਮ ਦੂਰ ਕਰਕੇ ਚਿਹਰੇ ਨੂੰ ਚਮਕਦਾਰ ਬਣਾਉਂਦਾ ਹੈ।

ਐਸਡਿਟੀ:- ਭੋਜਨ ਕਰਨ ਤੋਂ ਬਾਅਦ ਤੁਸੀਂ ਥੋੜ੍ਹੇ ਜਿਹੇ ਗੁੜ ਦੀ ਵਰਤੋਂ ਕਰੋ। ਅਜਿਹਾ ਕਰਨ



ਨਾਲ ਐਸਡਿਟੀ ਦੀ ਸਮੱਸਿਆ ਖਤਮ ਹੋ ਜਾਵੇਗੀ।

ਸਿਰ ਦਰਦ:- ਇੱਕ ਗਿਲਾਸ ਗਰਮ ਪਾਣੀ 'ਚ ਅੱਧਾ ਨਿੰਬੂ ਦਾ ਰਸ ਪਾ ਕੇ ਪੀਓ। ਸਿਰ ਦਰਦ ਦੂਰ ਹੋ ਜਾਵੇਗਾ।

ਗੈਸਿਟ੍ਰਕ ਟਰੱਬਲ:- ਅਜ਼ਵਾਈਨ ਅਤੇ ਕਾਲਾ ਨਮਕ ਪੀਸ ਕੇ ਸਾਮਾਨ ਮਾਤਰਾ 'ਚ ਮਿਲਾ ਲਓ। ਇਸ ਚੂਰਨ ਨੂੰ ਇੱਕ ਚਮਚ ਮਾਤਰਾ 'ਚ ਗਰਮ ਪਾਣੀ ਨਾਲ ਲਓ। ਗੈਸ ਦੀ ਸਮੱਸਿਆ 'ਚ ਤੁਰੰਤ ਆਰਾਮ ਮਿਲੇਗਾ।

ਜ਼ੁਕਾਮ:- ਜੇਕਰ ਜ਼ੁਕਾਮ ਜਾਂ ਸਰਦੀ ਹੋਵੇ ਤਾਂ ਰਾਤ ਨੂੰ ਸੌਣ ਤੋਂ ਪਹਿਲਾਂ ਗਰਮ ਪਾਣੀ ਪੀ ਕੇ ਸੋ ਜਾਓ। ਜ਼ੁਕਾਮ ਤੋਂ ਰਾਹਤ ਮਿਲੇਗੀ।

# ਪਰਵਿੰਦਰ ਝੋਟਾ ਕਤਲ ਕਾਂਡ : ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਦੇ ਘਰ 'ਤੇ ਚੱਲਿਆ ਬੁਲਡੋਜ਼ਰ, ਮੈਡੀਕਲ ਸਟੋਰ ਨੂੰ ਵੀ ਲਾਈ ਅੱਗ

**ਮਾਨਸਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟੇ ਨੂੰ ਗੋਲੀਆਂ ਮਾਰ ਕੇ ਕਤਲ ਕਰਨ ਵਾਲੇ ਅਸ਼ਵਨੀ ਕੁਮਾਰ ਦੇ ਮੈਡੀਕਲ ਸਟੋਰ ਨੂੰ ਅੱਜ ਬਾਅਦ ਦੁਪਹਿਰ ਭੜਕੀ ਹੋਈ ਭੀੜ ਵੱਲੋਂ ਅੱਗ ਲਗਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਗੁੱਸੇ ਵਿੱਚ ਆਏ ਨੌਜਵਾਨਾਂ ਵੱਲੋਂ ਉਸ ਦੇ ਮੈਡੀਕਲ ਸਟੋਰ ਦੀ ਭੰਨ-ਤੋੜ ਕੀਤੀ ਗਈ ਸੀ। ਨੌਜਵਾਨਾਂ ਵੱਲੋਂ ਇੱਕ ਜੇ.ਸੀ.ਬੀ. ਮਸ਼ੀਨ ਕਿਸੇ ਤੋਂ ਫੜ ਕੇ ਖ਼ੁਦ ਚਲਾ ਕੇ ਦੁਕਾਨ ਢਾਹੁਣੀ ਸ਼ੁਰੂ ਕਰ ਦਿੱਤੀ ਗਈ ਅਤੇ ਮਗਰੋਂ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ। ਭੜਕੀ ਹੋਈ ਭੀੜ ਅੱਗੇ ਪੁਲੀਸ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕੋਈ ਵਾਹ ਨਹੀਂ ਚੱਲੀ।

ਇਸੇ ਦੌਰਾਨ ਹੀ ਪੁਲੀਸ ਦੀ ਅਗਵਾਈ ਹੇਠ ਬਾਅਦ ਦੁਪਹਿਰ ਅਸ਼ਵਨੀ ਕੁਮਾਰ ਦੇ ਘਰ ਉੱਪਰ ਪੀਲਾ ਪੰਜਾ ਚਲਾਇਆ ਗਿਆ। ਇਹ ਪੀਲਾ ਪੰਜਾ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਅਨੇਕਾਂ ਨਸ਼ਾ ਤਸਕਰਾਂ ਦੇ ਘਰਾਂ ਉੱਪਰ ਚਲਾਇਆ ਜਾ ਚੁੱਕਿਆ ਹੈ ਅਤੇ ਅੱਜ ਵੀ ਨਸ਼ਿਆਂ ਦੇ ਤਸਕਰ ਵਜੋਂ ਉਸ ਦਾ ਘਰ ਢਾਹਿਆ ਗਿਆ ਹੈ।



ਜ਼ਿਕਰਯੋਗ ਹੈ ਕਿ ਮਾਨਸਾ ਵਿਖੇ ਇੱਕ ਕੈਮਿਸਟ ਦੀ ਦੁਕਾਨ 'ਤੇ ਨਸ਼ਿਆਂ ਨੂੰ ਲੈ ਕੇ ਹੋਏ ਤਿੱਖੇ ਵਿਵਾਦ ਦੌਰਾਨ ਪਰਵਿੰਦਰ ਸਿੰਘ ਝੋਟਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਦੂਜੇ ਪਾਸੇ, ਮਾਨਸਾ ਵਿੱਚ ਮ੍ਰਿਤਕ ਆਗੂ ਨੂੰ ਇਨਸਾਫ਼ ਦਿਵਾਉਣ ਲਈ ਪ੍ਰਦਰਸ਼ਨਕਾਰੀਆਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ-ਪ੍ਰਦਰਸ਼ਨ ਜਾਰੀ ਹੈ। ਇਸ ਸੰਘਰਸ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਪ੍ਰਸ਼ਾਸਨ ਅੱਗੇ ਆਪਣੀਆਂ ਮੰਗਾਂ ਰੱਖਣ ਲਈ ਪ੍ਰਦਰਸ਼ਨਕਾਰੀਆਂ ਵੱਲੋਂ ਇੱਕ ਵਿਸ਼ੇਸ਼ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ, ਜੋ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੀ ਹੈ।

ਨਸ਼ਾ ਵਿਰੋਧੀ ਆਗੂ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਵਿੱਚ ਪ੍ਰਸ਼ਾਸਨ ਨੇ ਕਾਰਵਾਈ ਕਰਦਿਆਂ ਮੁੱਖ ਮੁਲਜ਼ਮ ਅਤੇ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਦੇ ਘਰ 'ਤੇ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਕੀਤੀ ਹੈ। ਘਰ 'ਤੇ ਜੇ.ਸੀ.ਬੀ. ਮਸ਼ੀਨ ਰਾਹੀਂ ਕਾਰਵਾਈ ਕੀਤੇ ਜਾਣ ਦੌਰਾਨ ਮੌਕੇ 'ਤੇ ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਇਸ ਕਾਰਵਾਈ ਨਾਲ ਇਲਾਕੇ ਵਿੱਚ ਚਰਚਾ ਤੇਜ਼ ਹੋ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਇਹ ਕਦਮ ਚੁੱਕਿਆ ਗਿਆ ਹੈ। ਹਾਲਾਂਕਿ, ਘਰ 'ਤੇ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਦੇ ਅਧਿਕਾਰਤ ਆਧਾਰ ਅਤੇ ਇਸ ਸਬੰਧੀ ਜਾਰੀ ਕੀਤੇ ਗਏ ਹੁਕਮਾਂ ਬਾਰੇ ਵਿਸਥਾਰਤ ਜਾਣਕਾਰੀ ਸਾਹਮਣੇ ਨਹੀਂ ਆਈ।

ਇਸ ਤੋਂ ਪਹਿਲਾਂ ਮੰਗਲਵਾਰ ਦੇਰ ਰਾਤ ਇਸ ਕਤਲ ਮਾਮਲੇ ਵਿੱਚ ਪੁਲੀਸ ਨੂੰ ਵੱਡੀ ਸਫ਼ਲਤਾ ਮਿਲਣ ਦੀ ਜਾਣਕਾਰੀ ਸਾਹਮਣੇ ਆਈ ਸੀ। ਸੂਤਰਾਂ ਅਨੁਸਾਰ, ਪੁਲੀਸ ਨੇ ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਰਾਜਸਥਾਨ ਤੋਂ ਕਾਬੂ ਕਰ ਲਿਆ ਸੀ। ਹਾਲਾਂਕਿ, ਮਾਨਸਾ ਪੁਲੀਸ ਵੱਲੋਂ ਇਸ ਗ੍ਰਿਫ਼ਤਾਰੀ ਸਬੰਧੀ ਅਧਿਕਾਰਤ ਪੁਸ਼ਟੀ ਕੀਤੇ ਜਾਣ ਦੀ ਜਾਣਕਾਰੀ ਨਹੀਂ ਮਿਲੀ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਮਾਨਸਾ ਵਿਖੇ ਇੱਕ ਕੈਮਿਸਟ ਦੀ ਦੁਕਾਨ 'ਤੇ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਤਿੱਖਾ ਵਿਵਾਦ ਹੋ ਗਿਆ ਸੀ। ਇਸ ਦੌਰਾਨ ਪਰਵਿੰਦਰ ਸਿੰਘ ਝੋਟਾ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਰੋਸ ਦਾ ਮਾਹੌਲ ਬਣਿਆ ਹੋਇਆ ਹੈ।

ਦੂਜੇ ਪਾਸੇ, ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਦੀ ਮੰਗ ਨੂੰ ਲੈ ਕੇ ਮਾਨਸਾ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਅਣਮਿੱਥੇ ਸਮੇਂ ਲਈ ਧਰਨਾ ਜਾਰੀ ਹੈ। ਪ੍ਰਦਰਸ਼ਨਕਾਰੀ ਕਤਲ ਮਾਮਲੇ ਵਿੱਚ ਸਖ਼ਤ ਕਾਰਵਾਈ ਅਤੇ ਆਪਣੀਆਂ ਹੋਰ ਮੰਗਾਂ ਦੀ ਪੂਰਤੀ ਦੀ ਮੰਗ ਕਰ ਰਹੇ ਹਨ।

# ਪਰਵਿੰਦਰ ਕਤਲ ਕਾਂਡ 'ਚ ਨਾ ਕਿਸੇ ਮੁਲਜ਼ਮ ਨੂੰ, ਨਾ ਕਿਸੇ ਸਾਜ਼ਿਸ਼ ਘਾੜੇ ਨੂੰ ਬਖ਼ਸ਼ਾਂਗੇ: ਮੁੱਖ ਮੰਤਰੀ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਸ਼ਾਂਤੀ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਸਾ 'ਚ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਦੇ ਮਾਮਲੇ 'ਚ ਕਿਸੇ ਵੀ ਮੁਲਜ਼ਮ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸੂਬੇ ਦੇ ਡੀ ਜੀ ਪੀ ਗੌਰਵ ਯਾਦਵ ਨੂੰ ਸਖ਼ਤ ਨਿਰਦੇਸ਼ ਵੀ ਦਿੱਤੇ ਹਨ ਕਿ ਇਸ ਮਾਮਲੇ ਦੀ ਤਹਿ ਤੱਕ ਜਾਂਚ ਕੀਤੀ ਜਾਵੇ। ਅੱਜ ਇੱਕ ਵੀਡੀਓ ਸੁਨੇਹੇ 'ਚ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲੀਸ ਇਸ ਕੇਸ ਦੀ ਜਾਂਚ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ ਅਤੇ ਜੇਕਰ ਇਸ ਹੱਤਿਆ ਪਿੱਛੇ ਕੋਈ ਸਾਜ਼ਿਸ਼ ਵੀ ਸਾਹਮਣੇ ਆਈ, ਤਾਂ ਉਸ ਸਾਜ਼ਿਸ਼ਘਾੜੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਮੁੱਖ ਮੰਤਰੀ ਨੇ ਪਰਵਿੰਦਰ ਝੋਟਾ ਦੇ ਪਰਿਵਾਰ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਕਿਹਾ ਕਿ ਇੱਕ ਜਵਾਨ ਪੁੱਤ ਦੇ ਚਲੇ ਜਾਣ ਦਾ ਬਹੁਤ ਦੁੱਖ ਹੈ ਅਤੇ ਅਜਿਹੀ ਘਟਨਾ ਵਾਪਰਨੀ ਨਹੀਂ ਚਾਹੀਦੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਹੱਤਿਆ ਦੇ ਮੁੱਖ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਜ਼ੀਰੋ ਟੌਲਰੈਂਸ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਦੀ ਪੁਸ਼ਤਪਨਾਹੀ ਨਹੀਂ ਕਰਦੀ ਹੈ ਅਤੇ ਨਾ ਹੀ ਕਦੇ ਕੀਤੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਮਨ-ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ ਕਰਦਿਆਂ ਇਹ ਵੀ ਕਿਹਾ ਕਿ ਪੰਜਾਬ ਦੇ ਲੋਕ ਉਨ੍ਹਾਂ 'ਤੇ ਭਰੋਸਾ ਕਰਨ ਅਤੇ ਕਿਸੇ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਨਾ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਤਰ੍ਹਾਂ ਦੇ ਨਸ਼ੇ, ਚਾਹੇ ਉਹ ਮੈਡੀਕਲ/ਕੈਮੀਕਲ ਨਸ਼ਾ ਹੈ ਅਤੇ ਚਾਹੇ ਕੋਈ ਹੋਰ ਨਸ਼ਾ ਹੈ, ਦੇ ਖ਼ਿਲਾਫ਼ ਪੂਰੀ ਤਰ੍ਹਾਂ ਲੜ ਰਹੀ ਹੈ। ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਛੇੜਿਆ ਹੋਇਆ ਹੈ।

# ਰੂਸੀ ਫ਼ੌਜ ਵਿੱਚ ਭਰਤੀ ਕੀਤੇ ਗਏ 267 ਭਾਰਤੀਆਂ 'ਚੋਂ 51 ਦੀ ਮੌਤ; 77 ਲਾਪਤਾ

**ਨਵੀਂ ਦਿੱਲੀ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਬੁੱਧਵਾਰ ਨੂੰ ਵਿਦੇਸ਼ ਮੰਤਰਾਲੇ ਨੂੰ ਰੂਸ-ਯੂਕਰੇਨ ਯੁੱਧ ਵਿੱਚ ਲੜਦੇ ਹੋਏ ਮਾਰੇ ਗਏ ਭਾਰਤੀਆਂ ਦੇ ਪਰਿਵਾਰਾਂ ਨੂੰ ਸਹਾਇਤਾ ਅਤੇ ਮੁਆਵਜ਼ਾ ਦੇਣ ਲਈ ਇੱਕ ਜਨਤਕ ਨੋਟਿਸ ਜਾਰੀ ਕਰਨ 'ਤੇ ਵਿਚਾਰ ਕਰਨ ਲਈ ਕਿਹਾ। ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਸਾਹਮਣੇ ਵਿਦੇਸ਼ ਮੰਤਰਾਲੇ ਨੇ ਅਹਿਮ ਅੰਕੜੇ ਪੇਸ਼ ਕੀਤੇ। ਰਿਪੋਰਟ ਮੁਤਾਬਕ, ਧੋਖੇ ਨਾਲ ਰੂਸੀ ਫ਼ੌਜ ਵਿੱਚ ਭਰਤੀ ਕੀਤੇ ਗਏ ਕੁੱਲ 267 ਭਾਰਤੀਆਂ ਵਿੱਚੋਂ 51 ਦੀ ਮੌਤ ਹੋ ਚੁੱਕੀ ਹੈ, 139 ਨੂੰ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ ਹੈ ਅਤੇ 77 ਦਾ ਅਜੇ ਤੱਕ ਕੋਈ ਥਹੁ-ਪਤਾ ਨਹੀਂ ਲੱਗ ਸਕਿਆ ਹੈ। ਰੂਸ ਵਿੱਚ ਭਾਰਤੀ ਦੂਤਾਵਾਸ 77 ਲੋਕਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ ਸੱਤ ਦੇ ਰੂਸੀ ਅਧਿਕਾਰੀਆਂ ਦੁਆਰਾ ਲਾਪਤਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ।

# ਹਰਿਆਣਾ ਦੀਆਂ ਮੰਡੀਆਂ ਵਿੱਚ ਫ਼ਸਲ ਖ਼ਰੀਦ ਦੀ ਸਥਿਤੀ 'ਤੇ ਸਰਕਾਰ ਦੀ ਤਿੱਖੀ ਨਜ਼ਰ: ਨਾਗਰ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖ਼ੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਰਾਜ ਮੰਤਰੀ ਸ਼੍ਰੀ ਰਾਜੇਸ਼ ਨਾਗਰ ਨੇ ਕਿਹਾ ਕਿ ਰਾਜ ਸਰਕਾਰ ਕਿਸਾਨਾਂ ਦੀ ਫ਼ਸਲ ਦੀ ਸੁਚਾਰੂ ਖ਼ਰੀਦ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਗੰਭੀਰ ਹੈ। ਸਰਕਾਰ ਦੇ ਮੰਤਰੀ ਅਤੇ ਵਿਧਾਇਕ ਲਗਾਤਾਰ ਮੰਡੀਆਂ ਦਾ ਦੌਰਾ ਕਰਕੇ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ। ਮੁੱਖ ਮੰਤਰੀ ਨੇ ਵੀ ਸਬੰਧਤ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਕਿਸਾਨਾਂ ਨੂੰ ਫ਼ਸਲ ਵੇਚਣ ਦੌਰਾਨ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ।

ਸ਼੍ਰੀ ਨਾਗਰ ਅੱਜ ਚੰਡੀਗੜ੍ਹ ਵਿੱਚ ਭਾਰਤੀ ਮਾਨਕ ਬਿਊਰੋ (BIS) ਦੇ ਉੱਤਰੀ ਖੇਤਰੀ ਦਫ਼ਤਰ ਵੱਲੋਂ ਆਯੋਜਿਤ 'ਵਿਸ਼ਵ ਮਾਨਕ ਦਿਵਸ-2026' ਸਮਾਰੋਹ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਦੋ ਦਿਨ ਪਹਿਲਾਂ ਹੀ ਸਾਰੇ ਜ਼ਿਲ੍ਹਾ ਖ਼ੁਰਾਕ ਅਤੇ ਸਪਲਾਈ ਕੰਟਰੋਲਰਾਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਕਰਕੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਮੰਡੀਆਂ ਵਿੱਚ ਪਹੁੰਚ ਰਹੀ ਫ਼ਸਲ ਅਤੇ ਖ਼ਰੀਦ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ ਸੀ। ਹੁਣ ਤੱਕ ਉਨ੍ਹਾਂ ਨੂੰ ਖ਼ਰੀਦ ਪ੍ਰਕਿਰਿਆ ਨਾਲ ਸਬੰਧਤ ਕਿਸੇ ਸ਼ਿਕਾਇਤ ਦੀ



ਜਾਣਕਾਰੀ ਨਹੀਂ ਮਿਲੀ ਹੈ। ਉਨ੍ਹਾਂ ਕਿਹਾ ਕਿ ਕੁਝ ਥਾਵਾਂ 'ਤੇ ਹੇਠਲੇ ਇਲਾਕਿਆਂ ਵਿੱਚ ਪਾਣੀ ਭਰਨ ਕਾਰਨ ਨਮੀ ਦੀ ਸਮੱਸਿਆ ਸਾਹਮਣੇ ਆਈ ਸੀ, ਜਿਸ ਨੂੰ ਸੁਕਾ ਕੇ ਦੂਰ ਕਰ ਲਿਆ ਗਿਆ ਹੈ। ਮੌਸਮ ਦੇ ਪੂਰਵ-ਅਨੁਮਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਵੀ ਜ਼ਰੂਰੀ ਤਿਆਰੀਆਂ ਕੀਤੀਆਂ ਗਈਆਂ ਹਨ।

ਕਿਸਾਨਾਂ ਦੀਆਂ ਸ਼ਿਕਾਇਤਾਂ ਨਾਲ ਜੁੜੇ ਸਵਾਲ 'ਤੇ ਰਾਜ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਨੇ ਹਾਲ ਹੀ ਵਿੱਚ ਵਿਭਾਗੀ ਅਧਿਕਾਰੀਆਂ ਨਾਲ ਬੈਠਕ ਕਰਕੇ ਮੰਡੀਆਂ ਵਿੱਚ ਫ਼ਸਲ ਖ਼ਰੀਦ ਦੀ ਸਥਿਤੀ ਦੀ ਸਮੀਖਿਆ ਕੀਤੀ ਸੀ। ਮੀਟਿੰਗ ਵਿੱਚ ਸਾਰੀਆਂ ਮੰਡੀਆਂ ਦੇ ਪ੍ਰਬੰਧਾਂ 'ਤੇ ਚਰਚਾ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਸ਼੍ਰੀ ਨਾਗਰ ਨੇ ਕਿਹਾ ਕਿ ਮੁੱਖ ਮੰਤਰੀ ਖ਼ੁਦ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਇਸੇ ਦੇ ਮੱਦੇਨਜ਼ਰ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ DFSC ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਪ੍ਰਕਾਰ ਦੀ ਪਰੇਸ਼ਾਨੀ ਨਾ ਹੋਵੇ। ਇਸ ਤੋਂ ਇਲਾਵਾ, ਸੂਬੇ ਦੀਆਂ ਸਾਰੀਆਂ ਮੰਡੀਆਂ ਵਿੱਚ ਆਈ.ਏ.ਐੱਸ. ਰੈਂਕ ਦੇ ਅਧਿਕਾਰੀਆਂ ਨੂੰ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ, ਤਾਂ ਜੋ ਖ਼ਰੀਦ ਪ੍ਰਕਿਰਿਆ ਦੀ ਪ੍ਰਭਾਵਸ਼ਾਲੀ ਨਿਗਰਾਨੀ ਕੀਤੀ ਜਾ ਸਕੇ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਅਤੇ ਕਿਸਾਨ ਯੂਨੀਅਨਾਂ ਦੇ ਅਹੁਦੇਦਾਰਾਂ ਨਾਲ ਉਨ੍ਹਾਂ ਦਾ ਨਿਰੰਤਰ ਸੰਵਾਦ ਬਣਿਆ ਰਹਿੰਦਾ ਹੈ। ਹਾਲ ਹੀ ਵਿੱਚ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿੱਚ ਵੀ ਕਿਸਾਨਾਂ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ। ਇਸ ਤੋਂ ਇਲਾਵਾ, ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਨਾਲ ਵੀ ਫ਼ੋਨ 'ਤੇ ਗੱਲਬਾਤ ਹੋਈ ਹੈ। ਸ਼੍ਰੀ ਨਾਗਰ ਨੇ ਕਿਹਾ ਕਿ ਉਨ੍ਹਾਂ ਨੂੰ ਹੁਣ ਤੱਕ ਕਿਸੇ ਕਿਸਮ ਦੀ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ ਅਤੇ ਉਹ ਖ਼ੁਦ ਵੀ ਮੰਡੀਆਂ ਦਾ ਦੌਰਾ ਕਰਕੇ ਖ਼ਰੀਦ ਵਿਵਸਥਾ ਦਾ ਜਾਇਜ਼ਾ ਲੈ ਰਹੇ ਹਨ।

ਉਨ੍ਹਾਂ ਦੁਹਰਾਇਆ ਕਿ ਰਾਜ ਸਰਕਾਰ ਕਿਸਾਨਾਂ ਦੇ ਹਿੱਤਾਂ ਲਈ ਵਚਨਬੱਧ ਹੈ ਅਤੇ ਫ਼ਸਲ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਈ ਰੱਖਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ।

# ਪੰਜਾਬ ਵਿੱਚ 154 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**ਹੁਸ਼ਿਆਰਪੁਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 154 ਨਵੇਂ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ, ਜਿਸ ਨਾਲ ਸੂਬੇ ਵਿੱਚ ਕਲੀਨਿਕਾਂ ਦੀ ਕੁੱਲ ਗਿਣਤੀ 1,244 ਹੋ ਗਈ ਹੈ। ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀ ਤਰਜੀਹ ਨਾਅਰਿਆਂ ਦੀ ਰਾਜਨੀਤੀ ਕਰਨ ਦੀ ਬਜਾਏ ਮਿਆਰੀ ਸਿਹਤ ਸੰਭਾਲ, ਸਿੱਖਿਆ ਅਤੇ ਰੋਜ਼ਗਾਰ ਪ੍ਰਦਾਨ ਕਰਨਾ ਹੈ।

ਚੱਬੇਵਾਲ ਦੇ ਪਿੰਡ ਹਰਖੋਵਾਲ ਵਿਖੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਕਲੀਨਿਕਾਂ ਵਿੱਚ 6.48 ਕਰੋੜ ਤੋਂ ਵੱਧ ਓ.ਪੀ.ਡੀ. ਅਤੇ 54.20 ਲੱਖ ਪਰਿਵਾਰਾਂ ਲਈ 10 ਲੱਖ ਰੁਪਏ ਤੱਕ ਦੀ ਸਿਹਤ ਯੋਜਨਾ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਸੁਚੇਤ ਕੀਤਾ ਕਿ ਸਰਕਾਰ ਬਦਲਣ ਨਾਲ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਅਤੇ ਸਤਿਕਾਰ ਯੋਜਨਾ ਸਮੇਤ ਹੋਰ ਕਲਿਆਣਕਾਰੀ



ਪਹਿਲਕਦਮੀਆਂ ਖ਼ਤਰੇ ਵਿੱਚ ਪੈ ਸਕਦੀਆਂ ਹਨ।

ਐਕਸ 'ਤੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਅਸੀਂ ਪੰਜਾਬ ਦੇ ਲੋਕਾਂ ਨੂੰ 154 ਨਵੇਂ ਆਮ ਆਦਮੀ ਕਲੀਨਿਕ ਸਮਰਪਿਤ ਕੀਤੇ ਹਨ। ਇਨ੍ਹਾਂ ਕਲੀਨਿਕਾਂ ਦਾ ਉਦਘਾਟਨ ਚੱਬੇਵਾਲ ਦੇ ਪਿੰਡ ਹਰਖੋਵਾਲ ਵਿਖੇ ਵਿਸ਼ਾਲ ਜਨਤਕ ਰੈਲੀ ਦੌਰਾਨ ਕੀਤਾ ਗਿਆ।

ਇਸ ਨਾਲ ਪੰਜਾਬ ਵਿੱਚ ਆਮ ਆਦਮੀ ਕਲੀਨਿਕਾਂ ਦੀ ਕੁੱਲ ਗਿਣਤੀ 1,244 ਹੋ ਗਈ ਹੈ। ਹੁਣ ਤੱਕ ਇਨ੍ਹਾਂ ਕਲੀਨਿਕਾਂ ਵਿੱਚ 6.5 ਕਰੋੜ ਤੋਂ ਵੱਧ ਓ.ਪੀ.ਡੀ. ਦਰਜ ਕੀਤੀ ਗਈ ਹੈ ਅਤੇ ਇਨ੍ਹਾਂ ਮਰੀਜ਼ਾਂ ਨੇ ਮੁਫ਼ਤ ਦਵਾਈਆਂ ਅਤੇ ਲੈਬ ਟੈਸਟਾਂ ਦੀ ਸਹੂਲਤ ਪ੍ਰਾਪਤ ਕੀਤੀ ਹੈ। ਸਾਡੀ ਸਰਕਾਰ ਦਾ ਮਿਸ਼ਨ ਲੋਕਾਂ ਤੋਂ ਜਿੱਤ ਜਾਂ ਹਾਰ ਦੇ ਨਾਅਰੇ ਲਵਾਉਣਾ ਨਹੀਂ, ਸਗੋਂ ਹਰ ਨਾਗਰਿਕ ਨੂੰ ਮਿਆਰੀ ਸਿਹਤ ਸੇਵਾਵਾਂ, ਸਿੱਖਿਆ ਅਤੇ ਰੋਜ਼ਗਾਰ ਯਕੀਨੀ ਬਣਾਉਣਾ ਹੈ। ਰਵਾਇਤੀ ਸਿਆਸੀ ਪਾਰਟੀਆਂ ਨੇ ਸਿਰਫ਼ ਪੰਜਾਬ ਨੂੰ ਲੁੱਟਿਆ ਹੈ। ਉਹ ਸਾਨੂੰ ਬਦਨਾਮ ਕਰਨ ਲਈ ਭਾਵੇਂ ਕਿੰਨੇ ਵੀ ਹੱਥਕੰਡੇ ਅਪਣਾ ਲੈਣ, ਪਰ ਜਦੋਂ ਤੱਕ ਮੇਰੇ ਕੋਲ ਲੋਕਾਂ ਦਾ ਪਿਆਰ ਅਤੇ ਵਿਸ਼ਵਾਸ ਹੈ, ਮੈਨੂੰ ਉਨ੍ਹਾਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ। ਇਨਕਲਾਬ ਜ਼ਿੰਦਾਬਾਦ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਅਸੀਂ ਪੰਜਾਬ ਦੇ ਲੋਕਾਂ ਨੂੰ 154 ਹੋਰ ਆਮ ਆਦਮੀ ਕਲੀਨਿਕ ਸਮਰਪਿਤ ਕੀਤੇ ਹਨ, ਜਿਸ ਨਾਲ ਇਨ੍ਹਾਂ ਕਲੀਨਿਕਾਂ ਦੀ ਕੁੱਲ ਗਿਣਤੀ 1,244 ਹੋ ਗਈ ਹੈ। ਨਵੇਂ ਸਮਰਪਿਤ ਕੀਤੇ ਗਏ ਕਲੀਨਿਕਾਂ ਵਿੱਚੋਂ 36 ਅੰਮ੍ਰਿਤਸਰ ਵਿੱਚ, 26 ਪਟਿਆਲਾ ਵਿੱਚ, 17 ਲੁਧਿਆਣਾ ਵਿੱਚ, 12 ਗੁਰਦਾਸਪੁਰ ਵਿੱਚ, 11 ਜਲੰਧਰ ਵਿੱਚ ਅਤੇ 10 ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਜ਼ਿਲ੍ਹੇ ਵਿੱਚ ਹਨ, ਇਸ ਤੋਂ ਇਲਾਵਾ ਬਾਕੀ ਜ਼ਿਲ੍ਹਿਆਂ ਵਿੱਚ ਵੀ ਕਲੀਨਿਕ ਸਥਾਪਤ ਕੀਤੇ ਗਏ ਹਨ। ਇਹ ਕਲੀਨਿਕ 107 ਦਵਾਈਆਂ ਅਤੇ 47 ਤਰ੍ਹਾਂ ਦੇ ਡਾਇਗਨੌਸਟਿਕ ਟੈਸਟ ਬਿਲਕੁਲ ਮੁਫ਼ਤ ਮੁਹੱਈਆ ਕਰਵਾਉਂਦੇ ਹਨ ਤਾਂ ਜੋ ਲੋਕਾਂ ਨੂੰ ਬਿਨਾਂ ਕਿਸੇ ਵਿੱਤੀ ਮੁਸ਼ਕਲ ਦੇ ਜ਼ਰੂਰੀ ਸਿਹਤ ਸੇਵਾਵਾਂ ਮਿਲ ਸਕਣ।

ਇਸ ਉਪਰਾਲੇ ਪ੍ਰਤੀ ਲੋਕਾਂ ਦੇ ਵਧ ਰਹੇ ਹੁੰਗਾਰੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਪੰਜਾਬ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ 1,090 ਆਮ ਆਦਮੀ ਕਲੀਨਿਕਾਂ ਨੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਲੋਕਾਂ ਦਾ ਵਿਸ਼ਵਾਸ ਵਧਾਇਆ ਹੈ। ਰੋਜ਼ਾਨਾ ਲਗਭਗ ਇਕ ਲੱਖ ਲੋਕ ਇਲਾਜ ਲਈ ਇਨ੍ਹਾਂ ਕਲੀਨਿਕਾਂ ਵਿੱਚ ਆਉਂਦੇ ਹਨ ਅਤੇ ਹੁਣ ਤੱਕ ਕੁੱਲ 6.48 ਕਰੋੜ ਲੋਕਾਂ ਦੀ ਓ.ਪੀ.ਡੀ. ਦਰਜ ਕੀਤੀ ਜਾ ਚੁੱਕੀ ਹੈ। ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਲੋਕਾਂ ਨੇ ਇਨ੍ਹਾਂ ਸਹੂਲਤਾਂ ਵਿੱਚ ਕਿੰਨਾ ਵੱਡਾ ਭਰੋਸਾ ਪ੍ਰਗਟਾਇਆ ਹੈ।

# ਸ਼੍ਰੀ ਕਾਲੀ ਮਾਤਾ ਮੰਦਰ ਦੇ ਨੇੜੇ ਇੱਕ ਵੱਡੇ ਪੰਡਾਲ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਸਮਾਰੋਹ ਆਯੋਜਿਤ

**ਪਟਿਆਲਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ 18 ਸਾਲਾਂ ਤੋਂ, ਸ਼ਿਵ ਸੈਨਾ ਹਿੰਦੁਸਤਾਨ ਦਾ ਧਾਰਮਿਕ ਵਿੰਗ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ, ਦੇਸ਼ ਭਰ ਦੇ ਮੰਦਰਾਂ ਵਿੱਚ ਸਨਾਤਨ ਹਿੰਦੂ ਧਰਮ ਦੇ ਪ੍ਰਚਾਰ ਦੀ ਸੇਵਾ ਵਿੱਚ ਲਗਾਤਾਰ ਜੁਟਿਆ ਹੋਇਆ ਹੈ। ਇਸ ਮੁਹਿੰਮ ਦੀ ਸ਼ੁਰੂਆਤ ਹਰ ਮੰਗਲਵਾਰ ਨੂੰ ਪੰਜਾਬ ਦੇ ਪਟਿਆਲਾ ਦੇ ਪ੍ਰਸਿੱਧ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਪਾਠ ਨਾਲ ਕੀਤੀ ਗਈ ਸੀ। ਅੱਜ, ਦੇਸ਼ ਭਰ ਦੇ ਕਈ ਰਾਜਾਂ ਵਿੱਚ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੀਆਂ ਸ਼ਾਖਾਵਾਂ ਸਥਾਪਿਤ ਕੀਤੀਆਂ ਗਈਆਂ ਹਨ। ਸਨਾਤਨ ਹਿੰਦੂ ਧਰਮ ਦਾ ਪ੍ਰਚਾਰ ਕਰਨ ਲਈ ਹਜ਼ਾਰਾਂ ਜਾਗਰੂਕ ਹਿੰਦੂ, ਨੌਜਵਾਨ ਅਤੇ ਬਜ਼ੁਰਗ, ਇਸ ਮੁਹਿੰਮ ਵਿੱਚ ਸ਼ਾਮਲ ਹੋਏ ਹਨ। ਇਸ ਲੜੀ ਦੇ ਹਿੱਸੇ ਵਜੋਂ, ਨਵਰਾਤਰੀ ਦੇ ਤੀਜੇ ਦਿਨ ਸ਼੍ਰੀ ਕਾਲੀ ਮਾਤਾ ਮੰਦਰ ਦੇ ਨੇੜੇ ਇੱਕ ਵੱਡੇ ਪੰਡਾਲ ਵਿੱਚ ਸ਼੍ਰੀ ਹਨੂੰਮਾਨ ਚਾਲੀਸਾ ਦਾ ਪਾਠ ਸਮਾਰੋਹ ਆਯੋਜਿਤ



ਕੀਤਾ ਗਿਆ। ਇਹ ਸਮਾਗਮ ਸ਼੍ਰੀ ਕਾਲੀ ਮਾਤਾ ਮੰਦਰ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਇਸ ਸਾਲ, ਸ਼੍ਰੀ ਹਨੂੰਮਾਨ ਚਾਲੀਸਾ ਜੀ ਦਾ ਪਾਠ ਦੁਪਹਿਰ 12:00 ਵਜੇ ਸ਼ੁਰੂ ਹੋਇਆ। ਮਹੰਤ ਸ਼੍ਰੀ ਰਾਕੇਸ਼ ਕੁਮਾਰ ਜੀ ਨੇ ਭਜਨਾਂ ਨਾਲ ਸ਼ੁਰੂਆਤ ਕੀਤੀ, ਜਿਸ ਤੋਂ ਬਾਅਦ ਪ੍ਰਸਿੱਧ ਭਜਨ ਗਾਇਕਾਵਾਂ ਸ਼੍ਰੀਮਤੀ ਬੀਨਾ ਬਾਂਸਲ ਜੀ, ਸ਼੍ਰੀਮਤੀ ਕਮਲਾ ਬਜਾਜ ਜੀ, ਸ਼੍ਰੀਮਤੀ ਪੂਨਮ ਵਰਮਾ ਜੀ ਨੇ ਆਪਣੇ- ਆਪਣੇ ਸਮੇਂ ਵਿੱਚ ਭਗਵਾਨ ਸ਼੍ਰੀ ਰਾਮ ਜੀ ਦੇ ਪਰਮ ਭਗਤ ਸ਼੍ਰੀ ਹਨੂੰਮਾਨ ਜੀ ਦੇ ਸੁੰਦਰ ਅਤੇ ਸ਼ਰਧਾਲੂ ਭਜਨ ਗਾਏ। ਸ਼੍ਰੀ ਹਨੂਮਾਨ ਚਾਲੀਸਾ ਜੀ ਦੇ ਇਸ ਵਿਸ਼ੇਸ਼ ਸਮਾਗਮ ਵਿੱਚ, ਨਵਰਾਤਰੀ ਦੇ ਸ਼ੁਭ ਮੌਕੇ 'ਤੇ ਸ਼੍ਰੀ ਕਾਲੀ ਮਾਤਾ ਮੰਦਰ ਵਿੱਚ ਮੱਥਾ ਟੇਕਣ ਲਈ ਆਏ ਸ਼ਰਧਾਲੂਆਂ ਦੀ ਵੱਡੀ ਗਿਣਤੀ ਨੇ ਸ਼੍ਰੀ ਹਨੂੰਮਾਨ ਜੀ ਦੇ ਪਾਠ ਲਈ ਪੰਡਾਲ ਵਿੱਚ ਆਪਣੀ ਹਾਜ਼ਰੀ ਲਗਾਈ।

# ਮੈਡ ਸੰਧੂ ਦੇ ਕਤਲ ਮਾਮਲੇ 'ਚ ਵੱਡੀ ਕਾਰਵਾਈ: ਮੁੱਖ ਮੁਲਜ਼ਮ ਗ੍ਰਿਫ਼ਤਾਰ

**ਜਲੰਧਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਇਨਫਲੂਐਂਸਰ ਅਤੇ ਮੇਕਅੱਪ ਆਰਟਿਸਟ ਮੈਡ ਸੰਧੂ ਦੇ ਕਤਲ ਮਾਮਲੇ ਵਿੱਚ ਪੰਜਾਬ ਪੁਲਿਸ ਨੂੰ ਅਹਿਮ ਸਫ਼ਲਤਾ ਮਿਲੀ ਹੈ। ਪੁਲਿਸ ਨੇ ਇਸ ਮਾਮਲੇ ਦੇ ਮੁੱਖ ਮੁਲਜ਼ਮ ਜੋਬਨਪ੍ਰੀਤ ਨੂੰ ਮੁੰਬਈ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਇਹ ਕਾਰਵਾਈ ਜਲੰਧਰ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਮੁੰਬਈ ਐਂਟੀ ਟੈਰਰਿਜ਼ਮ ਸਕੁਐਡ (ਏ.ਟੀ.ਐੱਸ.) ਦੇ ਸਹਿਯੋਗ ਨਾਲ ਕੀਤੀ। ਗ੍ਰਿਫ਼ਤਾਰੀ ਦੌਰਾਨ ਮੁਲਜ਼ਮ ਕੋਲੋਂ ਤਿੰਨ ਪਿਸਤੌਲ, ਪੰਜ ਮੈਗਜ਼ੀਨ ਅਤੇ 11 ਕਾਰਤੂਸ ਬਰਾਮਦ ਕੀਤੇ ਗਏ ਹਨ।

ਪੰਜਾਬ ਦੇ ਪੁਲਿਸ ਮੁਖੀ ਡੀ.ਜੀ.ਪੀ. ਗੌਰਵ ਯਾਦਵ ਨੇ ਸੋਸ਼ਲ ਮੀਡੀਆ 'ਤੇ ਪੋਸਟ ਸਾਂਝੀ ਕਰਦਿਆਂ ਇਸ ਕਾਰਵਾਈ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਬੈਠੇ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਿਹਾ ਸੀ। ਉਸ 'ਤੇ ਸ਼ੂਟਰਾਂ ਨੂੰ ਹਥਿਆਰ ਮੁਹੱਈਆ ਕਰਵਾਉਣ, ਅਪਰਾਧਿਕ ਗਤੀਵਿਧੀਆਂ ਲਈ ਫੰਡਿੰਗ ਦਾ ਪ੍ਰਬੰਧ ਕਰਨ ਅਤੇ ਹੋਰ ਲੋੜੀਂਦੀ ਸਹਾਇਤਾ ਦੇਣ ਵਿੱਚ ਭੂਮਿਕਾ ਨਿਭਾਉਣ ਦਾ ਦੋਸ਼ ਹੈ।

ਜ਼ਿਕਰਯੋਗ ਹੈ ਕਿ ਮੈਡ ਸੰਧੂ ਦਾ 3 ਅਕਤੂਬਰ ਨੂੰ ਅੰਮ੍ਰਿਤਸਰ ਵਿੱਚ ਕਤਲ ਕਰ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਉਹ ਲੋਹਾਰਕਾ ਰੋਡ ਸਥਿਤ ਇੱਕ ਕਾਰ ਵਾਸ਼ਿੰਗ ਸੈਂਟਰ ਤੋਂ ਆਪਣੀ ਗੱਡੀ ਲੈਣ ਗਿਆ ਸੀ। ਇਸ ਦੌਰਾਨ ਮੋਟਰਸਾਈਕਲ ਸਵਾਰ ਦੋ ਹਮਲਾਵਰਾਂ ਨੇ ਉਸ ਦੀ ਛਾਤੀ ਵਿੱਚ ਨੇੜਿਓਂ ਗੋਲੀ ਮਾਰ ਦਿੱਤੀ। ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਮੈਡ ਸੰਧੂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ, ਪਰ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ। ਪੁਲਿਸ ਜਾਂਚ ਵਿੱਚ ਜੋਬਨਪ੍ਰੀਤ ਦੀ ਤਰਨਤਾਰਨ ਜ਼ਿਲ੍ਹੇ ਵਿੱਚ ਫਿਰੌਤੀ ਦੀ ਮੰਗ ਨਾਲ ਸਬੰਧਤ ਗੋਲੀਬਾਰੀ ਦੀਆਂ ਤਿੰਨ ਵੱਖ-ਵੱਖ ਘਟਨਾਵਾਂ ਵਿੱਚ ਕਥਿਤ ਸ਼ਮੂਲੀਅਤ ਵੀ ਸਾਹਮਣੇ ਆਈ ਹੈ। ਪੁਲਿਸ ਇਨ੍ਹਾਂ ਮਾਮਲਿਆਂ ਵਿੱਚ ਉਸ ਦੀ ਭੂਮਿਕਾ ਦੀ ਹੋਰ ਜਾਂਚ ਕਰ ਰਹੀ ਹੈ।

# ਬਦਨਾਮ ਨਸ਼ਾ ਤਸਕਰ ਪਤੀ ਪਤਨੀ ਅੱਧਾ ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ

**ਸ੍ਰੀ ਗੋਇੰਦਵਾਲ ਸਾਹਿਬ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਗੋਇੰਦਵਾਲ ਸਾਹਿਬ ਦੇ ਅਧੀਨ ਆਉਂਦੇ ਪਿੰਡ ਧੂੰਦਾ ਦੇ ਨਾਮੀ ਨਸ਼ਾ ਤਸਕਰ ਪਤੀ ਪਤਨੀ ਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਬੀਤੇ ਦਿਨ ਦੇਰ ਸ਼ਾਮ ਐਂਟੀ ਨਾਰਕੋਟਿਕ ਟਾਕਸ ਫੋਰਸ ਜਲੰਧਰ 1 ਦੀ ਟੀਮ ਨੇ ਹੈਰੋਇਨ ਦੀ ਕਮਰਸ਼ੀਅਲ ਮਿਕਦਾਰ ਨਾਲ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੋਨਾਂ ਬਦਨਾਮ ਨਸ਼ਾ ਤਸਕਰਾਂ ਦੀ ਭਾਰੀ ਬਰਾਦਗੀ ਨਾਲ ਹੋਈ ਗ੍ਰਿਫ਼ਤਾਰੀ ਦੀ ਇਲਾਕੇ ਭਰ ਵਿੱਚ ਚਰਚਾ ਬਣੀ ਹੋਈ ਹੈ।

ਉੱਥੇ ਹੀ ਜਲੰਧਰ ਐਂਟੀ ਨਾਰਕੋਟਿਕ ਟਾਕਸ ਫੋਰਸ ਵੱਲੋਂ ਗੋਇੰਦਵਾਲ ਸਾਹਿਬ ਦੇ ਖੇਤਰ ਵਿੱਚ ਕੀਤੀ ਗਈ ਹੈਰੋਇਨ ਦੀ ਵੱਡੀ ਬਰਾਦਗੀ ਨੇ ਸਥਾਨਕ ਪੁਲੀਸ ਦੀ ਨਸ਼ਿਆ ਪ੍ਰਤੀ ਕਾਰਗੁਜ਼ਾਰੀ ਤੇ ਸਵਾਲ ਖੜ੍ਹੇ ਕੀਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਐਂਟੀ ਨਾਰਕੋਟਿਕ ਟਾਕਸ ਫੋਰਸ ਨੂੰ ਥਾਣਾ ਗੋਇੰਦਵਾਲ ਸਾਹਿਬ ਤੋਂ ਮਹਿਜ ਢਾਈ ਸੌ ਮੀਟਰ ਦੂਰੀ ਤੇ ਪਿੰਡ ਖੱਖ ਜੇਲ੍ਹ ਦੇ ਪਿੱਛਲੇ ਪਾਸੇ ਪਿੰਡ ਧੂੰਦਾ ਨਜ਼ਦੀਕ ਇਕ ਸਵਿਫਟ ਕਾਰ ਵਿੱਚ ਹੈਰੋਇਨ ਲੈਕੇ ਆ ਰਹੇ ਪਤੀ ਪਤਨੀ ਦੀ ਗੁਪਤ ਸੂਚਨਾ ਮਿਲੀ ਜਿਸ ਤੇ ਕਾਰਵਾਈ ਕਰਦਿਆ ANTF ਨੇ ਨਾਕਾਬੰਦੀ ਕਰਦੇ ਹੋਏ ਉਕਤ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ।

ਇਸ ਦੌਰਾਨ ਕਾਰ ਸਵਾਰ ਪਤੀ ਪਤਨੀ ਕੋਲੋਂ ਤਲਾਸ਼ੀ ਦੌਰਾਨ 501 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਜਿੰਨ੍ਹਾ ਦੀ ਸਵਿਫਟ ਕਾਰ ਨੰਬਰ ਐਚਆਰ 08 ਯੂ 0467 ਵੀ ਕਬਜ਼ੇ ਵਿੱਚ ਲਈ ਗਈ ਹੈ। ਉਕਤ ਪਤੀ ਪਤਨੀ ਦੀ ਪਛਾਣ ਗੁਰਵਿੰਦਰ ਸਿੰਘ ਗਿੰਦਾ, ਬਲਵਿੰਦਰ ਕੌਰ ਪਤਨੀ ਗੁਰਵਿੰਦਰ ਸਿੰਘ ਵਾਸੀ ਧੂੰਦਾ ਵਜੋਂ ਹੋਈ ਹੈ।

ਜ਼ਿਕਰਯੋਗ ਹੈ ਕਿ ਹੈਰੋਇਨ ਸਮੇਤ ਗ੍ਰਿਫ਼ਤਾਰ ਪਤੀ ਪਤਨੀ ਪਿੱਛਲੇ ਲੰਮੇ ਸਮੇਂ ਤੋਂ ਨਸ਼ਾ ਤਸਕਰੀ ਦੇ ਧੰਦੇ ਨਾਲ ਜੁੜੇ ਸਨ ਜਿੰਨ੍ਹਾ ਤੇ ਪਹਿਲਾ ਵੀ ਮਾਮਲੇ ਦਰਜ ਹਨ।

ਡੀਐੱਸਪੀ ਹਰਿੰਦਰ ਸਿੰਘ ਨੇ ਪੁਸ਼ਟੀ ਕਰਦਿਆ ਆਖਿਆ ਕਿ ਐਂਟੀ ਨਾਰਕੋਟਿਕ ਟਾਕਸ ਫੋਰਸ ਦੀ ਟੀਮ ਵੱਲੋਂ ਗੁਪਤ ਸੂਚਨਾ ਦੇ ਆਧਾਰ ਤੇ ਕਾਰਵਾਈ ਕੀਤੀ ਗਈ ਹੈ ਜਿਸ ਸਬੰਧੀ ਜਲੰਧਰ ਵਿਖੇ ਐਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪਰਵਿੰਦਰ ਝੋਟਾ ਦੇ ਪਿਤਾ ਦੇ ਬਿਆਨਾਂ 'ਤੇ ਐੱਫ ਆਈ ਆਰ ਦਰਜ; ਦੋ ਗ੍ਰਿਫ਼ਤਾਰ

**ਮਾਨਸਾ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਸਾ ਸਿਟੀ-2 ਪੁਲੀਸ ਨੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ, ਜਿਸ ਦਾ ਮੰਗਲਵਾਰ ਨੂੰ ਮਾਨਸਾ ਵਿੱਚ ਇੱਕ ਕੈਮਿਸਟ ਦੀ ਦੁਕਾਨ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਦੇ ਪਿਤਾ ਸਾਬਕਾ ਫੌਜੀ ਭੀਮ ਸਿੰਘ ਦੇ ਬਿਆਨਾਂ 'ਤੇ ਬੁੱਧਵਾਰ ਨੂੰ ਐੱਫ.ਆਈ.ਆਰ. ਦਰਜ ਕੀਤੀ ਹੈ।

ਐੱਫ.ਆਈ.ਆਰ. ਅਨੁਸਾਰ ਦੁਕਾਨ ਦੇ ਮਾਲਕ ਅਸ਼ਵਨੀ ਕੁਮਾਰ, ਉਸ ਦੇ ਦੋ ਸਾਥੀਆਂ ਅਤੇ ਘਟਨਾ ਵੇਲੇ ਫੋਨ 'ਤੇ ਗੱਲ ਕਰ ਰਹੇ ਇੱਕ ਵਿਅਕਤੀ ਨੇ ਕਥਿਤ ਤੌਰ 'ਤੇ ਝੋਟਾ ਦੇ ਕਤਲ ਦੀ ਸਾਜ਼ਿਸ਼ ਰਚੀ ਸੀ। ਆਪਣੀ ਸ਼ਿਕਾਇਤ ਵਿੱਚ ਭੀਮ ਸਿੰਘ



ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਇੱਕ ਨਸ਼ਾ ਵਿਰੋਧੀ ਯੋਧਾ ਸੀ, ਜਿਸ ਨੇ ਕੁੱਝ ਸਿਆਸਤਦਾਨਾਂ ਅਤੇ ਸਰਕਾਰੀ ਅਧਿਕਾਰੀਆਂ ਦੀ ਨਰਾਜ਼ਗੀ ਖੱਟੀ ਸੀ।

ਭੀਮ ਸਿੰਘ ਨੇ ਦਾਅਵਾ ਕੀਤਾ ਕਿ ਮੰਗਲਵਾਰ ਨੂੰ ਜਦੋਂ ਉਨ੍ਹਾਂ ਨੇ ਗੋਲੀਆਂ ਚੱਲਣ ਦੀ ਘਟਨਾ ਸੁਣੀ ਤਾਂ ਉਹ ਜ਼ਿਲ੍ਹਾ ਅਦਾਲਤਾਂ ਵਿੱਚ ਸਨ ਅਤੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਝੋਟਾ ਨੂੰ ਗੋਲੀ ਲੱਗ ਗਈ ਹੈ। ਉਨ੍ਹਾਂ ਪੁਲੀਸ ਕੋਲ ਦਰਜ ਸ਼ਿਕਾਇਤ ਵਿੱਚ ਦੋਸ਼ ਲਾਇਆ, ÷ਮੈਂ ਆਪਣੇ ਪੁੱਤਰ ਨੂੰ ਖ਼ੂਨ ਨਾਲ ਲੱਥਪਥ, ਜੁੱਤੀਆਂ ਦੀ ਇੱਕ ਦੁਕਾਨ ਵੱਲ ਜਾਂਦਿਆਂ ਦੇਖਿਆ। ਅਸ਼ਵਨੀ ਦੇ ਹੱਥ ਵਿੱਚ ਪਿਸਤੌਲ ਸੀ ਅਤੇ ਕੁੱਝ ਹੋਰ ਵਿਅਕਤੀ ਉਸ ਦੇ ਨਾਲ ਸਨ। ਅਸ਼ਵਨੀ ਨੇ ਮੇਰੇ ਸਾਹਮਣੇ ਮੇਰੇ ਪੁੱਤਰ 'ਤੇ ਗੋਲੀਆਂ ਚਲਾ ਦਿੱਤੀਆਂ।

ਉਨ੍ਹਾਂ ਅੱਗੇ ਦੋਸ਼ ਲਾਇਆ ਕਿ ਫਾਇਰਿੰਗ ਦੌਰਾਨ ਕੁਲਵਿੰਦਰ ਸਿੰਘ ਸੁੱਖੀ ਅਤੇ ਕੁੱਝ ਰਾਹਗੀਰ ਵੀ ਜ਼ਖ਼ਮੀ ਹੋ ਗਏ। ਉਨ੍ਹਾਂ ਦਾਅਵਾ ਕੀਤਾ ਕਿ ਝੋਟਾ ਦੇ ਨਾਲ ਮੌਜੂਦ ਭੁਪਿੰਦਰਪਾਲ ਸਿੰਘ ਰੂਬੀ ਨੇ ਇਸ ਪੂਰੀ ਘਟਨਾ ਨੂੰ ਦੇਖਿਆ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਬੰਦ ਦੇ ਸਮਰਥਨ ਵਿੱਚ ਦਫ਼ਤਰ ਅਤੇ ਸਮੂਹ ਅਦਾਰੇ ਬੰਦ ਰੱਖਣ ਐਲਾਨ

## ਸ਼ਰੇਆਮ ਵਿਕਰੀ ਸਬੰਧੀ ਸਾਹਮਣੇ ਆਈਆਂ ਗੱਲਾਂ ਨੇ ਸਰਕਾਰ ਦੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਦਾਅਵਿਆਂ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ: ਧਾਮੀ

**ਅੰਮ੍ਰਿਤਸਰ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ੇ ਵੇਚਣ ਵਾਲਿਆਂ ਦਾ ਵਿਰੋਧ ਕਰਨ ਵਾਲੇ ਸਿੱਖ ਪਰਵਿੰਦਰ ਸਿੰਘ ਦੇ ਕਤਲ ਦੇ ਵਿਰੋਧ ਵਿਚ 15 ਅਕਤੂਬਰ ਨੂੰ ਪੰਜਾਬ ਬੰਦ ਦੇ ਸੱਦੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਮਰਥਨ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧ ਵਿੱਚ ਭਲਕੇ 15 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਸਮੁੱਚੇ ਅਦਾਰੇ ਬੰਦ ਰੱਖੇ ਜਾਣਗੇ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਸੰਘਰਸ਼ ਕਰ ਰਹੇ ਲੋਕਾਂ ਨਾਲ ਸ਼੍ਰੋਮਣੀ ਕਮੇਟੀ ਡੱਟ ਕੇ ਖੜ੍ਹੀ ਹੈ ਅਤੇ ਪਰਵਿੰਦਰ ਸਿੰਘ ਦੇ ਪਰਿਵਾਰ ਲਈ ਹਰ ਸੰਭਵ ਸਹਿਯੋਗ ਦੇਣ ਲਈ ਵੀ ਵਚਨਬੱਧ ਹੈ। ਉਨ੍ਹਾਂ



ਕਿਹਾ ਕਿ ਇਸ ਸਿੱਖ ਨੌਜਵਾਨ ਦੇ ਬੇਰਿਹਮੀ ਨਾਲ ਕੀਤੇ ਗਏ ਕਤਲ ਦੇ ਵਿਰੋਧ ਵਜੋਂ ਭਲਕੇ 15 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਸਾਰੇ ਅਦਾਰੇ ਬੰਦ ਰੱਖੇ ਜਾਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਨਸ਼ਿਆਂ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਰੋਜ਼ਾਨਾ ਸੈਂਕੜੇ ਨੌਜੁਆਨ ਇਸ ਦਾ ਸ਼ਿਕਾਰ ਹੋ ਰਹੇ ਹਨ ਅਤੇ ਅਨੇਕਾਂ ਘਰ ਉੱਜੜ ਰਹੇ ਹਨ। ਉਨ੍ਹਾਂ ਕਿਹਾ ਕਿ ਮੀਰੀ ਪੀਰੀ ਖਾਲਸਾ ਮਾਰਚ ਦੌਰਾਨ ਸੰਗਤਾਂ ਨਾਲ ਸੰਵਾਦ ਸਮੇਂ ਵੱਖ-ਵੱਖ ਪਿੰਡਾਂ ਵਿਚ ਨਸ਼ਿਆਂ ਦੀ ਸ਼ਰੇਆਮ ਵਿਕਰੀ ਸਬੰਧੀ ਸਾਹਮਣੇ ਆਈਆਂ ਗੱਲਾਂ ਨੇ ਸਰਕਾਰ ਦੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਦਾਅਵਿਆਂ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ।

ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਨਸ਼ਿਆਂ ਦੇ ਕਾਰੋਬਾਰ ਵਿਰੁੱਧ ਸੰਘਰਸ਼ ਕਰਨ ਵਾਲਿਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਨਸ਼ਿਆਂ ਦੇ ਖ਼ਾਤਮੇ ਲਈ ਸਿਰਫ਼ ਐਲਾਨ ਕਰਨ ਦੀ ਬਜਾਏ ਠੋਸ ਅਤੇ ਪ੍ਰਭਾਵਸ਼ਾਲੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਇਕਜੁੱਟ ਹੋ ਕੇ ਅਵਾਜ਼ ਬੁਲੰਦ ਕਰਨ ਅਤੇ ਪੰਜਾਬ ਦੀ ਨੌਜੁਆਨ ਪੀੜ੍ਹੀ ਦੇ ਭਵਿੱਖ ਦੀ ਰਾਖੀ ਲਈ ਆਪਣੀ ਜ਼ੁੰਮੇਵਾਰੀ ਨਿਭਾਉਣ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ, ਪ੍ਰੀਤਪਾਲ ਸਿੰਘ, ਤੇਜਿੰਦਰ ਸਿੰਘ ਪੱਡਾ, ਮੀਤ ਸਕੱਤਰ ਗੁਰਦਿਆਲ ਸਿੰਘ, ਮਨਜੀਤ ਸਿੰਘ ਤਲਵੰਡੀ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਸ. ਗੁਰਮੀਤ ਸਿੰਘ ਮੁਕਤਸਰੀ, ਅਜ਼ਾਦ ਦੀਪ ਸਿੰਘ, ਸਤਨਾਮ ਸਿੰਘ ਰਿਆੜ, ਸੁਪਰਡੈਂਟ ਨਿਸ਼ਾਨ ਸਿੰਘ ਤੇ ਹੋਰ ਮੌਜੂਦ ਸਨ।

# ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ: 4,500 ਸਕੂਲਾਂ ਦੇ 5.5 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਸਕੂਲ ਪੱਧਰੀ ਮੁਕਾਬਲਿਆਂ 'ਚ ਲਿਆ ਹਿੱਸਾ: ਸੌਂਦ

**ਚੰਡੀਗੜ੍ਹ, 15 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਲੜੀ ਤਹਿਤ ਕਰਵਾਏ ਜਾ ਰਹੇ ਸਕੂਲ ਪੱਧਰੀ ਮੁਕਾਬਲਿਆਂ ਵਿੱਚ ਸੂਬੇ ਭਰ ਦੇ ਕਰੀਬ 4,500 ਸਕੂਲਾਂ ਦੇ 5,52,677 ਵਿਦਿਆਰਥੀਆਂ ਨੇ ਭਾਗ ਲਿਆ ਹੈ। ਮਈ ਤੋਂ ਅਕਤੂਬਰ 2026 ਤੱਕ ਚੱਲਣ ਵਾਲੇ ਇਨ੍ਹਾਂ ਮੁਕਾਬਲਿਆਂ ਵਿੱਚ ਪ੍ਰਸ਼ਨੋਤਰੀ, ਚਿੱਤਰਕਾਰੀ, ਲੇਖ ਰਚਨਾ ਅਤੇ ਭਾਸ਼ਣ ਮੁਕਾਬਲੇ ਸ਼ਾਮਲ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਮਹਾਨ ਗੁਰੂ ਜੀ ਵੱਲੋਂ ਦਿੱਤੇ ਬਰਾਬਰੀ, ਸਮਾਜਿਕ ਸਦਭਾਵਨਾ ਅਤੇ ਨਿਆਂ ਦੇ ਸੰਦੇਸ਼ ਨਾਲ ਜੋੜਨਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਇਨ੍ਹਾਂ ਸਕੂਲ ਪੱਧਰੀ ਮੁਕਾਬਲਿਆਂ ਦਾ ਉਦੇਸ਼ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਸਿੱਖਿਆਵਾਂ ਅਤੇ ਫ਼ਲਸਫ਼ੇ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਬਰਾਬਰੀ, ਸਮਾਜਿਕ ਸਦਭਾਵਨਾ, ਆਪਸੀ ਭਾਈਚਾਰਕ ਸਾਂਝ ਅਤੇ ਨਿਆਂ ਦੇ ਆਦਰਸ਼ਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ। ਮੰਤਰੀ ਨੇ ਦੱਸਿਆ ਕਿ ਵਿਦਿਆਰਥੀਆਂ ਲਈ ਆਨਲਾਈਨ ਤੇ ਆਫ਼ਲਾਈਨ ਪ੍ਰਸ਼ਨੋਤਰੀ, ਚਿੱਤਰਕਾਰੀ, ਲੇਖ ਰਚਨਾ ਅਤੇ ਵਿਚਾਰ-ਚਰਚਾ ਸਮੇਤ ਵੱਖ-ਵੱਖ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਅਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਦਾ ਪ੍ਰਣ ਲੈਣਾ ਵੀ ਇਨ੍ਹਾਂ ਗਤੀਵਿਧੀਆਂ ਦਾ ਅਹਿਮ ਹਿੱਸਾ ਹੈ। ਸੌਂਦ ਨੇ ਆਖਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਖ਼ਾਸ ਕਰਕੇ ਉਨ੍ਹਾਂ ਵੱਲੋਂ ਬਰਾਬਰੀ, ਮਨੁੱਖੀ ਸਵੈ-ਮਾਣ ਅਤੇ ਸਮਾਜਿਕ ਵਿਤਕਰੇ ਦੇ ਖ਼ਾਤਮੇ ਦਾ ਦਿੱਤਾ ਸੁਨੇਹਾ, ਅਜੋਕੇ ਸਮਾਜ ਵਿੱਚ ਵੀ ਪੂਰੀ ਤਰ੍ਹਾਂ ਸਾਰਥਕ ਹਨ। ਇਨ੍ਹਾਂ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੂੰ ਇਨ੍ਹਾਂ ਸਰਬਵਿਆਪੀ ਕਦਰਾਂ-ਕੀਮਤਾਂ ਨੂੰ ਸਮਝਣ, ਆਪਣੇ ਜੀਵਨ ਵਿੱਚ ਅਪਣਾਉਣ ਅਤੇ ਇੱਕ ਸਮਾਵੇਸ਼ੀ ਤੇ ਸੁਖਾਵੇਂ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ 5.5 ਲੱਖ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਇਸ ਸਕੂਲ ਪੱਧਰੀ ਪਹਿਲਕਦਮੀ ਦੀ ਵਿਆਪਕ ਪਹੁੰਚ ਨੂੰ ਦਰਸਾਉਂਦੀ ਹੈ। ਇਹ ਪ੍ਰੋਗਰਾਮ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਅਮੀਰ ਅਧਿਆਤਮਕ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਨੂੰ ਗਿਆਨ, ਸਿਰਜਣਾਤਮਕਤਾ ਅਤੇ ਉਸਾਰੂ ਸੰਵਾਦ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਪ੍ਰਤੀ ਆਪਣੀ ਸੋਚ ਨੂੰ ਪ੍ਰਗਟ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

# ਨਾਰੀ ਸੰਸਾਰ

## ਤੁਹਾਡੀ ਰਸੋਈ

### ਪਨੀਰ ਕੋਲਹਾਪੁਰੀ



ਪਨੀਰ ਖਾਣ ਦੇ ਸੌਕੀਨ ਹੋ ਤਾਂ ਸਾਰੇ ਹੁੰਦੇ ਹਨ ਪਰ ਘਰ ਵਿੱਚ ਮਹਿਮਾਨ ਵੀ ਆਉਣੇ ਹੋਣ ਤਾਂ ਪਨੀਰ ਦੀ ਸਬਜ਼ੀ ਜ਼ਰੂਰ ਬਣਾਈ ਜਾਂਦੀ ਹੈ ਤਾਂ ਕਿਉਂ ਨਾ ਇਸ ਡਿਨਰ ਵਿੱਚ ਪਨੀਰ ਕੋਲਹਾਪੁਰੀ ਖਾਦਾ ਜਾਵੇ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ

ਸਮੱਗਰੀ
- 1 ਚਮਚ ਤਿਲ
- 1 ਚਮਚ ਖਸਖਸ
- 1/ 2 ਚਮਚ ਜੀਰਾ
- 1 ਚਮਚ ਧਨੀਏ ਦੇ ਬੀਜ
- 3 ਲੌਂਗ
- 1 ਇਲਾਇਚੀ
- 1/4 ਚਮਚ ਕਾਲੀ ਮਿਰਚ
- 1 ਚੱਕਰ ਫ਼ੁੱਲ
- 3 ਲਾਲ ਮਿਰਚ (ਸੁੱਕੀ ਹੋਈ)
- 2 ਵੱਡੇ ਚਮਚ ਡ੍ਰਾਈ ਨਾਰੀਅਲ(ਪਿਸਿਆ ਹੋਇਆ)
- 3 ਵੱਡੇ ਚਮਚ ਤੇਲ
- 9 ਕਿਊਬ ਪਨੀਰ
- 1ਤੇਜ ਪੱਤਾ
- 1 ਪਿਆਜ
- 1 ਚਮਚ ਅਦਰਕ ਅਤੇ ਲਸਣ ਦੀ ਪੇਸਟ
- 3 ਟਮਾਟਰ (ਕੱਟੇ ਹੋਏ)

ਬਣਾਉਣ ਦੀ ਵਿਧੀ

1. ਕੜਾਈ ਵਿੱਚ ਤਿਲ, ਖਸਖਸ, ਜੀਰਾ, ਸੁੱਕਾ ਧਨੀਆ ਅਤੇ ਲੌਂਗ, ਦਾਲਚੀਨੀ ਪਾ ਕੇ ਇਲਾਇਚੀ, ਕਾਲੀ ਮਿਰਚ, ਚੱਕਰ ਫ਼ੁੱਲ ਪਾ ਕੇ ਚੰਗੀ ਤਰ੍ਹਾਂ ਨਾਲ ਸੇਕ ਲਗਾ ਲਓ। ਬਣ ਕੇ ਤਿਆਰ ਹੈ ਤੁਹਾਡਾ ਕੋਲਹਾਪੁਰੀ ਮਸਾਲਾ
2. ਫ਼ਿਰ ਦੂਜੀ ਕੜਾਈ ਵਿੱਚ ਤੇਲ ਪਾ ਕੇ ਗੈਸ 'ਤੇ ਰੱਖ ਦਿਓ। ਇਸ ਨੂੰ ਟੁੱਕੜਿਆਂ ਵਿੱਚ ਕੱਟ ਕੇ ਪਨੀਰ ਪਾ ਕੇ ਹਲਕਾ ਬ੍ਰਾਊਨ ਕਰ ਲਓ। ਇਸ ਤੋਂ ਬਾਅਦ ਪਨੀਰ 1 ਕੱਢ ਕੇ ਭਾਂਡੇ ਵਿੱਚ ਰੱਖ ਲਓ।
3. ਫ਼ਿਰ ਉਸੇ ਤੇਲ ਵਿੱਚ ਤੇਜਪੱਤਾ ਪਾ ਕੇ ਚੰਗੀ ਤਰ੍ਹਾਂ ਪਕਾਓ। ਫ਼ਿਰ ਉਸ ਵਿੱਚ ਪਿਆਜ, ਅਦਰਕ ਅਤੇ ਲਸਣ ਦੀ ਪੇਸਟ ਅਤੇ ਟਮਾਟਰ ਪਾ ਕੇ ਕੜਾਈ ਨੂੰ ਕਵਰ ਕਰ ਦਿਓ।
4. 10 ਮਿੰਟ ਬਾਅਦ ਢੱਕਣ ਨੂੰ ਉਤਾਰ ਦਿਓ ਅਤੇ ਟਮਾਟਰ ਨੂੰ ਚੰਗੀ ਤਰ੍ਹਾਂ ਨਾਲ ਮੈਸ਼ ਕਰ ਦਿਓ। ਪਹਿਲਾਂ ਤਿਆਰ ਕੀਤੇ ਹੋਏ ਕੋਲਹਾਪੁਰੀ ਮਸਾਲਾ ਪਾ ਕੇ ਮਿਕਸ ਕਰ ਲਓ। ਫ਼ਿਰ ਇਸ ਪੇਸਟ ਵਿੱਚ ਹਲਦੀ ਅਤੇ ਨਮਕ ਮਿਲਾਓ।
5. ਇਸ ਤੋਂ ਬਾਅਦ ਇਸ ਵਿੱਚ 1 ਕੱਪ ਪਾਣੀ ਪਾਓ ਅਤੇ ਗ੍ਰੇਵੀ ਤਿਆਰ ਕਰ ਲਓ ਫ਼ਿਰ ਇਸ ਵਿੱਚ ਫ਼੍ਰਾਈ ਪਨੀਰ ਪਾਓ। ਢੱਕਣ ਨਾਲ 5 ਮਿੰਟ ਤੱਕ ਢੱਕ ਕੇ ਰੱਖ ਦਿਓ। ਫ਼ਿਰ ਇਸ ਵਿੱਚ 1 ਚਮਚ ਸੁੱਕੀ ਮੇਥੀ ਦੇ ਪੱਤਿਆਂ ਨੂੰ ਪੀਸ ਕੇ ਮਿਕਸ ਕਰ ਲਓ।
6. ਫ਼ਿਰ ਗਰਮਾ-ਗਰਮ ਸਰਵ ਕਰੋ।

### ਆਲੂ ਚਾਟ



ਚਟਪਟੀ ਚੀਜ਼ਾਂ ਦੇ ਨਾਂ ਸੁਣਦੇ ਹੀ ਲੋਕਾਂ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਹੈ ਚਾਹੇ ਫ਼ਿਰ ਉਹ ਚਟਪਟੀ ਚਾਟ ਹੋਵੇ ਜਾਂ ਕੁਝ ਹੋਰ। ਅੱਜ ਅਸੀਂ ਵੀ ਤੁਹਾਡੇ ਲਈ ਚਟਪਟੀ ਆਲੂ ਚਾਟ ਦੀ ਰੈਸਿਪੀ ਲੈ ਕੇ ਆਏ ਹੈ। ਇਹ ਖਾਣੇ ਵਿੱਚ ਸੁਆਦ ਹੁੰਦੀ ਹੈ ਅਤੇ ਬਣਾਉਣ ਵਿੱਚ ਆਸਾਨ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਚਟਪਟੀ ਆਲੂ ਚਾਟ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
- 230 ਗ੍ਰਾਮ ਚੀਨੀ
- 320 ਮਿਲੀ ਲੀਟਰ ਪਾਣੀ
- 2 ਚਮਚ ਅੰਬ ਦਾ ਪਾਊਡਰ
- 1 ਚਮਚ ਲਾਲ ਮਿਰਚ
- 1 ਚਮਚ ਜੀਰਾ ਪਾਊਡਰ
- 1 ਚਮਚ ਕਾਲਾ ਨਮਕ
- 1 ਚਮਚ ਅਦਰਕ ਪਾਊਡਰ
- 1 ਚਮਚ ਸੌਂਫ਼ ਪਾਊਡਰ
- 400 ਗ੍ਰਾਮ ਆਲੂ
- ਚਾਟ ਮਸਾਲਾ ਗਾਰਨਿਸ਼ ਲਈ

ਬਣਾਉਣ ਦੀ ਵਿਧੀ

1. ਸਭ ਤੋਂ ਪਹਿਲਾਂ ਇੱਕ ਪੈਨ ਵਿੱਚ ਚੀਨੀ ਅਤੇ ਪਾਣੀ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਫ਼ਿਰ ਇਸ ਵਿੱਚ ਅੰਬ ਪਾਊਡਰ, ਲਾਲ ਮਿਰਚ, ਜੀਰਾ ਪਾਊਡਰ , ਕਾਲਾ ਨਮਕ ਅਦਰਕ ਅਤੇ ਸੌਂਫ਼ ਪਾਊਡਰ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
2. ਇਸ ਮਿਕਸਰ ਨੂੰ 4-5 ਮਿੰਟ ਲਈ ਪਕਾਓ। ਜਦੋਂ ਮਿਕਸਰ ਗਾੜਾ ਹੋ ਜਾਵੇ ਤਾਂ ਇਸ ਨੂੰ ਗੈਸ ਤੋਂ ਹਟਾ ਦਿਓ।
3. ਇੱਕ ਪੈਨ ਵਿੱਚ ਤੇਲ ਗਰਮ ਕਰਕੇ ਆਲੂਆਂ ਨੂੰ ਫ਼੍ਰਾਈ ਕਰ ਲਓ। ਫ਼ਿਰ ਇਨ੍ਹਾਂ ਨੂੰ ਤੌਲਿਏ ਵਿੱਚ ਰੱਖ ਕੇ ਹਲਕਾ ਦਬਾਓ ਅਤੇ ਕੋਲੀ ਵਿੱਚ ਪਾ ਲਓ।
4. ਫ਼ਿਰ ਫ਼੍ਰਾਈ ਕੀਤੇ ਹੋਏ ਆਲੂਆਂ ਵਿੱਚ ਤਿਆਰ ਚਟਨੀ ਪਾ ਕਾ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ। ਫ਼ਿਰ ਚਾਟ ਮਸਾਲਾ ਪਾਓ।
5. ਆਲੂ ਚਾਟ ਤਿਆਰ ਹੈ। ਇਸ ਨੂੰ ਸਰਵ ਕਰੋ ਅਤੇ ਇਸ ਦਾ ਸੁਆਦ ਲਓ।

# ਵੀਡਿਓ ਗੇਮਾਂ, ਕਾਰਟੂਨ ਫ਼ਿਲਮਾਂ ਤੇ ਸਾਡੇ ਬੱਚੇ

➤ ਹਰੀ ਕ੍ਰਿਸ਼ਨ ਮਾਇਰ



**ਅਜਿਹੀਆਂ ਕੁਝ ਵੀਡਿਓ ਗੇਮਾਂ ਵਿੱਚ ਐਂਗਰੀਬਰਡਜ਼, ਕੱਟ ਦੀ ਰੋਪ ਆਦਿ ਮੁਸ਼ਕਲ ਦਾ ਹੱਲ ਤਲਾਸ਼ਣ ਅਤੇ ਦਲੀਲ ਜਿਹੇ ਗੁਣ ਬੱਚੇ ਨੂੰ ਸਿਖਾਉਂਦੀਆਂ ਹਨ।**

ਅੱਜ ਦਾ ਦੌਰ, ਨਵੀਨਤਮ ਸੰਚਾਰ ਤਕਨੀਕਾਂ ਦਾ ਦੌਰ ਹੈ। ਅਖ਼ਬਾਰ, ਰੇਡਿਓ, ਟੈਲੀਵਿਜ਼ਨ, ਮੋਬਾਈਲ ਫੋਨ, ਇੰਟਰਨੈੱਟ, ਸੋਸ਼ਲ ਮੀਡੀਆ ਅੰਤਰਗਤ ਫੇਸਬੁੱਕ, ਵਟਸਐੱਪ ਨੇ ਜਣੇ ਖਣੇ ਨਾਲ ਰਾਬਤਾ ਬਣਾ ਲਿਆ ਹੈ। ਇਨ੍ਹਾਂ ਨੇ ਸਾਡੇ ਬੱਚਿਆਂ ਦੀ ਜੀਵਨ ਜਾਚ ਵਿੱਚ ਬੜੀ ਤੇਜ਼ੀ ਨਾਲ ਤਬਦੀਲੀ ਲਿਆਂਦੀ ਹੈ। ਛੋਟੇ ਛੋਟੇ ਬੱਚੇ ਸਮਾਰਟ ਫੋਨ ਅਤੇ ਟੈਬਲਟ ਦੀ ਵਰਤੋਂ ਕਰਨ ਲੱਗੇ ਹਨ। ਬੱਚੇ ਐਪਲੀਕੇਸ਼ਨਜ ਡਾਊਨਲੋਡ ਕਰ ਲੈਂਦੇ ਹਨ। ਉਪਭੋਗਤਾ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਬੀਤੇ ਵਰ੍ਹੇ 75 ਮਿਲੀਅਨ ਤੋਂ ਵੱਧ ਅਮਰੀਕਨ ਬੱਚੇ ਆਨਲਾਈਨ ਸਰਗਰਮੀਆਂ ਵਿੱਚ ਭਾਈਵਾਲ ਬਣੇ। ਪੰਜ ਸਾਲ ਦੀ ਉਮਰ ਦੇ 50 ਫ਼ੀਸਦੀ ਬੱਚੇ ਰੋਜ਼ਾਨਾ ਕੰਪਿਊਟਰ 'ਤੇ ਕੰਮ ਕਰਦੇ ਹਨ। ਸੱਤ ਜਾਂ ਅੱਠ ਸਾਲਾਂ ਦੇ ਬੱਚੇ ਰੋਜ਼ਾਨਾ ਵੀਡਿਓ ਗੇਮਾਂ ਖੇਡਦੇ ਹਨ। ਬੱਚੇ ਮਾਤਾ ਪਿਤਾ ਨਾਲੋਂ ਜ਼ਿਆਦਾ ਵਕਤ ਆਨਲਾਈਨ ਸਰਗਰਮੀਆਂ ਵਿੱਚ ਰੁੱਝੇ ਰਹਿੰਦੇ ਹਨ। ਫੇਸਬੁੱਕ ਲਈ ਘੱਟੋ ਘੱਟ 13 ਸਾਲ ਉਮਰ ਦਾ ਹੋਣਾ ਜ਼ਰੂਰੀ ਹੈ, ਪਰ ਬੜੀ ਹੈਰਾਨੀ ਹੁੰਦੀ ਹੈ ਕਿ ਅੱਜ 5 ਮਿਲੀਅਨ ਬੱਚੇ ਜਿਨ੍ਹਾਂ ਦੀ ਉਮਰ ਦਸ ਸਾਲ ਤੋਂ ਘੱਟ ਹੈ, ਫੇਸਬੁੱਕ ਦੀ ਸ਼ਾਨ ਨਾਲ ਵਰਤੋਂ ਕਰ ਰਹੇ ਹਨ। ਮਾਂ ਬਾਪ ਇਹ ਸੋਚ ਕੇ ਬਾਜ਼ਾਰੋਂ ਵੀਡਿਓ ਗੇਮਾਂ ਖਰੀਦ ਕੇ ਲੈ ਆਉਂਦੇ ਹਨ ਕਿ ਇਨ੍ਹਾਂ ਗੇਮਾਂ ਨਾਲ ਖੇਡ ਕੇ, ਉਨ੍ਹਾਂ ਦਾ ਲਾਡਲਾ ਬੱਚਾ ਫੁਰਤੀਲਾ ਬਣ ਜਾਏਗਾ। ਉਸ ਦੀ ਬੁੱਧੀ ਥੋੜ੍ਹੀ ਤੇਜ਼ ਹੋ ਜਾਵੇਗੀ, ਪਰ ਮਨੋਵਿਗਿਆਨੀ ਇਸ ਨਾਲੋਂ ਉਲਟ ਸੋਚਦੇ ਹਨ ਕਿ ਵੀਡਿਓ ਗੇਮਾਂ ਬੱਚਿਆਂ ਦੇ ਮਨਾਂ ਉੱਪਰ ਬੁਰਾ ਪ੍ਰਭਾਵ ਪਾਉਂਦੀਆਂ ਹਨ। ਇਹ ਬੱਚਿਆਂ ਨੂੰ ਸਮਾਰਟ ਨਹੀਂ ਬਣਾਉਂਦੀਆਂ। ਇੱਥੇ ਇਹ ਦੱਸਣਾ ਬੜਾ ਜ਼ਰੂਰੀ ਹੈ ਕਿ ਦੋ ਸਾਲਾਂ ਤੋਂ ਘੱਟ ਉਮਰ ਦੇ ਬੱਚੇ ਦਾ ਦਿਮਾਗ਼ ਵਿਕਸਤ ਹੋ ਰਿਹਾ ਹੁੰਦਾ ਹੈ। ਬੱਚੇ ਨੂੰ ਟੈਲੀਵਿਜ਼ਨ, ਵੀਡਿਓ ਗੇਮਾਂ ਨਾਲ ਰਿਝਾਉਣਾ ਖਤਰਨਾਕ ਹੋ ਸਕਦਾ ਹੈ। ਇਸ ਮੌਕੇ 'ਤੇ ਬੱਚੇ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ। ਉਸ ਨਾਲ ਹੱਸਿਆ ਖੇਡਿਆ ਜਾਣਾ ਜ਼ਰੂਰੀ ਹੁੰਦਾ ਹੈ। ਉਸ ਨਾਲ ਮਸਤੀ ਕਰਨੀ ਚਾਹੀਦੀ ਹੈ। ਉਸ ਨੂੰ ਰਵਾਇਤੀ ਖਿਡੌਣਿਆਂ ਨਾਲ ਖੇਡਣ ਦਾ ਮੌਕਾ ਦੇਣਾ ਚਾਹੀਦਾ ਹੈ।

ਵੀਡਿਓ ਗੇਮਾਂ ਦੇ ਪੱਖ ਵਿੱਚ ਕਈ ਲੋਕ ਦਲੀਲਾਂ ਦਿੰਦੇ ਹਨ ਕਿ ਇਨ੍ਹਾਂ ਨੂੰ ਖੇਡਦੇ ਸਮੇਂ ਬੱਚੇ ਦੇ ਦਿਮਾਗ਼ ਨੂੰ ਕਈ ਪਾਸੇ ਕੰਮ ਕਰਨਾ ਪੈਂਦਾ ਹੈ। ਇਸ ਲਈ ਵੱਖੋ ਵੱਖ ਕੁਸ਼ਲਤਾਵਾਂ ਦੀ ਲੋੜ ਪੈਂਦੀ ਹੈ। ਵੀਡਿਓ ਗੇਮਾਂ ਬੱਚਿਆਂ ਦੀਆਂ ਮਾਨਸਿਕ ਕੁਸ਼ਲਤਾਵਾਂ ਨੂੰ ਹੋਰ ਚੰਗੇਰਾ ਬਣਾ ਦਿੰਦੀਆਂ ਹਨ। ਜਦੋਂ ਬੱਚਾ ਕੋਈ ਅਜਿਹੀ ਖੇਡ ਖੇਡਦਾ ਹੈ, ਜਿਸ ਵਿੱਚ ਉਹ ਆਪਣੇ ਦਿਮਾਗ਼ ਨੂੰ ਸਿਰ 'ਤੇ ਪਈ ਮੁਸ਼ਕਿਲ ਦਾ ਹੱਲ ਲੱਭਣ ਵਿੱਚ ਮੁਹਾਰਤ ਹਾਸਲ ਕਰਨਾ ਸਿਖਾਉਂਦਾ ਹੈ। ਅਜਿਹੀਆਂ ਕੁਝ ਵੀਡਿਓ ਗੇਮਾਂ ਵਿੱਚ ਐਂਗਰੀਬਰਡਜ਼, ਕੱਟ ਦੀ ਰੋਪ ਆਦਿ ਮੁਸ਼ਕਲ ਦਾ ਹੱਲ ਤਲਾਸ਼ਣ ਅਤੇ ਦਲੀਲ ਜਿਹੇ ਗੁਣ ਬੱਚੇ ਨੂੰ ਸਿਖਾਉਂਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤੋਂ ਇਲਾਵਾ ਯੋਗ ਪ੍ਰਬੰਧਨ ਅਤੇ ਯੋਜਨਾਬੰਦੀ ਕਰਨ ਦਾ ਗੁਣ ਵੀ ਇਨ੍ਹਾਂ ਖੇਡਾਂ ਤੋਂ ਬੱਚੇ ਸਿੱਖ ਲੈਂਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਇਨ੍ਹਾਂ ਗੇਮਾਂ ਨੂੰ ਖੇਡਦੇ ਸਮੇਂ ਬੱਚੇ ਨੂੰ ਤੁਰੰਤ ਸੋਚਣ, ਯੋਜਨਾ ਬਣਾਉਣ, ਫਟਾਫਟ ਨਿਰੀਖਣ, ਝੱਟ ਫ਼ੈਸਲਾ ਲੈਣਾ, ਜਿੱਤ ਵੱਲ ਵਧਣ ਦਾ ਤਰੀਕਾ ਆ ਜਾਂਦਾ ਹੈ। ਕਈ ਮਨੋਵਿਗਿਆਨੀਆਂ ਦਾ ਕਹਿਣਾ ਹੈ,"ਐਕਸ਼ਨ ਗੇਮਾਂ ਖੇਡਣ ਵਾਲੇ ਬੱਚੇ ਜ਼ਿਆਦਾ ਦਰੁਸਤ ਅਤੇ ਤੇਜ਼ੀ ਨਾਲ ਫ਼ੈਸਲਾ ਲੈਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਸਥਿਤੀ ਨੂੰ ਵਾਚਣਾ ਅਤੇ ਸਮਝਣਾ ਆਉਂਦਾ ਹੁੰਦਾ ਹੈ। ਗਣਿਤ ਅੜਾਉਣੀਆਂ, ਤਰਕ, ਵਿਵੇਕ, ਯਾਦਾਸ਼ਤ, ਇਕਾਗਰਤਾ ਇਨ੍ਹਾਂ ਗੇਮਾਂ ਜ਼ਰੀਏ ਨਿਖਾਰੇ ਜਾ ਸਕਦੇ ਹਨ।" ਦੂਜੀ ਤਰਫ਼ ਕਈ ਅਜਿਹੇ ਮਨੋਵਿਗਿਆਨੀ ਵੀ ਹਨ ਜੋ ਵੀਡਿਓ ਗੇਮਾਂ, ਕਾਰਟੂਨ ਫ਼ਿਲਮਾਂ ਬਾਰੇ ਬੜਾ ਕੁਝ ਨਾਂਹ ਪੱਖੀ ਵੀ ਕਹਿੰਦੇ ਹਨ। ਕਈ ਵਾਰ ਨਾਂਹ ਪੱਖੀਆਂ ਦੀ ਦਲੀਲ ਵੀ ਮਨ ਵਿੱਚ ਸੋਚ ਪੈਦਾ ਕਰ ਜਾਂਦੀ ਹੈ। ਉਹ ਕਹਿੰਦੇ ਹਨ ਕਿ ਵੀਡਿਓ ਗੇਮਾਂ ਵਿੱਚ ਕੁੱਟਮਾਰ, ਹਿੰਸਾ ਬੱਚਿਆਂ ਨੂੰ ਗੁਸੈਲ ਬਣਾਉਂਦੀ ਹੈ। ਚਿੜਚਿੜੇ ਬਣਾਉਂਦੀ ਹੈ। ਵੀਡਿਓ ਗੇਮਾਂ ਖੇਡਣ ਵਾਲੇ ਬੱਚੇ ਸਮਾਜਿਕ ਤੌਰ 'ਤੇ ਇਕੱਲੇ ਪੈ ਜਾਂਦੇ ਹਨ। ਉਹ ਨਾ ਤਾਂ ਦੋਸਤਾਂ ਨੂੰ ਮਿਲਦੇ ਹਨ, ਨਾ ਉਨ੍ਹਾਂ ਨਾਲ ਖੇਡਣ ਜਾਂਦੇ ਹਨ। ਉਹ ਤਾਂ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਵੀ ਖੁਸ਼ ਨਹੀਂ ਰਹਿੰਦੇ। ਵੀਡਿਓ ਗੇਮਾਂ ਹਕੀਕਤ ਅਤੇ ਕਲਪਨਾ ਵਿਚਕਾਰ ਬਿਖੇੜਾ ਖੜ੍ਹਾ ਕਰ ਦਿੰਦੀਆਂ ਹਨ। ਪ੍ਰਭਾਵਿਤ ਬੱਚੇ ਸਕੂਲ ਵਿੱਚ ਮਾੜੀ ਕਾਰਗੁਜ਼ਾਰੀ ਦਿਖਾਉਂਦੇ ਹਨ। ਅਧਿਆਪਕਾਂ ਨਾਲ ਬਹਿਸ ਕਰਦੇ ਹਨ ਅਤੇ ਝਗੜਾਲੂ ਬਿਰਤੀ ਦੇ ਬਣ ਜਾਂਦੇ ਹਨ। ਬਹਾਨੇਬਾਜ਼ ਬਣ ਜਾਂਦੇ ਹਨ। ਪ੍ਰੀਖਿਆਵਾਂ ਵਿੱਚ ਘੱਟ ਅੰਕ ਪ੍ਰਾਪਤ ਕਰਦੇ ਹਨ। ਵੀਡਿਓ ਗੇਮਾਂ ਗ਼ਲਤ ਸ਼ਬਦਾਵਲੀ ਅਤੇ ਗ਼ਲਤ ਵਤੀਰਾ ਵੀ ਬੱਚਿਆਂ ਨੂੰ ਸਿਖਾਉਂਦੀਆਂ ਹਨ। ਇਹ ਗੇਮਾਂ ਬੱਚਿਆਂ ਨੂੰ ਆਨਲਾਈਨ ਜ਼ੋਖਮ ਭੁਗਤਣ ਲਈ ਵੀ ਤਿਆਰ ਕਰਦੀਆਂ ਹਨ। ਇਹ ਗੇਮਾਂ ਬੱਚਿਆਂ ਵਿੱਚ ਨਸ ਦਬਾਅ ਅਤੇ ਵਿਆਕੁਲਤਾ ਦਾ ਸਤਰ ਉੱਚਾ ਚੁੱਕਦੀਆਂ ਹਨ। ਲਗਾਤਾਰ ਗੇਮਾਂ ਖੇਡਣ ਵਾਲੇ ਬੱਚੇ ਮਨੋਵੇਗੀ ਵਤੀਰੇ ਵਾਲੇ ਹੁੰਦੇ ਹਨ। ਅਜਿਹੇ ਬੱਚਿਆਂ ਦੇ ਮਨਾਂ ਵਿੱਚ ਸਮਾਜਿਕ ਡਰ ਝਲਕਦੇ ਹਨ। ਇਨ੍ਹਾਂ ਦਾ ਮਨ ਇੱਕ ਥਾਂ 'ਤੇ ਇਕਾਗਰ ਨਹੀਂ ਹੁੰਦਾ।

ਇਸ ਲਈ ਆਪਾਂ ਕਹਿ ਸਕਦੇ ਹਾਂ ਕਿ ਜਿੱਥੇ ਵੀਡਿਓ ਗੇਮਾਂ ਦੇ ਕਈ ਫਾਇਦੇ ਹਨ, ਉੱਥੇ ਨੁਕਸਾਨ ਵੀ ਘੱਟ ਨਹੀਂ ਹਨ। ਅਜਿਹੇ ਹਾਲਾਤ ਵਿੱਚ ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਇਨ੍ਹਾਂ ਵਿੱਚ ਸੰਤੁਲਨ ਬਣਾਉਣ ਲਈ ਉਨ੍ਹਾਂ ਦਾ ਮਾਰਗ ਦਰਸ਼ਕ ਕਰਨ। ਬੱਚੇ ਨੂੰ ਇਹ ਸਮਝਾਉਣਾ ਬੜਾ ਹੀ ਜ਼ਰੂਰੀ ਹੁੰਦਾ ਹੈ ਕਿ ਵੀਡਿਓ ਗੇਮਾਂ, ਕਾਰਟੂਨ ਫ਼ਿਲਮਾਂ ਦੇ ਪਾਤਰ ਕਾਲਪਨਿਕ ਅਤੇ ਮਨਘੜਤ ਹੁੰਦੇ ਹਨ। ਇਹ ਪਾਤਰ ਯਥਾਰਥ ਦੇ ਸੰਸਾਰ ਵਿੱਚ ਨਹੀਂ ਵਿਚਰਦੇ। ਹਰ ਸਮੱਸਿਆ ਦਾ ਹੱਲ ਲੜਾਈ ਝਗੜਾ ਕਰਕੇ ਜਾਂ ਹਿੰਸਕ ਹੋ ਕੇ ਨਹੀਂ ਨਿਕਲਦਾ। ਜਿਵੇਂ ਕਿ ਕਾਰਟੂਨ ਫ਼ਿਲਮਾਂ ਵਿੱਚ ਨਾਇਕ ਹੱਲ ਕੱਢਦੇ ਹਨ। ਬੱਚੇ ਕਈ ਵਾਰ ਵੀਡਿਓ ਗੇਮਾਂ ਵਾਲੇ ਪਾਤਰਾਂ ਵਰਗੇ ਹੋਣਾ ਚਾਹੁੰਦੇ ਹਨ। ਉਹੀ ਅਦਾਵਾਂ ਕਰਦੇ ਹਨ, ਉਹੀ ਕਾਰਨਾਮੇ ਤੇ ਉਹੀ ਕੱਪੜੇ ਪਹਿਨਣੇ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਇਲਮ ਨਹੀਂ ਹੁੰਦਾ ਕਿ ਜੋ ਕਾਰਨਾਮੇ ਕਾਰਟੂਨ ਕਰ ਸਕਦੇ ਹਨ, ਹਕੀਰਤ ਵਿੱਚ ਬੰਦੇ ਨਹੀਂ ਕਰ ਸਕਦੇ। ਕਲਪਨਾ ਅਤੇ ਹਕੀਕਤ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੁੰਦਾ ਹੈ, ਜਿਹੜਾ ਕਿ ਬੱਚਿਆਂ ਨੂੰ ਸਮਝਾਉਣਾ ਜ਼ਰੂਰੀ ਹੈ। ਬੱਚਿਆਂ ਨੂੰ ਸਾਰਾ ਸਾਰਾ ਦਿਨ ਵੀਡਿਓ ਗੇਮਾਂ ਖੇਡਣ, ਕਾਰਟੂਨ ਫ਼ਿਲਮਾਂ ਦੇਖਣ ਦੀ ਬਜਾਏ ਉਨ੍ਹਾਂ ਨੂੰ ਸਮੇਂ ਦੀ ਸਹੀ ਵਰਤੋਂ ਕਰਨੀ ਸਿਖਾਉਣੀ ਚਾਹੀਦੀ ਹੈ। ਥੋੜ੍ਹਾ ਸਮਾਂ ਸਾਥੀਆਂ ਨਾਲ ਖੇਡਣ, ਕੁਝ ਸਮਾਂ ਕਿਤਾਬਾਂ ਪੜ੍ਹਨ, ਕੁਝ ਸਮਾਂ ਸਕੂਲ ਵੱਲੋਂ ਦਿੱਤਾ ਕੰਮ ਕਰਨ ਵਿੱਚ ਲਗਾਉਣ, ਥੋੜ੍ਹਾ ਸਮਾਂ ਆਪਣੇ ਮਾਤਾ ਪਿਤਾ, ਭੈਣ ਭਰਾਵਾਂ ਨਾਲ ਗੱਲਾਂ ਕਰਨ ਵਿੱਚ ਲਗਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਕਿਤੇ ਜਾ ਕੇ ਬੱਚੇ ਦੀ ਸ਼ਖ਼ਸੀਅਤ ਦੀ ਸਹੀ ਉਸਾਰੀ ਹੋ ਸਕਦੀ ਹੈ। ਉਂਜ ਅਲੱਗ ਅਲੱਗ ਵਿਸ਼ਿਆਂ 'ਤੇ ਤਿਆਰ ਵੀਡਿਓ ਫ਼ਿਲਮਾਂ ਦੇਖਣਾ ਕੋਈ ਬੁਰਾ ਕੰਮ ਨਹੀਂ ਹੁੰਦਾ। ਸਗੋਂ ਦੇਖੀ ਹੋਈ ਸਮੱਗਰੀ, ਚਿਰ ਤਕ ਜ਼ਿਹਨ 'ਤੇ ਪਈ ਰਹਿੰਦੀ ਹੈ। ਕਿਸੇ ਘਟਨਾ, ਵਰਤਾਰੇ ਬਾਰੇ ਸੰਕਲਪ ਹੋਰ ਸਪੱਸ਼ਟ ਹੋ ਜਾਂਦੇ ਹਨ। ਅਜਿਹੇ ਸਮੇਂ ਵਿੱਚ ਮਾਪੇ ਅਤੇ ਅਧਿਆਪਕ ਦੋਵੇਂ ਮਿਲਕੇ ਬੱਚਿਆਂ ਦੀ ਸਹੀ ਦਿਸ਼ਾ ਵਿੱਚ ਰਹਿਨੁਮਾਈ ਕਰਨ ਲਈ ਯੋਗ ਭੂਮਿਕਾ ਨਿਭਾ ਕੇ ਬੱਚਿਆਂ ਦੇ ਭਵਿੱਖ ਨੂੰ ਉੱਜਵਲ ਬਣਾ ਸਕਦੇ ਹਨ।

ਸੰਪਰਕ: 97806-67686

# ਸ਼ਖ਼ਸੀਅਤ ਦਾ ਸਿਰਜਕ 'ਸੁਭਾਅ'



ਡਾ. ਅਮਨਦੀਪ ਸਿੰਘ ਟੱਲੇਵਾਲੀਆ

**ਮਿੱਠ-ਬੋਲੜੇ ਇਨਸਾਨ ਭਾਵੇਂ ਸਭ ਨੂੰ ਵਧੀਆ ਲੱਗਦੇ ਹਨ, ਪਰ ਇਹ ਜ਼ਰੂਰੀ ਨਹੀਂ ਕਿ ਉਹ ਮਿੱਠਾ ਬੋਲਣਾ, ਉਨ੍ਹਾਂ ਦਾ ਸੁਭਾਅ ਹੀ ਹੋਵੇ। ਅਸੀਂ ਕਿਸੇ ਵੀ ਇਨਸਾਨ ਦੇ ਬਾਹਰੀ ਜਾਂ ਪ੍ਰੋਫੈਸ਼ਨਲ ਸੁਭਾਅ ਨੂੰ ਹੀ ਜਾਣਦੇ ਹਾਂ, ਪਰ ਸਿਆਣੇ ਕਹਿੰਦੇ ਹਨ ਕਿ ਜਾਂ ਵਾਹ ਪਏ ਜਾਣੀਏ ਜਾਂ ਰਾਹ ਪਏ ਜਾਣੀਏ। ਸੁਭਾਅ ਹੀ ਸਾਡੀ ਸ਼ਖ਼ਸੀਅਤ ਦਾ ਮੁੱਢ ਹੁੰਦਾ ਹੈ।**

ਕਿਸੇ ਵੀ ਇਨਸਾਨ ਦਾ ਸੁਭਾਅ ਉਸਦੇ ਆਲੇ-ਦੁਆਲੇ 'ਤੇ ਨਿਰਭਰ ਕਰਦਾ ਹੈ। ਆਲੇ-ਦੁਆਲੇ ਤੋਂ ਭਾਵ ਕੇਵਲ ਬਾਹਰੀ ਵਾਤਾਵਰਣ ਜਾਂ ਸਾਡਾ ਆਸ ਪਾਸ ਹੀ ਨਹੀਂ ਸਗੋਂ ਇਸ ਤੋਂ ਵੀ ਪਹਿਲਾਂ ਮਾਂ ਦੀ ਕੁੱਖ ਹਰ ਇਨਸਾਨ ਦਾ ਆਲਾ-ਦੁਆਲਾ ਹੁੰਦੀ ਹੈ। ਕੁੱਖ ਵਿੱਚ ਪਲ ਰਿਹਾ ਬੱਚਾ, ਆਪਣੀ ਮਾਂ ਦੇ ਹਰ ਪ੍ਰਭਾਵ ਨੂੰ ਕਬੂਲਦਾ ਹੈ, ਗਰਭ ਦੌਰਾਨ ਜੋ ਕੁਝ ਮਾਂ ਨਾਲ ਵਾਪਰਦਾ ਹੈ, ਉਸਦਾ ਸਿੱਧਾ ਪ੍ਰਭਾਵ ਬੱਚੇ ਦੇ ਸਰੀਰਿਕ ਅਤੇ ਮਾਨਸਿਕ ਵਿਕਾਸ 'ਤੇ ਜ਼ਰੂਰ ਪੈਂਦਾ ਹੈ। ਕੁਦਰਤ ਨੇ ਮਨੁੱਖ ਨੂੰ ਜਿਹੋ ਜਿਹੇ ਸੁਭਾਅ ਵਾਲਾ ਬਣਾ ਦਿੱਤਾ, ਉਸੇ ਅਨੁਸਾਰ ਹੀ ਉਹ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦਾ ਹੈ। ਇਹ ਸੁਭਾਅ ਗਰਭ ਦੇ ਅੰਦਰੋਂ ਹੀ ਬਣਕੇ ਆਉਂਦਾ ਹੈ। ਬਾਹਰਲਾ ਵਾਤਾਵਰਣ ਤਾਂ ਉਸ ਸੁਭਾਅ ਵਿੱਚ ਸਮੇਂ-ਸਮੇਂ ਸਿਰ ਥੋੜ੍ਹਾ ਮੋਟਾ ਰੰਗ ਭਰਦਾ ਰਹਿੰਦਾ ਹੈ। ਪਰ ਬੰਦੇ ਦਾ ਅਸਲੀ ਸੁਭਾਅ ਨਹੀਂ ਬਦਲਦਾ, ਸਿਰਫ਼ ਮੌਕਾਪ੍ਰਸਤ ਜ਼ਰੂਰ ਬਣ ਸਕਦਾ ਹੈ। ਸਾਇੰਸ ਨੇ ਤਾਂ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਹਰੇਕ ਬੰਦੇ ਦੇ ਸੁਭਾਅ 'ਤੇ ਸੱਤ ਪੀੜ੍ਹੀਆਂ ਦੇ ਸੁਭਾਅ ਦਾ ਪ੍ਰਭਾਵ ਪੈਂਦਾ ਹੈ। ਕਈ ਬੱਚੇ ਆਪਣੇ ਮਾਂ-ਬਾਪ ਵਰਗੇ ਨਹੀਂ ਹੁੰਦੇ। ਦਾਦੇ ਜਾਂ ਦਾਦੀ ਵਰਗੇ ਹੁੰਦੇ ਹਨ। ਕਈਆਂ 'ਤੇ ਪੜਦਾਦੇ ਜਾਂ ਪੜਨਾਨੇ ਦਾ ਸੁਭਾਅ ਵੀ ਭਾਰੂ ਹੋ ਸਕਦਾ ਹੈ। ਬਾਹਰੀ ਪ੍ਰਸਥਿਤੀਆਂ ਤਾਂ ਸਮੇਂ-ਸਮੇਂ ਬਦਲਦੀਆਂ ਰਹਿੰਦੀਆਂ ਹਨ, ਪਰ ਅੰਦਰੂਨੀ ਤੌਰ 'ਤੇ ਇਨਸਾਨ ਨਹੀਂ ਬਦਲਦਾ।

ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇੱਕ ਬੱਚਾ ਛੋਟਾ ਹੁੰਦਾ ਬਹੁਤ ਨਰਮ ਅਤੇ ਸ਼ਰੀਫ ਹੈ, ਉਹ ਵੱਡਾ ਹੋਇਆ ਵੀ ਨਰਮ ਅਤੇ ਸ਼ਰੀਫ ਹੀ ਰਹੇਗਾ, ਪਰ ਜੇਕਰ ਬਾਹਰੀ ਪ੍ਰਸਥਿਤੀਆਂ ਕਰਕੇ ਉਸਨੂੰ ਕਠੋਰ ਬਣਨਾ ਪੈ ਜਾਵੇ, ਕੁਝ ਸਮੇਂ ਬਾਅਦ ਬਾਹਰੀ ਪ੍ਰਸਥਿਤੀਆਂ ਠੀਕ ਹੋਣ 'ਤੇ ਉਹ ਫਿਰ ਆਪਣੇ ਸ਼ਰੀਫ ਅਤੇ ਨਰਮ ਸੁਭਾਅ ਨੂੰ ਨਹੀਂ ਛੱਡਦਾ, ਕਠੋਰ ਹੁੰਦਾ ਹੋਇਆ ਵੀ ਉਹ ਨਰਮਾਈ ਵਰਤੇਗਾ। ਇਸਦੇ ਉਲਟ ਜੇਕਰ ਛੋਟਾ ਬੱਚਾ ਬਹੁਤ ਜ਼ਿੱਦੀ ਜਾਂ ਲੜਾਕਾ ਹੋਵੇਗਾ ਤਾਂ ਹੋ ਸਕਦਾ ਹੈ ਕਿ ਉਹ ਵੱਡਾ ਹੋ ਕੇ ਮੌਕਾਪ੍ਰਸਤ ਬਣਨ ਲਈ ਨਰਮ ਜਾਂ ਸ਼ਰੀਫ ਬਣ ਜਾਵੇ, ਪਰ ਉਸ ਅੰਦਰਲਾ ਜ਼ਿੱਦੀ ਮਨੁੱਖ ਉਸ ਨੂੰ ਨਹੀਂ ਛੱਡਦਾ।

ਅਸੀਂ ਆਪਣੇ ਆਲੇ-ਦੁਆਲੇ, ਨਰਮ, ਗਰਮ, ਠੰਢੇ, ਮਿੱਠੇ, ਰੁੱਖੇ, ਚੁੱਪ ਕੀਤੇ, ਬੜਬੋਲੇ, ਮਜ਼ਾਕੀਏ, ਟਿੱਚਰੀ, ਲਾਲਚੀ, ਖੁੱਲ੍ਹੇ-ਡੁੱਲੇ, ਜ਼ਿੱਦੀ, ਡਰਪੋਕ, ਨਿਡਰ ਜਾਂ ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਸੁਭਾਅ ਵਾਲੇ ਲੋਕਾਂ ਨੂੰ ਜਾਣਦੇ ਹਾਂ ਜੋ ਸਾਰੀ ਉਮਰ ਉਸੇ ਤਰ੍ਹਾਂ ਹੀ ਵਿਚਰਦੇ ਹਨ। ਸੁਭਾਅ ਜਿਸ 'ਤੇ ਪਰਿਵਾਰਕ ਸੰਸਕਾਰਾਂ ਦਾ ਵੀ ਪ੍ਰਭਾਵ ਪੈਂਦਾ ਹੈ, ਆਲੇ-ਦੁਆਲੇ ਦਾ ਵੀ, ਪਰ ਕੋਈ ਵੀ ਇਨਸਾਨ ਆਪਣੇ ਆਪ ਨੂੰ ਬਦਲਣ ਨੂੰ ਤਿਆਰ ਨਹੀਂ ਹੁੰਦਾ ਜਾਂ ਇਹ ਕਹਿ ਲਵੋ ਜੇਕਰ ਕਿਸੇ ਦੇ ਸੁਭਾਅ ਨੂੰ ਬਦਲਣ ਦੀ ਕਿਸੇ ਵਿੱਚ ਤਾਕਤ ਹੁੰਦੀ ਤਾਂ ਦੁਨੀਆਂ 'ਤੇ ਸਭ ਝਗੜੇ ਨਿੱਬੜ ਜਾਣੇ ਸਨ।



ਜੇਕਰ ਇੱਕ ਨੂੰਹ ਆਪਣੀ ਸੱਸ ਦੇ ਸੁਭਾਅ ਨੂੰ ਸਮਝ ਲਵੇ ਤਾਂ ਨੂੰਹ ਬਹੁਤ ਸੌਖੀ ਰਹਿ ਸਕਦੀ ਹੈ। ਘਰ ਦੇ ਵੱਖ-ਵੱਖ ਜੀਆਂ ਦਾ ਸੁਭਾਅ ਵੱਖਰਾ ਹੁੰਦਾ ਹੈ। ਜੇਕਰ ਸਾਰੇ ਜੀਅ ਇੱਕ-ਦੂਜੇ ਦੇ ਸੁਭਾਅ ਨੂੰ ਸਮਝਕੇ, ਵਿਚਰਦੇ ਰਹਿਣ ਤਾਂ ਲੜਾਈ ਝਗੜੇ ਦਾ ਮਤਲਬ ਹੀ ਨਹੀਂ।

ਮਿੱਠ-ਬੋਲੜੇ ਇਨਸਾਨ ਭਾਵੇਂ ਸਭ ਨੂੰ ਵਧੀਆ ਲੱਗਦੇ ਹਨ, ਪਰ ਇਹ ਜ਼ਰੂਰੀ ਨਹੀਂ ਕਿ ਉਹ ਮਿੱਠਾ ਬੋਲਣਾ, ਉਨ੍ਹਾਂ ਦਾ ਸੁਭਾਅ ਹੀ ਹੋਵੇ। ਅਸੀਂ ਕਿਸੇ ਵੀ ਇਨਸਾਨ ਦੇ ਬਾਹਰੀ ਜਾਂ ਪ੍ਰੋਫੈਸ਼ਨਲ ਸੁਭਾਅ ਨੂੰ ਹੀ ਜਾਣਦੇ ਹਾਂ, ਪਰ ਸਿਆਣੇ ਕਹਿੰਦੇ ਹਨ ਕਿ ਜਾਂ ਵਾਹ ਪਏ ਜਾਣੀਏ ਜਾਂ ਰਾਹ ਪਏ ਜਾਣੀਏ। ਸੁਭਾਅ ਹੀ ਸਾਡੀ ਸ਼ਖ਼ਸੀਅਤ ਦਾ ਮੁੱਢ ਹੁੰਦਾ ਹੈ। ਜਦੋਂ ਅਸੀਂ ਕਿਸੇ ਬਾਰੇ ਕਿਸੇ ਦੂਸਰੇ ਤੋਂ ਪੁੱਛਦੇ ਹਾਂ ਕਿ ਫਲਾਣਾ ਬੰਦਾ ਕਿਹੋ ਜਿਹਾ ਹੈ ਤਾਂ ਉੱਥੇ ਕਿਸੇ ਇਨਸਾਨ ਦੇ ਕੱਦ ਕਾਠ ਗੋਰੇ-ਕਾਲੇ ਰੰਗ ਦੀ ਨਹੀਂ, ਸਭ ਤੋਂ ਪਹਿਲਾਂ ਸੁਭਾਅ ਦੀ ਗੱਲ ਚੱਲਦੀ ਹੈ। ਕਹਿਣ ਤੋਂ ਭਾਵ ਸੁਭਾਅ ਇਨਸਾਨ ਦਾ ਮੁੱਢਲਾ ਪਛਾਣ ਚਿੰਨ੍ਹ ਹੈ। ਆਦਮੀ ਆਪਣੇ ਸੁਭਾਅ ਦਾ ਖੱਟਿਆ ਹੀ ਖਾਂਦਾ ਹੈ, ਆਪਣੇ ਸੁਭਾਅ ਨੂੰ ਮਖੌਟੇ ਵਿੱਚ ਪਾ ਕੇ ਰੱਖਣਾ ਵੀ ਇੱਕ ਕਲਾ ਹੈ, ਪਰ ਕਿਸੇ ਦੇ ਅਸਲ ਸੁਭਾਅ ਨੂੰ ਜਾਣ ਲੈਣਾ ਉਸ ਤੋਂ ਵੀ ਵੱਡੀ ਕਲਾ ਹੈ। ਸੋ ਇੱਕ-ਦੂਜੇ ਦੇ ਸੁਭਾਅ ਨੂੰ ਪਛਾਣੋ, ਜੇਕਰ ਕੋਈ ਚੰਗਾ ਹੈ ਤਾਂ ਇਹ ਜਾਣੋ ਕਿ ਉਹ ਚੰਗਾ ਕਿਉਂ ਹੈ ? ਜੇਕਰ ਕੋਈ ਮਾੜਾ ਹੈ ਤਾਂ ਇਹ ਜਾਣੋ ਕਿ ਕੀ ਉਹ ਸੱਚਮੁੱਚ ਮਾਂ ਦੀ ਕੁੱਖ ਵਿੱਚੋਂ ਹੀ ਅਜਿਹਾ ਸੁਭਾਅ ਲੈ ਕੇ ਪੈਦਾ ਹੋਇਆ ਸੀ ਜਾਂ ਉਸਦੇ ਹਾਲਾਤ ਹੀ ਅਜਿਹੇ ਰਹੇ ਹਨ। ਜਦੋਂ ਅਸੀਂ ਇੱਕ-ਦੂਜੇ ਦੇ ਸੁਭਾਅ ਨੂੰ ਸਮਝਣ ਵਿੱਚ ਪਰਿਪੱਕ ਹੋ ਜਾਵਾਂਗੇ ਤਾਂ ਬਹੁਤ ਝਗੜੇ, ਸ਼ੰਕੇ ਦੂਰ ਹੋ ਜਾਣਗੇ।

ਸੰਪਰਕ: 98146-99446

# ...ਤਾਂ ਕਿ ਪਾਰਟੀ ਹੋਵੇ ਸ਼ਾਨਦਾਰ



× ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਲੋਕਾਂ ਦੀ ਇਕ ਸੂਚੀ ਬਣਾ ਲਓ ਅਤੇ ਉਨ੍ਹਾਂ ਨੂੰ ਇਕ ਹਫ਼ਤਾ ਪਹਿਲਾਂ ਹੀ ਸੱਦਾ ਦੇ ਦਿਓ ਤਾਂ ਕਿ ਤੁਹਾਡੀ ਪਾਰਟੀ ਵਿਚ ਸ਼ਰੀਕ ਹੋਣ ਲਈ ਉਨ੍ਹਾਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

× ਆਉਣ ਵਾਲੇ ਮਹਿਮਾਨਾਂ ਦੀ ਗਿਣਤੀ ਜੇ ਜ਼ਿਆਦਾ ਹੋਵੇ ਤਾਂ ਘਰ ਦੀ ਬਜਾਏ ਬਾਹਰ ਲਾਅਨ ਵਿਚ ਪਾਰਟੀ ਦਾ ਆਯੋਜਨ ਕਰੋ, ਜਿਸ ਨਾਲ ਸਾਰੇ ਮਹਿਮਾਨਾਂ ਦਾ ਸਹੀ ਖਿਆਲ ਰੱਖਿਆ ਜਾ ਸਕੇ।

× ਪਾਰਟੀ ਨਾਲ ਸਬੰਧਤ ਖ਼ਰੀਦਦਾਰੀ ਕਰੀਬ ਦੋ ਦਿਨ ਪਹਿਲਾਂ ਹੀ ਕਰ ਲਓ ਤਾਂ ਕਿ ਇਸ ਵਿਚ ਵਰਤੋਂ ਹੋਣ ਵਾਲੀਆਂ ਸਾਰੀਆਂ ਚੀਜ਼ਾਂ ਦਾ ਪ੍ਰਬੰਧ ਸਮੇਂ ਸਿਰ ਕੀਤਾ ਜਾ ਸਕੇ। ਆਖਰੀ ਪਲਾਂ ਵਿਚ ਭੱਜ-ਦੌੜ ਕਰਨਾ ਠੀਕ ਨਹੀਂ।

× ਪਾਰਟੀ ਲਈ ਅਜਿਹੀ ਪੋਸ਼ਾਕ ਦੀ ਚੋਣ ਕਰੋ, ਜੋ ਆਕਰਸ਼ਿਕ ਤਾਂ ਹੋਵੇ ਹੀ, ਨਾਲ ਹੀ ਆਰਾਮਦਾਇਕ ਵੀ। ਜ਼ਿਆਦਾ ਤੰਗ ਜਾਂ ਕੱਟੇ-ਛਾਂਟੇ ਕੱਪੜਿਆਂ ਵਿਚ ਤੁਸੀਂ ਮੁਸ਼ਕਿਲ ਮਹਿਸੂਸ ਕਰ ਸਕਦੇ ਹੋ।

× ਤੁਹਾਡੇ ਘਰ ਦੀ ਸਾਜ-ਸਜਾਵਟ ਅਜਿਹੀ ਹੋਵੇ, ਜੋ ਮਹਿਮਾਨਾਂ ਦਾ ਮਨ ਮੋਹ ਲਵੇ।

× ਪਾਰਟੀ ਵਿਚ ਜ਼ਿਆਦਾ ਆਕਰਸ਼ਣ ਦਾ ਕੇਂਦਰ ਤੁਹਾਡਾ ਡਾਇਨਿੰਗ ਟੇਬਲ ਹੁੰਦਾ ਹੈ। ਇਸ ਲਈ ਇਸ ਦੀ ਸਜਾਵਟ 'ਤੇ ਵਿਸ਼ੇਸ਼ ਧਿਆਨ ਦਿਓ। ਨੈਪਕਿਨ, ਸਾਲਟ ਕੰਟੇਨਰ, ਆਈਸ ਬਾਕਸ, ਸਟ੍ਰਾ ਆਦਿ ਨੂੰ ਸਹੀ ਅਤੇ ਵਿਵਸਥਿਤ ਢੰਗ ਨਾਲ ਰੱਖੋ।

× ਮਹਿਮਾਨਾਂ ਦੇ ਆਉਣ 'ਤੇ ਉਨ੍ਹਾਂ ਦਾ ਸਵਾਗਤ ਪੂਰੇ ਜੋਸ਼ੋ-ਖਰੋਸ਼ ਨਾਲ ਕਰੋ। ਕਿਸੇ ਖਾਸ ਜਾਂ ਕਰੀਬੀ ਮਿੱਤਰ ਦੇ ਨਾਲ ਜ਼ਿਆਦਾ ਘੁਲ-ਮਿਲ ਕੇ ਦੂਜਿਆਂ ਦੀ ਤੁਲਨਾ ਕਰਨਾ ਲਾਜ਼ਮੀ ਨਹੀਂ।

× ਪਾਰਟੀ ਨੂੰ ਮਜ਼ੇਦਾਰ ਬਣਾਉਣ ਲਈ ਕੁਝ ਅਡਵੈਂਚਰਸ ਅਤੇ ਮਨੋਰੰਜਕ ਗੇਮ ਦਾ ਆਯੋਜਨ ਕਰੋ ਜੋ ਮਹਿਮਾਨਾਂ ਨੂੰ ਰੋਮਾਂਚਿਤ ਕਰ ਦੇਵੇ।

× ਆਧੁਨਿਕ ਸੰਗੀਤ ਦੀਆਂ ਤਰੰਗਾਂ 'ਤੇ ਥਿਰਕਣਾ ਅੱਜ ਹਰ ਪਾਰਟੀ ਦੀ ਲੋੜ ਬਣ ਗਈ ਹੈ। ਇਸ ਲਈ ਮਿਊਜ਼ਿਕ ਦੀ ਵਿਵਸਥਾ ਪਹਿਲਾਂ ਤੋਂ ਹੀ ਰੱਖੋ।

× ਪਾਰਟੀ ਵਿਚ ਪੇਸ਼ ਕੀਤੇ ਜਾਣ ਵਾਲੇ ਪਕਵਾਨ ਲਜ਼ੀਜ ਅਤੇ ਤਰ੍ਹਾਂ-ਤਰ੍ਹਾਂ ਦੇ ਹੋਣੇ ਚਾਹੀਦੇ ਹਨ ਜਿਵੇਂ ਮਿੱਠੇ, ਸਪਾਈਸੀ, ਚਟਪਟੇ ਆਦਿ, ਜਿਨ੍ਹਾਂ ਦਾ ਲੁਤਫ਼ ਹਰ ਕੋਈ ਉਠਾ ਸਕੇ।

× ਪਾਰਟੀ ਨੂੰ ਸਮਾਪਤ ਕਰਨ ਦਾ ਸਮਾਂ ਲਗਪਗ ਨਿਸਚਤ ਰੱਖੋ। ਇਸ ਨੂੰ ਦੇਰ ਰਾਤ ਤੱਕ ਖਿੱਚਣ ਤੋਂ ਬਚੋ ਤਾਂ ਕਿ ਮਹਿਮਾਨਾਂ ਨੂੰ ਘਰ ਵਾਪਸ ਮੁੜਨ ਵਿਚ ਕੋਈ ਮੁਸ਼ਕਿਲ ਨਾ ਹੋਵੇ।

× ਮਹਿਮਾਨਾਂ ਨੂੰ ਵਿਦਾਅ ਕਰਦੇ ਸਮੇਂ ਵੀ ਸ਼ਿਸ਼ਟਾਚਾਰ ਨਾਲ ਪੇਸ਼ ਆਓ ਅਤੇ ਉਨ੍ਹਾਂ ਦਾ ਪਾਰਟੀ ਵਿਚ ਸ਼ਾਮਿਲ ਹੋਣ ਲਈ ਧੰਨਵਾਦ ਕਰੋ।

-ਰਜਨੀ ਕੁਮਾਰੀ

# 'ਇਕ ਮਹੀਨੇ 'ਚ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਹੋਵੇ', ਪੰਜਾਬ 'ਚ 329 ਰੇਡ ਨੂੰ ਲੈ ਕੇ ਸੁਨੀਲ ਜਾਖੜ ਦਾ ਬਿਆਨ

**ਕੌਮੀ ਪਤ੍ਰਿਕਾ**

ਚੰਡੀਗੜ੍ਹ 15 ਅਕਤੂਬਰ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸੁਨੀਲ ਜਾਖੜ ਨੇ ਬੁੱਧਵਾਰ ਨੂੰ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ ਅਤੇ ਕਥਿਤ ਲੁੱਟ ਦੇ ਅਜਿਹੇ ਨਵੇਂ ਪੈਮਾਨੇ ਸਥਾਪਿਤ ਹੋ ਗਏ ਹਨ, ਜਿਨ੍ਹਾਂ ਬਾਰੇ ਪਹਿਲਾਂ ਕਦੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਗੰਭੀਰ ਹਾਲਾਤ ਵਿੱਚੋਂ ਲੰਘ ਰਿਹਾ ਹੈ ਅਤੇ ਇਸ ਪੂਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ। ਪ੍ਰੈਸ ਕਾਨਫਰੰਸ ਦੀ ਸ਼ੁਰੂਆਤ ਵਿਚ ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੇ ਜਨਤਕ ਜੀਵਨ ਦੇ 25 ਸਾਲ ਪੂਰੇ ਹੋਣ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 7 ਅਕਤੂਬਰ 2001 ਨੂੰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸੇਵਾ ਸੰਭਾਲੀ ਸੀ ਅਤੇ ਉਸ ਤੋਂ ਬਾਅਦ ਲਗਾਤਾਰ 25 ਸਾਲ ਦੇਸ਼ ਦੀ ਸੇਵਾ ਵਿਚ ਬਿਤਾਏ ਹਨ। ਜਾਖੜ ਨੇ ਕਿਹਾ ਕਿ ਉਹ ਇਕ ਦੇਸ਼ ਵਾਸੀ ਅਤੇ ਭਾਜਪਾ ਦੇ ਮੈਂਬਰ ਵਜੋਂ ਮੋਦੀ ਨੂੰ ਦਿਲੋਂ ਵਧਾਈ ਦਿੰਦੇ ਹਨ ਅਤੇ ਉਮੀਦ ਕਰਦੇ ਹਨ ਕਿ ਉਹ ਇਸੇ ਤਰ੍ਹਾਂ ਦੇਸ਼ ਦੀ ਸੇਵਾ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦਾ ਮੂਲ ਮੰਤਰ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ' ਰਿਹਾ ਹੈ ਅਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ 'ਨਾ ਖਾਊਂਗਾ, ਨਾ ਖਾਣ ਦਿਆਂਗਾ' ਵਾਲਾ ਸਿਧਾਂਤ ਵੀ ਉਨ੍ਹਾਂ ਦੀ ਸਰਕਾਰ ਦੇ ਮੁੱਖ ਸਿਧਾਂਤਾਂ ਵਿੱਚੋਂ




ਇੱਕ ਹੈ। ਜਾਖੜ ਨੇ ਕਿਹਾ ਕਿ ਇਸੇ ਲਈ ਅੱਜ ਉਹ ਇਕ ਪੰਜਾਬੀ ਹੋਣ ਦੇ ਨਾਤੇ ਪੰਜਾਬ ਦੇ ਹਾਲਾਤ ਬਾਰੇ ਆਪਣੇ ਦਿਲ ਦੀ ਗੱਲ ਸਾਹਮਣੇ ਰੱਖਣਾ ਚਾਹੁੰਦੇ ਹਨ। ਸੁਨੀਲ ਜਾਖੜ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਇਸ ਵੇਲੇ 'ਹਾਹਾਕਾਰ' ਵਾਲੀ ਸਥਿਤੀ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਦੇ ਰਹੇ ਹਨ, ਪਰ ਮੌਜੂਦਾ ਸਰਕਾਰ ਨੇ ਕਥਿਤ ਲੁੱਟ ਦੇ ਅਜਿਹੇ ਪੈਮਾਨੇ ਸਥਾਪਿਤ ਕਰ ਦਿੱਤੇ ਹਨ ਕਿ ਪਹਿਲੇ ਦੌਰ ਦੇ ਭ੍ਰਿਸ਼ਟ ਲੋਕ ਵੀ ਇਨ੍ਹਾਂ ਦੇ ਮੁਕਾਬਲੇ ਛੋਟੇ ਲੱਗਣ ਲੱਗ ਪਏ ਹਨ। ਉਨ੍ਹਾਂ ਤਿੱਖੇ ਲਹਿਜ਼ੇ ਵਿਚ ਕਿਹਾ ਕਿ ਪਹਿਲਾਂ ਜਿਨ੍ਹਾਂ ਨੂੰ ਲੋਕ 'ਲੁਟੇਰੇ' ਕਹਿੰਦੇ ਸਨ, ਉਨ੍ਹਾਂ ਤੋਂ ਬਾਅਦ ਆਏ ਲੋਕਾਂ ਨੂੰ ਉਹ 'ਜੇਬ ਕਤਰੇ' ਸਮਝਦੇ ਸਨ, ਪਰ ਮੌਜੂਦਾ ਸਰਕਾਰ ਨੇ ਕਥਿਤ ਤੌਰ 'ਤੇ ਇਸ ਤੋਂ ਵੀ ਅੱਗੇ ਜਾ ਕੇ ਸਾਰੇ ਪੈਮਾਨੇ ਬਦਲ ਦਿੱਤੇ ਹਨ। ਜਾਖੜ ਨੇ ਕਿਹਾ ਕਿ ਇਹ ਸਿਰਫ਼ ਸਿਆਸੀ ਬਿਆਨਬਾਜ਼ੀ ਦਾ ਮਾਮਲਾ ਨਹੀਂ ਹੈ, ਸਗੋਂ ਇਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 329 ਦੀ ਕਾਰਵਾਈ ਨੂੰ ਲੈ ਕੇ ਜਤਾਏ ਗਏ ਇਤਰਾਜ਼ ਨਾਲ ਉਹ ਇੱਕ ਹੱਦ ਤੱਕ ਸਹਿਮਤ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵੀ 329 ਦੀ ਕਾਰਵਾਈ ਅਤੇ ਖ਼ਾਸ ਕਰਕੇ ਇਸ ਦੀ ਰਫ਼ਤਾਰ 'ਤੇ ਇਤਰਾਜ਼ ਹੈ। ਜਾਖੜ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਕੋਲ ਜਾਣਗੇ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਆਪਣੀਆਂ ਚਿੰਤਾਵਾਂ ਰੱਖਣਗੇ। ਹਾਲਾਂਕਿ ਉਨ੍ਹਾਂ ਸਪੱਸ਼ਟ ਕੀਤਾ ਕਿ 329 ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੇ ਤਹਿਤ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਦਾਲਤ ਨੇ ਕਿਸੇ ਮਾਮਲੇ ਦੀ ਜਾਂਚ 329 ਨੂੰ ਸੌਂਪੀ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਜਾਂਚ ਅਦਾਲਤੀ ਨਿਗਰਾਨੀ ਵਾਲੇ ਪ੍ਰਕਿਰਿਆ ਵਿੱਚ ਅੱਗੇ ਵਧ ਰਹੀ ਹੈ। ਜਾਖੜ ਨੇ 497 ਭੁੱਲਰ ਨਾਲ ਸਬੰਧਤ ਮਾਮਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ 16 ਅਕਤੂਬਰ 2025 ਨੂੰ 329 ਵੱਲੋਂ 69♣ ਦਰਜ ਕਰਨ ਅਤੇ ਕਾਰਵਾਈ ਕੀਤੇ ਜਾਣ ਤੋਂ ਬਾਅਦ ਕਾਫ਼ੀ ਸਮਾਂ ਬੀਤ ਚੁੱਕਾ ਹੈ। ਉਨ੍ਹਾਂ ਸਵਾਲ ਕੀਤਾ ਕਿ ਇਸ ਮਾਮਲੇ ਵਿੱਚ ਸਾਹਮਣੇ ਆਏ ਦਸਤਾਵੇਜ਼ਾਂ ਅਤੇ ਕਥਿਤ ਡਾਇਰੀ ਵਿੱਚ ਦਰਜ ਨਾਮਾਂ ਬਾਰੇ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਮਾਮਲੇ ਵਿੱਚ ਕਈ ਅਧਿਕਾਰੀਆਂ ਜਾਂ ਹੋਰ ਵਿਅਕਤੀਆਂ ਦੇ ਨਾਮ ਸਾਹਮਣੇ ਆਉਂਦੇ ਹਨ ਤਾਂ ਜਾਂਚ ਨੂੰ ਉਸ ਦੀ ਤਹਿ ਤੱਕ ਲਿਜਾਣਾ ਚਾਹੀਦਾ ਹੈ। ਜਾਖੜ ਨੇ ਕਿਹਾ ਕਿ ਮੌਜੂਦਾ ਸਥਿਤੀ ਕਾਰਨ ਪੰਜਾਬ ਦੇ ਕਈ ਪੁਲਿਸ ਅਧਿਕਾਰੀਆਂ ਅਤੇ 91♥ ਅਧਿਕਾਰੀਆਂ ਵਿੱਚ ਇਹ ਡਰ ਬਣਿਆ ਹੋਇਆ ਹੈ ਕਿ ਪਤਾ ਨਹੀਂ ਕਦੋਂ ਕਿਸ ਨੂੰ ਜਾਂਚ ਲਈ ਬੁਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ 329 ਕੋਲ ਸਟਾਫ ਦੀ ਕਮੀ ਹੈ ਤਾਂ ਉਹ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਵੀ ਗੱਲ ਰੱਖਣਗੇ, ਤਾਂ ਜੋ ਜਾਂਚ ਨੂੰ ਲੋੜੀਂਦੇ ਮਨੁੱਖੀ ਸਰੋਤ ਮੁਹੱਈਆ ਕਰਵਾਏ ਜਾ ਸਕਣ। ਜਾਖੜ ਨੇ ਪੰਜਾਬ ਦੇ ਵਿਜੀਲੈਂਸ ਵਿਭਾਗ ਨਾਲ ਸਬੰਧਤ ਕਾਰਵਾਈ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਮਈ 2026 ਨੂੰ ਵਿਜੀਲੈਂਸ ਵਿਭਾਗ ਨਾਲ ਸਬੰਧਤ ਥਾਂ 'ਤੇ 329 ਦੀ ਕਾਰਵਾਈ ਹੋਈ ਸੀ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਪੰਜਾਬ ਦੀਆਂ ਜਾਂਚ ਏਜੰਸੀਆਂ ਅਤੇ ਕੇਂਦਰੀ ਏਜੰਸੀਆਂ ਆਪਸ ਵਿੱਚ ਇਸ ਤਰ੍ਹਾਂ ਟਕਰਾ ਰਹੀਆਂ ਹਨ ਤਾਂ ਇਸ ਦਾ ਪੰਜਾਬ ਦੇ ਪ੍ਰਸ਼ਾਸਨ 'ਤੇ ਕੀ ਅਸਰ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਕਈ ਵਿਭਾਗਾਂ ਵਿੱਚ ਸਿਆਸੀ ਦਖ਼ਲਅੰਦਾਜ਼ੀ ਵਧ ਗਈ ਹੈ। ਜਾਖੜ ਨੇ ਦਾਅਵਾ ਕੀਤਾ ਕਿ ਅਧਿਕਾਰੀਆਂ ਦੀਆਂ ਪੋਸਟਿੰਗਾਂ ਅਤੇ ਹੋਰ ਪ੍ਰਸ਼ਾਸਨਿਕ ਫੈਸਲਿਆਂ ਵਿੱਚ ਸਿਆਸੀ ਦਖ਼ਲ ਦੀਆਂ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਹਨ। ਜਾਖੜ ਨੇ ਕਿਹਾ ਕਿ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਹਨ ਅਤੇ ਅਗਲੇ ਕੁਝ ਮਹੀਨੇ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਮੰਗ ਕੀਤੀ ਕਿ ਜਿਨ੍ਹਾਂ ਮਾਮਲਿਆਂ ਵਿੱਚ ਅਦਾਲਤਾਂ ਨੇ ਜਾਂਚ ਜਾਂ ਕਾਰਵਾਈ ਦੇ ਹੁਕਮ ਦਿੱਤੇ ਹਨ, ਉਨ੍ਹਾਂ ਨੂੰ ਤੇਜ਼ੀ ਨਾਲ ਅੰਜਾਮ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਲੋੜੀਂਦਾ ਸਟਾਫ ਦਿੱਤਾ ਜਾਵੇ ਤਾਂ ਜਾਂਚ ਨੂੰ ਇੱਕ ਮਹੀਨੇ ਵਿੱਚ ਕਾਫ਼ੀ ਹੱਦ ਤੱਕ ਅੱਗੇ ਲਿਜਾਇਆ ਜਾ ਸਕਦਾ ਹੈ ਅਤੇ ਲੋਕਾਂ ਦੇ ਸਾਹਮਣੇ 'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਕਿਹੜੇ ਮਾਮਲੇ ਵਿੱਚ ਕੀ ਹੋਇਆ ਅਤੇ ਕੌਣ ਜ਼ਿੰਮੇਵਾਰ ਹੈ। ਜਾਖੜ ਨੇ 54 ਦੀਆਂ ਕਾਰਵਾਈਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਨਾਲ ਸਬੰਧਤ ਮਾਮਲਿਆਂ ਵਿੱਚ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਪੈਸੇ ਦੇ ਲੈਣ-ਦੇਣ ਅਤੇ ਜਾਇਦਾਦਾਂ ਨਾਲ ਜੁੜੇ ਸਵਾਲ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪੈਸਾ ਪੰਜਾਬ ਤੋਂ ਬਾਹਰ ਗਿਆ ਹੈ ਤਾਂ ਇਸ ਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ ਕਿ ਪੈਸਾ ਕਿੱਥੋਂ ਆਇਆ, ਕਿੱਥੇ ਗਿਆ ਅਤੇ ਕਿਸ ਦੇ ਖਾਤਿਆਂ ਜਾਂ ਸੰਪਤੀਆਂ ਵਿੱਚ ਲੱਗਿਆ। ਉਨ੍ਹਾਂ ਕਿਹਾ ਕਿ ਕਰੋੜਾਂ ਜਾਂ ਹਜ਼ਾਰਾਂ ਕਰੋੜ ਰੁਪਏ ਨਾਲ ਜੁੜੇ ਦਾਅਵਿਆਂ ਦੀ ਜਾਂਚ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ। ਏਜੰਸੀਆਂ ਨੂੰ ਵਿੱਤੀ ਲੈਣ-ਦੇਣ ਦੀ ਪੂਰੀ ਲੜੀ ਸਾਹਮਣੇ ਲਿਆਉਣੀ ਚਾਹੀਦੀ ਹੈ। ਜਾਖੜ ਨੇ ਆਮ ਆਦਮੀ ਪਾਰਟੀ ਦੀ ਦਿੱਲੀ ਲੀਡਰਸ਼ਿਪ 'ਤੇ ਪੰਜਾਬ ਸਰਕਾਰ ਨੂੰ ਪ੍ਰਭਾਵਿਤ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਉਥੋਂ ਦਾ ਸਿਆਸੀ 'ਕਚਰਾ' ਪੰਜਾਬ ਭੇਜਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਨ੍ਹਾਂ ਦੀ ਦਖ਼ਲਅੰਦਾਜ਼ੀ ਕਾਰਨ ਪੰਜਾਬ ਦੀ ਸੱਤਾ ਦਾ ਅਸਲ ਕੰਟਰੋਲ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਦੇ ਹੱਥਾਂ ਤੋਂ ਨਿਕਲ ਕੇ ਦਿੱਲੀ ਦੀ ਲੀਡਰਸ਼ਿਪ ਵੱਲ ਚਲਾ ਗਿਆ ਹੈ। ਜਾਖੜ ਨੇ ਕਿਹਾ ਕਿ ਉਹ 'ਕਬਜ਼ਾ' ਸ਼ਬਦ ਬਹੁਤ ਸੋਚ-ਸਮਝ ਕੇ ਵਰਤ ਰਹੇ ਹਨ।

# ਜਲੰਧਰ ਦੇ ਮਸ਼ਹੂਰ ਹਾਰਟ ਅਟੈਕ ਪਰਾਂਠੇ ਵਾਲੇ ਵੀਰ ਦਵਿੰਦਰ ਸਿੰਘ ਨੂੰ ਮਿਲੀ ਧਮਕੀ

ਜਲੰਧਰ 15 ਅਕਤੂਬਰ। ਕਾਮੇਡੀਅਨ ਕਪਿਲ ਸ਼ਰਮਾ ਸਮੇਤ ਕਈ ਸੈਲੀਬ੍ਰਿਟੀਜ਼ ਨੂੰ ਪਰਾਂਠੇ ਖਵਾਉਣ ਵਾਲੇ ਹਾਰਟ ਅਟੈਕ ਵੀਰ ਦਵਿੰਦਰ ਸਿੰਘ ਨੂੰ ਗਰੁੱਪ ਬਣਾ ਕੇ ਲਾਰੈਂਸ ਬਿਸ਼ਨੋਈ ਦੇ ਨਾਮ ਦੀ ਵਰਤੋਂ ਕਰਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਦਵਿੰਦਰ ਨੇ ਇਸ ਘਟਨਾ ਸਬੰਧੀ ਪੁਲਸ ਡਾਇਰੈਕਟਰ ਜਨਰਲ ਅਤੇ ਪੁਲਸ ਕਮਿਸ਼ਨਰ ਕੋਲ ਇਕ ਆਨਲਾਈਨ ਸ਼ਿਕਾਇਤ ਦਰਜ ਕਰਵਾਈ ਹੈ। ਵੀਰ ਦਵਿੰਦਰ ਨੇ ਰਿਕਾਰਡਿੰਗ ਅਤੇ ਨੰਬਰ ਵੀ ਜਾਰੀ ਕੀਤੇ ਹਨ, ਜਿਸ 'ਚ ਬਸਤੀ ਇਲਾਕੇ ਦੇ ਰਹਿਣ ਦਾ ਦਾਅਵਾ ਕਰਨ ਵਾਲੇ ਨੌਜਵਾਨ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੇ ਹਨ। ਇਕ ਹੋਰ ਵੀਡੀਓ 'ਚ ਵੀਰ ਦਵਿੰਦਰ ਵਿਖਾਉਂਦਾ ਹੈ ਕਿ ਉਸ ਨੂੰ ਵਾਰ-ਵਾਰ ਕਾਲਾਂ ਕਰਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਦਵਿੰਦਰ ਨੇ ਦੱਸਿਆ ਕਿ 30 ਲੋਕਾਂ ਦਾ ਇਕ ਗਰੁੱਪ ਹੈ। ਜਿਸ ਵਿਚ ਉਹ ਗਰੁੱਪ ਕਾਲ ਕਰਕੇ ਵੀਰ ਦਵਿੰਦਰ ਨੂੰ ਪਰੇਸ਼ਾਨ ਕਰ ਰਹੇ ਹਨ। ਦਵਿੰਦਰ ਨੇ ਦੱਸਿਆ ਕਿ ਉਨ੍ਹਾਂ ਨੂੰ ਪਿਛਲੇ ਮਹੀਨੇ ਤੋਂ ਧਮਕੀਆਂ ਮਿਲ ਰਹੀਆਂ ਹਨ। ਦਵਿੰਦਰ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਕਮਿਸ਼ਨਰ ਕੋਲ ਸ਼ਿਕਾਇਤ ਦਰਜ ਕਰਵਾਈ ਹੈ



ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਦਵਿੰਦਰ ਦਾ ਦੋਸ਼ ਹੈ ਕਿ ਨੌਜਵਾਨਾਂ ਨੇ ਲਾਰੈਂਸ ਬਿਸ਼ਨੋਈ ਦਾ ਨਾਂ ਲੈ ਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਉਸ ਦੇ ਖ਼?ਲਾਫ਼ ਬੇਅਦਬੀ ਦਾ ਮਾਮਲਾ ਦਰਜ ਕਰਨ ਦੀ ਧਮਕੀ ਦਿੱਤੀ। ਹਾਲਾਂਕਿ ਨੌਜਵਾਨਾਂ ਨੇ ਕੋਈ ਪੈਸੇ ਦੀ ਮੰਗ ਨਹੀਂ ਕੀਤੀ ਪਰ ਪੁਲਸ ਨੇ 27 ਦਿਨਾਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਨੌਜਵਾਨਾਂ ਵੱਲੋਂ ਲਗਾਤਾਰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਉਹ ਪੁਲਸ ਕਮਿਸ਼ਨਰ ਦਫ਼ਤਰ ਗਿਆ, ਜਿੱਥੇ ਸੀ. ਪੀ. ਸਤਿੰਦਰ ਸਿੰਘ ਨੇ ਉਸ ਦੀ ਗੱਲ ਸੁਣੀ ਪਰ ਅਜੇ ਤੱਕ ਮਸਲਾ ਹੱਲ ਨਹੀਂ ਹੋਇਆ। ਉਹ ਕਈ ਅਧਿਕਾਰੀਆਂ ਦੇ ਕੋਲ ਜਾ ਚੁੱਕੇ ਹਨ। ਇਸ ਦੌਰਾਨ ਉਹ ਪੁਲਸ ਅਧਿਕਾਰੀ ਮਨਪ੍ਰੀਤ ਦੇ ਕੋਲ ਵੀ ਸ਼ਿਕਾਇਤ ਲੈ ਕੇ ਗਏ ਸਨ। ਉਨ੍ਹਾਂ ਅੱਜ ਡੀ. ਜੀ. ਪੀ. ਗੌਰਵ ਯਾਦਵ ਕੋਲ ਇਕ ਆਨਲਾਈਨ ਸ਼ਿਕਾਇਤ ਦਰਜ ਕਰਵਾਈ ਹੈ। ਦਵਿੰਦਰ ਨੇ ਦੱਸਿਆ ਕਿ ਚਾਰ ਤੋਂ ਪੰਜ ਦਿਨ ਪਹਿਲਾਂ ਨੌਜਵਾਨਾਂ ਨੇ ਦਵਿੰਦਰ ਨੂੰ ਫ਼ੋਨ ਕੀਤਾ ਅਤੇ ਉਨ੍ਹਾਂ ਖ਼?ਲਾਫ਼ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਇਸ ਸਥਿਤੀ 'ਚ ਵੀਰ ਦਵਿੰਦਰ ਨੇ ਪ੍ਰਸ਼ਾਸਨ ਨੂੰ ਇਨਸਾਫ਼ ਦੀ ਅਪੀਲ ਕੀਤੀ।

# ਪ੍ਰਤਾਪ ਸਿੰਘ ਬਾਜਵਾ ਦਾ 'ਆਪ' ਤੇ ਭਾਜਪਾ 'ਤੇ ਤਿੱਖਾ ਨਿਸ਼ਾਨਾ, ਕਿਹਾ- ਦੋਵੇਂ ਪਾਰਟੀਆਂ ਸੰਵਿਧਾਨਕ ਸੰਸਥਾਵਾਂ ਨੂੰ ਕਰ ਰਹੀਆਂ ਨੇ ਕਮਜ਼ੋਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 15 ਅਕਤੂਬਰ। ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਕਿਹਾ ਕਿ ਪੰਜਾਬ ਵਿੱਚ ਸਾਹਮਣੇ ਆ ਰਹੇ ਘਟਨਾਕ੍ਰਮ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼?ਲਾਫ਼ ਕਾਂਗਰਸ ਦੀ ਅਗਵਾਈ ਹੇਠ ਅੱਜ ਦੇਸ਼ ਭਰ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਸੰਵਿਧਾਨਕ ਸੰਸਥਾਵਾਂ ਦੀ ਆਜ਼ਾਦੀ ਨੂੰ ਲੈ ਕੇ ਇੱਕੋ ਜਿਹੀ ਸਿਆਸੀ ਸੋਚ ਰੱਖਦੀਆਂ ਹਨ। ਬਾਜਵਾ ਨੇ ਕਿਹਾ ਕਿ ਅੱਜ ਰਾਹੁਲ ਗਾਂਧੀ ਅਤੇ ਇੰਡੀਆ ਗਠਜੋੜ ਦੇ ਆਗੂ ਚੋਣ ਕਮਿਸ਼ਨ ਦੀ ਜਵਾਬਦੇਹੀ ਅਤੇ ਮੁੱਖ ਚੋਣ ਕਮਿਸ਼ਨਰ ਦੀ ਜਵਾਬਦੇਹੀ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਉਤਰੇ ਹਨ। ਦੂਜੇ ਪਾਸੇ, ਪੰਜਾਬ ਵਿੱਚ ਭਗਵੰਤ ਮਾਨ ਸਰਕਾਰ ਨਿਆਂਪਾਲਿਕਾ ਵੱਲੋਂ ਦਿੱਤੇ ਸੁਤੰਤਰ ਜਾਂਚ ਦੇ ਹੁਕਮਾਂ ਨੂੰ ਚੁਣੌਤੀ ਦੇ ਰਹੀ ਹੈ। ਬਾਜਵਾ ਨੇ ਕਿਹਾ, "ਕੇਂਦਰ ਵਿੱਚ ਚੋਣ ਕਮਿਸ਼ਨ ਦੀ ਆਜ਼ਾਦੀ ਅਤੇ ਭਰੋਸੇਯੋਗਤਾ 'ਤੇ ਸਵਾਲ ਉੱਠ ਰਹੇ



ਹਨ, ਜਦਕਿ ਪੰਜਾਬ ਵਿੱਚ ਸਰਕਾਰ ਆਪਣੀ ਅਫ਼ਸਰਸ਼ਾਹੀ ਅਤੇ ਜਾਂਚ ਪ੍ਰਣਾਲੀ ਨੂੰ ਸਿਆਸੀ ਹਿੱਤਾਂ ਲਈ ਵਰਤਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ। ਦੋਵੇਂ ਮਾਮਲਿਆਂ ਵਿੱਚ ਮੁੱਖ ਸਵਾਲ ਇੱਕੋ ਹੈ—ਕੀ ਸੰਵਿਧਾਨਕ ਸੰਸਥਾਵਾਂ ਸੱਤਾਧਾਰੀ ਪਾਰਟੀ ਦੀ ਸਹੂਲਤ ਅਨੁਸਾਰ ਚੱਲਣਗੀਆਂ ਜਾਂ ਸੰਵਿਧਾਨ ਅਨੁਸਾਰ? ਬਾਜਵਾ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਸੁਤੰਤਰ ਸੀਬੀਆਈ ਜਾਂਚ ਦੇ ਹੁਕਮ ਦਿੱਤੇ ਗਏ ਸਨ ਅਤੇ ਸੀਬੀਆਈ ਨੂੰ ਦੋ ਮਹੀਨਿਆਂ ਅੰਦਰ ਜਾਂਚ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਸੀ। ਇਸ ਦੇ ਬਾਵਜੂਦ ਭਗਵੰਤ ਮਾਨ ਸਰਕਾਰ ਨੇ ਜਾਂਚ ਨੂੰ ਅੱਗੇ ਵਧਣ ਦੇਣ ਦੀ ਬਜਾਏ ਸੁਪਰੀਮ ਕੋਰਟ ਦਾ ਰੁਖ ਕਰ ਲਿਆ। ਉਨ੍ਹਾਂ ਸਵਾਲ ਕੀਤਾ,"ਜੇ ਮਾਨ ਸਰਕਾਰ ਕੋਲ ਲੁਕਾਉਣ ਲਈ ਕੁਝ ਨਹੀਂ ਹੈ ਤਾਂ ਉਹ ਸੁਤੰਤਰ ਸੀਬੀਆਈ ਜਾਂਚ ਤੋਂ ਕਿਉਂ ਘਬਰਾ ਰਹੀ ਹੈ? ਕੀ ਇਸਦਾ ਮਕਸਦ ਜਾਂਚ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਤੱਕ ਲਟਕਾਉਣਾ ਹੈ? ਬਾਜਵਾ ਨੇ ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨ੍ਹਾ ਖ਼?ਲਾਫ਼ ਹਾਈ ਕੋਰਟ ਵੱਲੋਂ ਜਾਰੀ ਕੀਤੇ ਅਦਾਲਤੀ ਮਾਣਹਾਨੀ ਨੋਟਿਸ ਨੂੰ ਵੀ ਗੰਭੀਰ ਮਾਮਲਾ ਦੱਸਿਆ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਦੇ ਸਭ ਤੋਂ ਉੱਚੇ ਪ੍ਰਸ਼ਾਸਨਿਕ ਅਧਿਕਾਰੀ ਵੱਲੋਂ ਅਦਾਲਤ ਸਾਹਮਣੇ ਦਿੱਤੇ ਗਏ ਬਿਆਨ 'ਤੇ ਹੀ ਸਵਾਲ ਖੜ੍ਹੇ ਹੋ ਜਾਣ ਤਾਂ ਇਹ ਪੂਰੀ ਅਫ਼ਸਰਸ਼ਾਹੀ ਦੀ ਭਰੋਸੇਯੋਗਤਾ ਨੂੰ ਪ੍ਰਭਾਵਿਤ ਕਰਦਾ ਹੈ। ਬਾਜਵਾ ਨੇ ਕਿਹਾ,"ਇਹ ਸਿਰਫ਼ ਕਿਸੇ ਇੱਕ ਅਧਿਕਾਰੀ ਦੀ ਗਲਤੀ ਦਾ ਮਾਮਲਾ ਨਹੀਂ। ਸਵਾਲ ਇਹ ਹੈ ਕਿ ਇਹ ਕਦਮ ਕਿਸ ਦੇ ਇਸ਼ਾਰੇ 'ਤੇ ਚੁੱਕੇ ਗਏ ਅਤੇ ਅਦਾਲਤ ਸਾਹਮਣੇ ਦਿੱਤੀ ਜਾਣਕਾਰੀ ਦੀ ਜ਼ਿੰਮੇਵਾਰੀ ਕਿਸ ਦੀ ਹੈ? ਭਾਜਪਾ ਅਤੇ 'ਆਪ' ਦੀ ਤੁਲਨਾ ਕਰਦਿਆਂ ਬਾਜਵਾ ਨੇ ਕਿਹਾ, "ਕੇਂਦਰ ਵਿੱਚ ਭਾਜਪਾ ਅਤੇ ਪੰਜਾਬ ਵਿੱਚ 'ਆਪ' ਸਰਕਾਰ ਵੱਲੋਂ ਸੰਸਥਾਵਾਂ ਦੀ ਆਜ਼ਾਦੀ ਨੂੰ ਸਿਆਸੀ ਸੁਵਿਧਾ ਲਈ ਕਮਜ਼ੋਰ ਕਰਨ ਦੀ ਇੱਕੋ ਜਿਹੀ ਪ੍ਰਵਿਰਤੀ ਨਜ਼ਰ ਆ ਰਹੀ ਹੈ। ਚੋਣ ਕਮਿਸ਼ਨ ਹੋਵੇ, ਅਫ਼ਸਰਸ਼ਾਹੀ ਹੋਵੇ ਜਾਂ ਜਾਂਚ ਏਜੰਸੀਆਂ—ਸੰਸਥਾਵਾਂ ਨੂੰ ਸੱਤਾ ਤੋਂ ਸੁਤੰਤਰ ਰਹਿਣਾ ਚਾਹੀਦਾ ਹੈ। ਬਾਜਵਾ ਨੇ ਕਿਹਾ,"ਭਾਜਪਾ ਤੇ 'ਆਪ' ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਮਾਮਲੇ ਵਿੱਚ ਇੱਕੋ ਰਾਹ 'ਤੇ ਹਨ। ਲੋਕਤੰਤਰ ਦੀ ਰੱਖਿਆ ਲਈ ਸੰਸਥਾਵਾਂ ਦੀ ਆਜ਼ਾਦੀ, ਨਿਰਪੱਖਤਾ ਅਤੇ ਜਵਾਬਦੇਹੀ ਨੂੰ ਹਰ ਕੀਮਤ 'ਤੇ ਕਾਇਮ ਰੱਖਣਾ ਹੋਵੇਗਾ,

# 'ਜਾਅਲੀ ਨੋਟ' ਗਿਰੋਹ ਦਾ ਪਰਦਾਫਾਸ਼ ! ਦਿੱਲੀ ਪੁਲਸ ਨੇ 10.50 ਲੱਖ ਦੇ ਨੋਟਾਂ ਸਣੇ 4 ਨੂੰ ਕੀਤਾ ਗ੍ਰਿ.ਫਤਾਰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 15 ਅਕਤੂਬਰ। ਦਿੱਲੀ ਦੇ ਰੋਹਿਣੀ ਜ਼ਿਲ੍ਹੇ 'ਚ ਪੁਲਸ ਨੇ ਜਾਅਲੀ ਨੋਟਾਂ ਦੀ ਸਪਲਾਈ ਕਰਨ ਅਤੇ ਉਨ੍ਹਾਂ ਨੂੰ ਬਜ਼ਾਰ 'ਚ ਚਲਾਉਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰ ਕੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਉਨ੍ਹਾਂ ਕੋਲੋਂ 10.50 ਲੱਖ ਰੁਪਏ ਦੇ ਜਾਅਲੀ ਨੋਟ ਬਰਾਮਦ ਕੀਤੇ ਹਨ। ਇਕ ਸੀਨੀਅਰ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਰਾਜਸਥਾਨ ਦੇ ਜੈਪੁਰ ਵਾਸੀ 56 ਸਾਲਾ ਪੁਸ਼ਕਰ ਰਾਜ ਪੁਰਬੀਆ ਉਰਫ਼ 'ਡਾਕਟਰ', ਰਾਜਸਥਾਨ ਦੇ ਬਾੜਮੇਰ ਵਾਸੀ 22 ਸਾਲਾ ਗੋਸਾਈ ਰਾਮ, ਹਰਿਆਣਾ ਦੇ ਸੋਨੀਪਤ ਵਾਸੀ 28 ਸਾਲਾ ਸਾਹਿਲ ਖਰਬ ਅਤੇ ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦੇ ਵਾਸੀ 31 ਸਾਲਾ ਨਰਿੰਦਰ ਕੁਮਾਰ ਵਜੋਂ ਹੋਈ ਹੈ। ਪੁਲਸ ਦੇ ਅਨੁਸਾਰ, 30 ਸਤੰਬਰ ਨੂੰ ਪ੍ਰਸ਼ਾਂਤ ਵਿਹਾਰ ਥਾਣਾ ਖੇਤਰ 'ਚ ਜਾਪਾਨੀ ਪਾਰਕ ਕੋਲ ਛਾਪੇਮਾਰੀ ਕਰ ਕੇ ਪੁਸ਼ਕਰ ਰਾਜ ਪੁਰਬੀਆ, ਗੋਸਾਈ ਰਾਮ ਅਤੇ ਸਾਹਿਲ ਖਰਬ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਕੋਲੋਂ 500 ਰੁਪਏ ਦੇ ਸ਼ੱਕੀ ਨਕਲੀ ਨੋਟ ਅਤੇ ਨਕਲੀ ਨੋਟ ਤਿਆਰ ਕਰਨ 'ਚ ਇਸਤੇਮਾਲ ਹੋਣ ਵਾਲੀ ਹੋਰ ਸਮੱਗਰੀ ਬਰਾਮਦ ਹੋਈ। ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧ 'ਚ 1 ਅਕਤੂਬਰ ਨੂੰ ਪ੍ਰਸ਼ਾਂਤ ਵਿਹਾਰ ਪੁਲਸ ਸਟੇਸ਼ਨ 'ਚ ਭਾਰਤੀ ਦੰਡ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਰੋਹਿਣੀ ਦੇ ਡਿਪਟੀ ਕਮਿਸ਼ਨਰ ਆਫ਼ (ਡੀਸੀਪੀ) ਸ਼ਸ਼ਾਂਕ ਜਾਇਸਵਾਲ ਨੇ ਦੱਸਿਆ ਕਿ ਇਸ ਤੋਂ ਬਾਅਦ ਪੁੱਛ-ਗਿੱਛ ਅਤੇ ਤਕਨੀਕੀ ਨਿਗਰਾਨੀ ਦੇ ਆਧਾਰ 'ਤੇ ਨਰਿੰਦਰ ਕੁਮਾਰ ਨੂੰ ਰਾਜਸਥਾਨ ਦੇ ਚੁਰੂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨਾਲ ਜੁੜੇ ਕੰਪਲੈਕਸਾਂ ਦੀ ਤਲਾਸ਼ੀ ਦੌਰਾਨ ਪ੍ਰਿੰਟਿੰਗ ਉਪਕਰਣ, ਡਿਜੀਟਲ ਉਪਕਰਣ, ਛਪਾਈ



ਸਮੱਗਰੀ ਅਤੇ ਹੋਰ ਚੀਜ਼ਾਂ ਬਰਾਮਦ ਹੋਈਆਂ ਜੋ ਕਥਿਤ ਤੌਰ 'ਤੇ ਨਕਲੀ ਨੋਟਾਂ ਦੇ ਉਤਪਾਦਨ ਅਤੇ ਛਪਾਈ 'ਚ ਵਰਤੀਆਂ ਜਾਂਦੀਆਂ ਸਨ। ਡੀਸੀਪੀ ਦੇ ਅਨੁਸਾਰ, ਕਾਰਵਾਈ ਅਤੇ ਬਾਅਦ ਦੀ ਜਾਂਚ ਦੌਰਾਨ 500 ਰੁਪਏ ਦੇ ਮੁੱਲ ਦੇ ਸ਼ੱਕੀ ਨਕਲੀ ਨੋਟਾਂ ਦੇ 21 ਬੰਡਲ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਕੁੱਲ ਕੀਮਤ ਲਗਭਗ 10.50 ਲੱਖ ਰੁਪਏ ਹੈ। ਪੁਲਸ ਨੇ ਕਿਹਾ ਕਿ ਪੂਰਬੀਆ ਪ੍ਰਾਪਰਟੀ ਡੀਲਰ ਸੀ ਅਤੇ ਕਥਿਤ ਤੌਰ 'ਤੇ ਨਕਲੀ ਨੋਟਾਂ ਦੇ ਉਤਪਾਦਨ ਅਤੇ ਪ੍ਰਸਾਰ ਲਈ ਦੂਜੇ ਮੁਲਜ਼ਮਾਂ ਨਾਲ ਤਾਲਮੇਲ ਕਰਦਾ ਸੀ, ਜਦੋਂ ਕਿ ਗੋਸਾਈ ਰਾਮ 'ਤੇ ਸਮੱਗਰੀ ਪ੍ਰਾਪਤ ਕਰਨ ਅਤੇ ਆਨਲਾਈਨ ਸਰੋਤਾਂ ਅਤੇ ਸੋਸ਼ਲ ਮੀਡੀਆ ਰਾਹੀਂ ਨਕਲੀ ਨੋਟ ਤਿਆਰ ਕਰਨ ਦੀ ਪ੍ਰਕਿਰਿਆ ਸਿੱਖਣ ਦਾ ਦੋਸ਼ ਹੈ। ਪੁਲਸ ਨੇ ਕਿਹਾ ਕਿ ਸਾਹਿਲ ਖਰਬ 'ਤੇ ਸਮੱਗਰੀ ਪ੍ਰਾਪਤ ਕਰਨ, ਸੋਨੀਪਤ 'ਚ ਇਮਾਰਤਾਂ ਦਾ ਪ੍ਰਬੰਧ ਕਰਨ ਅਤੇ ਕਥਿਤ ਤੌਰ 'ਤੇ ਨਕਲੀ ਨੋਟਾਂ ਦੀ ਤਿਆਰੀ ਅਤੇ ਪ੍ਰਸਾਰ 'ਚ ਮਦਦ ਕਰਨ ਦਾ ਦੋਸ਼ ਹੈ। ਨਰਿੰਦਰ ਕੁਮਾਰ 'ਤੇ ਪੁਸ਼ਕਰ ਰਾਜ ਪੁਰਬੀਆ ਅਤੇ ਗੋਸਾਈ ਰਾਮ ਦੇ ਸੰਪਰਕ 'ਚ ਹੋਣ ਅਤੇ ਸਮੱਗਰੀ ਪ੍ਰਾਪਤ ਕਰਨ 'ਚ ਮਦਦ ਕਰਨ ਦਾ ਸ਼ੱਕ ਹੈ। ਪੁਲਸ ਨੇ ਕਿਹਾ ਕਿ ਬਰਾਮਦ ਕੀਤੀਆਂ ਗਈਆਂ ਚੀਜ਼ਾਂ 'ਚ ਦੋ ਰੰਗੀਨ ਪ੍ਰਿੰਟਰ, ਇਕ ਕਾਗਜ਼ ਕੱਟਣ ਵਾਲੀ ਮਸ਼ੀਨ, ਦੋ ਲੈਪਟਾਪ, ਇਕ ਨੋਟ-ਗਿਣਤੀ ਮਸ਼ੀਨ, ਸਕ੍ਰੀਨ-ਪ੍ਰਿੰਟਿੰਗ ਸਮੱਗਰੀ, ਇਕ ਡੈਸਕਟੌਪ ਕੰਪਿਊਟਰ, ਦੋ ਮਾਨੀਟਰ, ਇਕ ਸੀਪੀਯੂ ਅਤੇ ਉੱਚ-ਸੁਰੱਖਿਆ ਵਿਸ਼ੇਸ਼ਤਾਵਾਂ ਵਾਲਾ ਖਾਲੀ ਸੁਰੱਖਿਆ ਕਾਗਜ਼ ਸ਼ਾਮਲ ਹਨ। ਪੁਲਸ ਨੇ ਕਿਹਾ ਕਿ ਪੂਰੇ ਗਿਰੋਹ, ਨਕਲੀ ਨੋਟਾਂ ਦੇ ਸਰੋਤ ਅਤੇ ਗਿਰੋਹ 'ਚ ਸ਼ਾਮਲ ਹੋਰ ਵਿਅਕਤੀਆਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

# ਟੈਂਕ ਸ.ਫਾਈ ਦੌਰਾਨ ਜ਼ਹਿਰੀਲੀ ਗੈਸ ਦੀ ਲਪੇਟ 'ਚ ਆਏ 4 ਵਿਦਿਆਰਥੀ, ਹੋਈ ਮੌਤ

ਮਥੁਰਾ 15 ਅਕਤੂਬਰ। ਮਥੁਰਾ ਜ਼ਿਲ੍ਹੇ ਦੇ ਵ੍ਰਿੰਦਾਵਨ ਦੇ ਚੈਤੰਨਿਆ ਵਿਹਾਰ ਖੇਤਰ ਵਿੱਚ ਮੰਗਲਵਾਰ ਦੇਰ ਰਾਤ ਇੱਕ ਟੈਂਕ ਦੀ ਸਫਾਈ ਕਰਦੇ ਸਮੇਂ ਜ਼ਹਿਰੀਲੀ ਗੈਸ ਸਾਹ ਲੈਣ ਨਾਲ ਚਾਰ ਵਿਦਿਆਰਥੀਆਂ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਪੁਲਸ ਵਲੋਂ ਕੀਤੀ ਜਾ ਰਹੀ ਹੈ। ਪੁਲਸ ਮੁਤਾਬਕ ਮਹਾਰਿਸ਼ੀ ਪਾਨਿਨੀ ਸੰਸਕ੍ਰਿਤ ਗੁਰੂਕੁਲ ਵਿਦਿਆਲਿਆ ਵਿੱਚ ਇੱਕ ਸਬਮਰਸੀਬਲ ਪਾਣੀ ਦੀ ਟੈਂਕੀ ਦੀ ਸਫਾਈ ਕਰਦੇ ਸਮੇਂ ਜ਼ਹਿਰੀਲੀ ਗੈਸ ਸਾਹ ਦੀ ਲਪੇਟ ਅਤੇ ਡੁੱਬਣ ਨਾਲ ਚਾਰ ਸੰਸਕ੍ਰਿਤ ਵਿਦਿਆਰਥੀਆਂ ਦੀ ਮੌਤ ਹੋ ਗਈ। ਇੱਕ ਹੋਰ ਵਿਦਿਆਰਥੀ ਅਜੇ ਵੀ ਇਲਾਜ ਅਧੀਨ ਹੈ। ਵਿਦਿਆਰਥੀਆਂ ਨਾਲ ਵਾਪਰੀ ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਪ੍ਰਸ਼ਾਸਨਿਕ ਸਟਾਫ਼ ਹਿੱਲ ਗਿਆ। ਮੁੱਖ ਮੰਤਰੀ ਨੇ ਵੀ ਇਸ ਮਾਮਲੇ ਦਾ ਤੁਰੰਤ ਨੋਟਿਸ ਲਿਆ ਹੈ। ਰਿਪੋਰਟਾਂ ਅਨੁਸਾਰ, ਗੁਰੂਕੁਲ ਵਿੱਚ ਸਥਿਤ 12 ਫੁੱਟ ਡੂੰਘੀ ਸਬਮਰਸੀਬਲ ਪਾਣੀ ਦੀ ਟੈਂਕੀ ਵਿੱਚੋਂ ਬਦਬੂ ਆ ਰਹੀ ਸੀ। ਰਾਤ 10 ਵਜੇ ਦੇ ਕਰੀਬ ਇੱਕ ਵਿਦਿਆਰਥੀ ਟੈਂਕ ਸਾਫ਼ ਕਰਨ ਲਈ ਹੇਠਾਂ ਉਤਰਿਆ। ਟੈਂਕ ਦੇ ਅੰਦਰ ਜ਼ਹਿਰੀਲੀ ਗੈਸ ਕਾਰਨ ਦਮ ਘੁੱਟਣ ਕਾਰਨ ਵਿਦਿਆਰਥੀ ਬੇਹੋਸ਼ ਹੋ ਗਿਆ। ਉਸਨੂੰ ਬਚਾਉਣ ਲਈ ਉਸਦੇ ਦੋਸਤ ਇੱਕ-ਇੱਕ ਕਰਕੇ ਟੈਂਕ ਵਿੱਚ ਹੇਠਾਂ ਉਤਰ ਗਏ ਪਰ ਜ਼ਹਿਰੀਲੀ ਗੈਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਉਹ ਸਾਰੇ ਬੇਹੋਸ਼ ਹੋ ਗਏ। ਹਾਦਸੇ ਦੀ ਜਾਣਕਾਰੀ ਮਿਲਦੇ ਹੀ ਮੌਕੇ 'ਤੇ ਮੌਜੂਦ ਹੋਰ ਲੋਕਾਂ ਅਤੇ ਸਥਾਨਕ ਪੁਲਸ ਨੇ ਬਚਾਅ ਅਤੇ ਰਾਹਤ ਕਾਰਜ ਕਰਨੇ ਸ਼ੁਰੂ ਕਰ ਦਿੱਤੇ। ਪੰਜਾਂ ਵਿਦਿਆਰਥੀਆਂ ਨੂੰ ਬੇਹੋਸ਼ ਹਾਲਤ ਵਿੱਚ ਬਾਹਰ ਕੱਢਿਆ ਗਿਆ ਅਤੇ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਇਸ ਹਾਦਸੇ ਦੌਰਾਨ ਮਨੂ ਕਟਾਰੇ, ਵਿਸ਼ੂ, ਦੇਵਾਂਸ਼ ਅਤੇ ਆਰੀਅਨ ਨੂੰ ਮ੍ਰਿਤਕ ਐਲਾਨ ਦਿੱਤਾ। ਸਥਾਨਕ ਨਿਵਾਸੀਆਂ ਦੇ ਅਨੁਸਾਰ ਇਹ ਗੁਰੂਕੁਲ ਪਿਛਲੇ ਤਿੰਨ ਸਾਲਾਂ ਤੋਂ ਚੱਲ ਰਿਹਾ ਹੈ। ਇਸਦੀ ਤਿੰਨ ਮੰਜ਼ਿਲਾ ਇਮਾਰਤ ਵਿੱਚ 200 ਵਿਦਿਆਰਥੀ ਰਜਿਸਟਰਡ ਹਨ ਅਤੇ ਲਗਭਗ 100 ਵਿਦਿਆਰਥੀ ਉੱਥੇ ਪੜ੍ਹ ਰਹੇ ਹਨ। ਗੁਰੂਕੁਲ ਦੇ ਇੱਕ ਵਿਦਿਆਰਥੀ ਨੇ ਦੱਸਿਆ ਕਿ ਵਿਦਿਆਰਥੀ ਪਾਣੀ ਦੀ ਟੈਂਕੀ ਨੂੰ ਸਾਫ਼ ਕਰਨ ਲਈ ਹੇਠਾਂ ਗਏ ਸਨ ਤਾਂ ਜੋ ਉਸ ਵਿੱਚੋਂ ਆ ਰਹੀ ਬਦਬੂ ਨੂੰ ਦੂਰ ਕੀਤਾ ਜਾ ਸਕੇ।

# ਮੁੱਖ ਸਕੱਤਰ ਨੂੰ ਹਾਈ ਕੋਰਟ ਨੇ ਜਾਰੀ ਕੀਤਾ ਕਾਰਨ ਦੱਸੋ ਨੋਟਿਸ, 'ਝੂਠੇ ਦਾਅਵੇ' 'ਤੇ ਲਟਕੀ ਉਲੰਘਣਾ ਦੀ ਤਲਵਾਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 15 ਅਕਤੂਬਰ। ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ (ਡੀਏ) ਦੇ ਮਾਮਲੇ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੰਗਲਵਾਰ ਨੂੰ ਸੂਬਾ ਸਰਕਾਰ ਖ਼?ਲਾਫ਼ ਸਖ਼ਤ ਰੁਖ਼ ਅਪਣਾਇਆ। ਸੁਪਰੀਮ ਕੋਰਟ 'ਚ ਦਾਇਰ ਵਿਸ਼ੇਸ਼ ਇਜਾਜ਼ਤ ਪਟੀਸ਼ਨ (ਐੱਸਐੱਲਪੀ) 'ਚ ਖਾਮੀਆਂ ਦੂਰ ਕੀਤੇ ਜਾਣ ਸਬੰਧੀ ਮੁੱਖ ਸਕੱਤਰ ਦੇ ਦਾਅਵੇ ਨੂੰ ਹਾਈ ਕੋਰਟ ਨੇ ਪਹਿਲੀ ਨਜ਼ਰੇ "ਸਪੱਸ਼ਟ ਤੌਰ 'ਤੇ ਝੂਠਾ"ਪਾਇਆ। ਅਦਾਲਤ ਨੇ ਮੁੱਖ ਸਕੱਤਰ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਹੈ ਕਿ ਉਨ੍ਹਾਂ ਖ਼?ਲਾਫ਼ ਜਾਣਬੁੱਝ ਕੇ ਅਦਾਲਤ ਨੂੰ ਗੁੰਮਰਾਹ ਕਰਨ ਦੇ ਦੋਸ਼ 'ਚ ਅਪਰਾਧਿਕ ਅਵਮਾਨਨਾ ਦੀ ਕਾਰਵਾਈ ਕਿਉਂ ਨਾ ਸ਼ੁਰੂ ਕੀਤੀ ਜਾਵੇ। ਮੁੱਖ ਸਕੱਤਰ ਨੂੰ ਸ਼ੁੱਕਰਵਾਰ ਨੂੰ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ ਨਿੱਜੀ ਤੌਰ 'ਤੇ ਹਾਜ਼ਰ ਰਹਿਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਮੁੱਖ ਜੱਜ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੀ ਬੈਂਚ ਨੇ ਇਹ ਹੁਕਮ ਸੁਪਰੀਮ ਕੋਰਟ ਰਜਿਸਟਰੀ ਤੋਂ ਮਿਲੀ ਸਟੇਟਸ ਰਿਪੋਰਟ ਦੇ ਆਧਾਰ 'ਤੇ ਦਿੱਤਾ। ਰਿਪੋਰਟ 'ਚ ਸਪੱਸ਼ਟ ਹੋਇਆ ਕਿ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਦਾਇਰ ਅਪੀਲ 'ਚ ਰਜਿਸਟਰੀ ਵੱਲੋਂ ਦੱਸੀਆਂ ਗਈਆਂ ਖਾਮੀਆਂ ਅਜੇ ਤੱਕ ਦੂਰ ਨਹੀਂ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਅਪੀਲ ਵੀ ਖਾਮੀਆਂ ਕਾਰਨ ਲੰਬਿਤ ਹੈ। ਹਾਈ ਕੋਰਟ ਨੇ ਕਿਹਾ ਕਿ ਸੁਪਰੀਮ ਕੋਰਟ ਰਜਿਸਟਰੀ ਦੀ ਰਿਪੋਰਟ ਤੋਂ ਸਪੱਸ਼ਟ ਹੈ ਕਿ ਸੋਮਵਾਰ ਨੂੰ ਉਸ ਦੇ ਸਾਹਮਣੇ ਗਲਤ ਬਿਆਨ ਦਿੱਤਾ ਗਿਆ ਸੀ। ਮਾਮਲੇ ਦੀ ਪਿਛਲੀ ਸੁਣਵਾਈ ਸੋਮਵਾਰ ਨੂੰ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ 'ਚ ਲੰਬਿਤ ਅਪੀਲ ਦੀ ਅਸਲ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਸੀ। ਮੁੱਖ ਸਕੱਤਰ ਵੀ ਅਦਾਲਤ 'ਚ ਹਾਜ਼ਰ ਹੋਏ ਸਨ ਅਤੇ ਉਨ੍ਹਾਂ ਨੇ ਹਲਫ਼ਨਾਮਾ ਦਾਇਰ ਕੀਤਾ ਸੀ। ਸੂਬਾ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਅਪੀਲ 'ਚ ਦੱਸੀਆਂ ਗਈਆਂ ਖਾਮੀਆਂ ਦੂਰ ਕਰ ਦਿੱਤੀਆਂ ਗਈਆਂ ਹਨ। ਪਟੀਸ਼ਨਰਾਂ ਨੇ ਇਸ ਦਾਅਵੇ ਦਾ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਹਾਈ ਕੋਰਟ ਨੇ ਤੁਰੰਤ ਸੁਪਰੀਮ ਕੋਰਟ ਰਜਿਸਟਰੀ ਤੋਂ ਸਟੇਟਸ ਰਿਪੋਰਟ ਮੰਗਵਾਈ ਸੀ। ਮੰਗਲਵਾਰ ਨੂੰ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਬੈਂਚ ਨੇ ਕਿਹਾ ਕਿ ਮੁੱਖ ਸਕੱਤਰ ਵੱਲੋਂ ਅਦਾਲਤ ਦੇ ਸਾਹਮਣੇ ਤੱਥਾਂ ਦਾ ਜਾਣਬੁੱਝ ਕੇ ਗਲਤ ਜ਼ਿਕਰ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਅਦਾਲਤ ਨੇ ਕਿਹਾ ਕਿ ਪਹਿਲੀ ਨਜ਼ਰ 'ਚ ਮੁੱਖ ਸਕੱਤਰ ਵੱਲੋਂ ਅਦਾਲਤ ਨੂੰ ਗੁੰਮਰਾਹ ਕਰਨ ਲਈ ਗਲਤ ਤੱਥ ਪੇਸ਼ ਕੀਤੇ ਗਏ ਹਨ। ਹਾਈ ਕੋਰਟ ਨੇ ਮਾਮਲੇ ਦੀ ਸੁਣਵਾਈ




ਦੌਰਾਨ ਘਟਨਾਕ੍ਰਮ ਦਾ ਜ਼ਿਕਰ ਕਰਦਿਆਂ ਕਿਹਾ ਕਿ 7 ਸਤੰਬਰ ਨੂੰ ਉਸ ਨੇ ਕੋਈ ਹੁਕਮ ਪਾਸ ਨਹੀਂ ਕੀਤਾ ਸੀ ਅਤੇ ਸੂਬਾ ਸਰਕਾਰ ਵੱਲੋਂ ਸੁਪਰੀਮ ਕੋਰਟ 'ਚ ਅਪੀਲ ਦਾਇਰ ਕੀਤੇ ਜਾਣ ਦੀ ਜਾਣਕਾਰੀ ਮਿਲਣ ਤੋਂ ਬਾਅਦ ਦੋਵਾਂ ਧਿਰਾਂ ਦੀ ਬੇਨਤੀ 'ਤੇ ਸੁਣਵਾਈ ਮੁਲਤਵੀ ਕੀਤੀ ਗਈ ਸੀ। 10 ਸਤੰਬਰ ਨੂੰ ਵੀ ਸੂਬਾ ਸਰਕਾਰ ਦੀ ਬੇਨਤੀ 'ਤੇ ਸੁਣਵਾਈ ਟਾਲੀ ਗਈ ਸੀ, ਤਾਂ ਜੋ ਉਸ ਦੀ ਅਪੀਲ ਸੁਪਰੀਮ ਕੋਰਟ 'ਚ ਸੁਣਵਾਈ ਲਈ ਆ ਸਕੇ। 22 ਸਤੰਬਰ ਨੂੰ ਹੋਈ ਸੁਣਵਾਈ ਦੌਰਾਨ ਹਾਈ ਕੋਰਟ ਨੂੰ ਦੱਸਿਆ ਗਿਆ ਸੀ ਕਿ ਸੂਬਾ ਸਰਕਾਰ ਦੀ ਅਪੀਲ ਅਜੇ ਵੀ ਖਾਮੀਆਂ 'ਚ ਫਸੀ ਹੋਈ ਹੈ। ਪਟੀਸ਼ਨਰਾਂ ਨੇ ਦੋਸ਼ ਲਗਾਇਆ ਸੀ ਕਿ ਸੂਬਾ ਸਰਕਾਰ ਵੱਲੋਂ ਮਾਮਲੇ ਦੇ ਹੱਲ ਦਾ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ, ਜਦਕਿ ਧਿਰਾਂ ਵਿਚਕਾਰ ਕੋਈ ਸਮਝੌਤਾ ਨਹੀਂ ਹੋਇਆ ਹੈ। ਬੈਂਚ ਨੇ ਕਿਹਾ ਕਿ ਇਸੇ ਕਾਰਨ ਮੁੱਖ ਸਕੱਤਰ ਨੂੰ ਅਦਾਲਤ 'ਚ ਬੁਲਾਇਆ ਗਿਆ ਸੀ, ਤਾਂ ਜੋ ਸੂਬਾ ਸਰਕਾਰ ਪਹਿਲਾਂ ਆਪਣੀ ਅਪੀਲ ਦੀਆਂ ਖਾਮੀਆਂ ਦੂਰ ਕਰਵਾਏ ਅਤੇ ਇਸ ਤੋਂ ਬਾਅਦ ਸੁਪਰੀਮ ਕੋਰਟ 'ਚ ਉਪਲਬਧ ਕਾਨੂੰਨੀ ਉਪਾਅ ਦੀ ਵਰਤੋਂ ਕਰੇ। ਸੂਬਾ ਸਰਕਾਰ ਵੱਲੋਂ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਦਲੀਲ ਦਿੱਤੀ ਕਿ ਫ਼ੈਸਲਾ ਸੁਣਾਏ ਜਾਣ ਤੋਂ ਬਾਅਦ ਬੈਂਚ ਇਸ ਮਾਮਲੇ 'ਚ ਕਾਰਜਮੁਕਤ ਹੋ ਚੁੱਕੀ ਹੈ ਅਤੇ ਕਥਿਤ ਅਵਮਾਨਨਾ ਦਾ ਮਾਮਲਾ ਪਹਿਲਾਂ ਤੋਂ ਦਾਇਰ ਅਵਮਾਨਨਾ ਪਟੀਸ਼ਨ 'ਚ ਹੀ ਦੇਖਿਆ ਜਾਣਾ ਚਾਹੀਦਾ ਹੈ। ਸੂਬਾ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 215 ਤਹਿਤ ਦਾਇਰ ਅਰਜ਼ੀ ਨੂੰ ਲੈ ਕੇ 'ਬੈਂਚ ਤਲਾਸ਼ਣ' ਦਾ ਦੋਸ਼ ਵੀ ਲਗਾਇਆ ਗਿਆ। ਪਟੀਸ਼ਨਰਾਂ ਵੱਲੋਂ ਸੀਨੀਅਰ ਵਕੀਲ ਸੰਜੇ ਕੌਸ਼ਲ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਧਾਰਾ 215 ਤਹਿਤ ਅਰਜ਼ੀ ਦਾਇਰ ਕਰਨ ਵਾਲੇ ਕਈ ਲੋਕ ਮੂਲ ਪਟੀਸ਼ਨਰ ਜਾਂ ਮਾਮਲੇ 'ਚ ਦਖ਼ਲ ਦੇਣ ਵਾਲੇ ਹਨ। ਉਨ੍ਹਾਂ ਕਿਹਾ ਕਿ 3 ਅਗਸਤ ਦੇ ਫ਼ੈਸਲੇ 'ਚ ਮੁੱਖ ਸਕੱਤਰ ਨੂੰ 31 ਅਗਸਤ ਤੱਕ ਪਾਲਣਾ ਹਲਫ਼ਨਾਮਾ ਦਾਇਰ ਕਰਨ ਦਾ ਸਪੱਸ਼ਟ ਨਿਰਦੇਸ਼ ਦਿੱਤਾ ਗਿਆ ਸੀ। ਇਹ ਪੂਰਾ ਵਿਵਾਦ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ ਅਤੇ ਮਹਿੰਗਾਈ ਰਾਹਤ ਦੀਆਂ ਬਕਾਇਆ ਕਿਸ਼ਤਾਂ ਦੇ ਭੁਗਤਾਨ ਨਾਲ ਜੁੜਿਆ ਹੋਇਆ ਹੈ। 3 ਅਗਸਤ ਨੂੰ ਹਾਈ ਕੋਰਟ ਦੀ ਬੈਂਚ ਨੇ ਪੰਜਾਬ ਸਰਕਾਰ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀਆਂ ਅਪੀਲਾਂ ਖਾਰਜ ਕਰਦਿਆਂ ਸਿੰਗਲ ਬੈਂਚ ਦੇ ਨਿਰਦੇਸ਼ਾਂ ਨੂੰ ਬਰਕਰਾਰ ਰੱਖਿਆ ਸੀ। ਇਸ ਦੇ ਨਾਲ ਹੀ ਭੁਗਤਾਨ ਦੀ ਸਮਾਂ-ਸੀਮਾ 'ਚ ਸੋਧ ਕਰਦਿਆਂ ਲੰਬਿਤ ਡੀਏ ਅਤੇ ਮਹਿੰਗਾਈ ਰਾਹਤ ਦੀਆਂ ਕਿਸ਼ਤਾਂ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੋਮਵਾਰ ਨੂੰ ਹਾਈ ਕੋਰਟ ਨੇ ਸੁਪਰੀਮ ਕੋਰਟ 'ਚ ਅਪੀਲ ਦੀ ਸਥਿਤੀ ਨੂੰ ਲੈ ਕੇ ਪੰਜਾਬ ਸਰਕਾਰ ਦੇ ਰਵੱਈਏ 'ਤੇ ਸਖ਼ਤ ਟਿੱਪਣੀ ਕਰਦਿਆਂ ਉਸ ਦੇ "ਲੁਕਣ-ਛਿਪਣ"ਵਾਲੇ ਰਵੱਈਏ 'ਤੇ ਨਾਰਾਜ਼ਗੀ ਜਤਾਈ ਸੀ। ਹੁਣ ਸੁਪਰੀਮ ਕੋਰਟ ਰਜਿਸਟਰੀ ਦੀ ਰਿਪੋਰਟ ਤੋਂ ਬਾਅਦ ਮੁੱਖ ਸਕੱਤਰ ਨੂੰ ਅਪਰਾਧਿਕ ਉਲੰਘਣਾ ਦੀ ਸੰਭਾਵੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ।